ਨਾਰ ਨਵੇਲੀ

ਤੇ

ਗ੍ਰਹਿਸਤਾਸ਼੍ਰਮ

—:ਲੇਖਕ:—

ਬਾਵਾ ਬੁਧ ਸਿੰਘ

ਕਰਤਾ—ਹੰਸ ਚੋਗ, ਕੋਇਲਕੂ, ਬੰਬੀਹਾ ਬੋਲ,
ਪ੍ਰੀਤਮ ਛੋਹ, ਮੁੰਦ੍ਰੀ ਛਲ ਨਾਟਕ ਆਦਿਕ

—ਦਸੰਬਰ ੧੯੨੮—

ਮਿਲਨ ਦਾ ਪਤਾ:—

ਫੁਲਵਾੜੀ ਏਜੰਸੀ

ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

(ਕੋ: ਟਾ:)"ਫੁਲਵਾੜੀ ਪ੍ਰੈਸ" ਅੰਮ੍ਰਿਤਸਰ ਵਿਚ
ਗਿਆਨੀ ਗੁਰਦਿਤ ਸਿੰਘ ਜੀ ਮੈਨੇਜਰ ਤੇ ਪ੍ਰਿੰਟਰ ਦੇ
ਯਤਨ ਨਾਲ ਛਪਿਆ॥

ਪਹਿਲੀ ਵਾਰ ੧੦੦੦ ਮੁਲ ੧॥)

ਨਿਰਮਾਨ ਭੇਟਾ

ਭਾਰਤ ਦੀ

ਪਵਿਤ੍ਰ, ਸੀਲ ਸੰਤੋਖ ਵਾਲੀ, ਪਤੀ ਭਗਤ

—:ਤੇ:—

ਉੱਚ ਇਸਤ੍ਰੀ

— ਦੀ —

ਸੇਵਾ ਵਿਚ

ਸਫ਼ਾ	ਸਤਰ	ਅਸ਼ੁਧ	ਸ਼ੁਧ
੮੫	੨੨	ਬਟਾ	ਬੂਟਾ
੮੫	੨੬	Dowsy	Dowry
੮੭	੧	ਗ੍ਰਿਹਸਤਾਸ਼੍ਰਮ ਦਾ...	ਇਹ ਸਤਰ ਨਹੀਂ ਚਾਹੀਦੀ

ਨਾਰ ਨਵੇਲੀ

ਸਫ਼ਾ	ਸਤਰ	ਅਸ਼ੁਧ	ਸ਼ੁਧ
੨	੨੨	ਬਾਲ ਮੰਡੀ	ਬਾਲ ਮੌਡੀ
੩	੧	ਜ	ਜੇ
੫	੧੪	ਕਪੂਰ ਖਾਨ,	ਕਪੂਰ, ਖਾਨ,
੫	੨੭	ਠੀਕ ਫੇਰ	ਠੀਕ, ਫੇਰ
੬	੨੦	ਪ੍ਰਬੋਧ	ਪ੍ਰਬੰਧ
੧੧	੨੬	ੰਗ	ਮੰਗ
੧੪	੬	ਮਰ	ਮੇਰੇ
੧੭ / ੨੫		ਇਸ ਸਫ਼ੇ ਦਾ ਲੇਖ ਕਢ ਦੇਣਾ	
੪੭	੮	ਪਈ	ਪਵੇ
੪੭	੨੮	ਤੁਸੀ	ਤੁਸਾਂ
੭੧	੧੨	ਆਜ਼ਾਈਂ	ਅਜਾਈਂ
੭੨	੧੫	ਲਗਸ	ਲਗਸੀ

ਸ਼ੁਧੀ ਪੱਤ੍ਰ

ਸਫ਼ਾ	ਸਤਰ	ਅਸ਼ੁਧ	ਸ਼ੁਧ
		ਗ੍ਰਿਹਸਤਾਸ਼੍ਰਮ	
੧	੧੩	ਮਨੁੱਖ–ਵੀਹਵੀਂ	ਮਨੁਖ, ਵੀਹਵੀਂ
੫	੧੭	ਜਾਂ ਟਬਰ	ਜਾਂ ਕਿਸੇ ਹੋਰ ਟਬਰ
੮	੧੦	ਦੇ ਕਸੂਰ	ਦੇ ਕਸੂਰ ਛੱਜੀਂ ਛਟੀਂਦੇ ਸਨ
੧੪	੭	ਉਸਦੇ	ਉਸ ਨੂੰ
੨੭	੧੫	ਖੜ	ਖੜੇ
੩੦	੯	ਰਖਿਆ ਹੈ	ਹੈ,ਦਾ ਮੂਢ ਰਖਿਆ ਹੈ
੩੦	੧੮	ਪ ਸ਼	‘ਪਦੈਸ਼
੫੦	੨੩	ਆਖਿਆ	ਆਖਦਾ
੫੦	੨੫	ਅਰ	ਆ
੫੧	੩	ਸੰਸਕਾਰ	ਸਸਕਾਰ
੬੨	੨੨	ਦਾ ਕਦਰ। ਉਸਦਾ ਪਤੀ ਦਾ	ਦੀ ਕਦਰ ਉਸਦੇ ਪਤੀ ਦੀ
੬੯	੧੯	ੇਵੇ	ਦੇਵੇ
੭੦	੧੪	ਹਿਜਾ ਇਸਤ੍ਰੀ	ਹਿਜੋਂ–ਇਹ ਇਸਤ੍ਰੀ
੭੬	੨	maine	Maine
੭੯	੧੩	ਕਥਨਾਨੁਸਾਰ	ਕਥਨ ਅਨੁਸਾਰ
੭੯	੨੬	ਰਤ	ਸ਼ਰਤ

A FOREWORD

BY

HON'BLE SARDAR JOGINDRA SINGH, M. L. C.,
MINISTER FOR AGRICULTURE,
PUNJAB.

I have always enjoyed the writings of Bawa Budh Singh particularly his selections and when he asked me to write a foreword to his "play" I agreed readily, for the problems of his play are of perennial interest.

Times change and men with them and there can be no question that the desire to find equality and full partnership are the basis of modern ideas on marriage. The ideal itself will for ever retain its attractiveness and if men fail to realize it, the failure is not with the ideal but with the men themselves. so long as marriage was determined by parents, it indicated a state of minority and it was inevitable that loves coming of age should herald far-reaching changes.

The modern marriage will be a problem daily renewed, to be solved only by him who practices rigid self-discipline. Two ways are open to active personality, either to merge the personality in the other or refrain from entering into a partnership which can only rest on self denial, suffering is inevitable till individual has mastered his own destiny.

Marriage is a form of life. Free choice in marriage depends on wisdom and ability to select the most complementary type so that two together may overcome servitude of instinct and rise superior to the difficulties which one of the two could not cope with alone.

Human beings, in fact, every atom in this universe is seeking unity; but in its search the asserting ego desires to receive rather than to surrender and without surrender the joy of love never enters the heart of man or woman. Marriage is the most wonderful institution where a hungering self is compelled to give, and is cheated into selflessness. The danger in modern life is not in the deterioration of the ideal of marriage but more in the men becoming selfish and servant to the instinct, which in olden times marriage was meant to overcome.

The economic pressure must become more and more unbearable when a poor country is linked with a rich country, and the modernisation of an ancient civilisation is now leading to a social upheaval. It is impossible to turn the tide of new movement. Its roots are in the past and it is given to no man or nation to change the results which have their foundations in the past and govern the present and mould the future. We may bemoan the changes. We may even visualise the disrupting influences which are at work, but the tide has been set in motion by the seeds of the actions of innumerable men and women who set their hands to the birth of a new civilisation and the present and the future generations must gather the harvest.

I must congratulate the Bawa Sahib in taking up this eternal problem but it is a problem which will survive as long as human society survives.

ਮੁਖ ਬੰਦ

ਵਲੋਂ

ਔਨਰੇਬਲ ਸ੍ਰਦਾਰ ਜੋਗਿੰਦਰ ਸਿੰਘ ਜੀ
ਵਜ਼ੀਰ ਖੇਤੀ ਬਾੜੀ

ਬਾਵਾ ਬੁਧਸਿੰਘ ਜੀ ਦੀਆਂ ਲਿਖੀਆਂ ਕਿਤਾਬਾਂ, ਤੇ ਖਾਸ ਕਰਕੇ ਉਹਨਾਂ ਦੀਆਂ ਕਾਵਜ-ਚੋਣਾਂ ਨੂੰ ਮੈਂ ਹਮੇਸ਼ਾਂ ਪੜ੍ਹਕੇ ਅਨੰਦ ਲੈਂਦਾ ਸਾਂ। ਏਸੇ ਕਰਕੇ ਜਦ ਉਹਨਾਂ ਨੇ ਮੈਨੂੰ ਆਪਣੇ ਨਵੇਂ ਨਾਟਕ ਦਾ ਮੁਖ-ਬੰਦ ਲਿਖਨ ਲਈ ਆਖਿਆ, ਤਾਂ ਮੈ ਝਟ ਖੁਸ਼ੀ ਨਾਲ, ਜਿਨਾਂ ਕੁ ਮੈਨੂੰ ਇਸ ਵਿਸ਼ੇ ਦੀ ਸੋਝ ਹੈ, ਲਿਖਨਾ ਪ੍ਰਵਾਨ ਕੀਤਾ। ਬਾਵਾ ਜੀ ਨੇ ਆਪਣੇ ਨਾਟਕ ਵਿਚ ਹਰ ਸਮਿਆਂ ਦੇ ਸਭ ਤੋਂ ਵਧੀਕ ਜ਼ਰੂਰੀ ਸਵਾਲ ਤੇ ਕਲਮ ਉਠਾਈ ਹੈ।

ਸਮੇ ਬਦਲਦੇ ਰਹਿੰਦੇ ਹਨ ਤੇ ਨਾਲ ਈ ਮਨੁੱਖ।ਪਰ ਇਹ ਗਲਪੁੱਛਨ ਗੋਚਰੀ ਨਹੀਂ,ਕਿ ਅਜ ਕਲ ਦੇ ਗ੍ਰਿਹਸਤ ਆਸ਼ਰਮ ਦੀ ਨੀਂਹ, ਤੀਵੀਂ ਮਰਦ ਦੀ ਹਰ ਗਲ ਵਿਚ ਬਰੋਬਰੀ ਤੇ ਪੂਰੀ ਸਾਂਝ ਤੇ ਈ ਰਖੀ ਜਾ ਸਕਦੀ ਹੈ। ਇਸ ਆਦ੍ਰਸ਼ ਦੀ ਅਟੱਲਤਾ ਨੂੰ ਕਦੀ ਵੀ ਕੋਈ ਨਹੀਂ ਵੰਗਾਰ ਸਕਦਾ। ਜੇ ਮਾਨੁੱਖ ਇਸ ਆਦ੍ਰਸ਼ ਨੂੰ ਨਾ ਜਾਨਣ ਤਾਂ ਕਸੂਰ ਮਾਨੁੱਖਾਂ ਦਾ ਹੈ,ਨਾਕਿ ਆਦ੍ਰਸ਼ ਦਾ। ਜਦੋਂ ਵਿਆਹ ਲਈ ਚੋਣ ਮਾਪੇ ਕਰਦੇ ਸਨ, ਓਦੋਂ ਅੰਞਾਨ ਸਮੇ ਸਨ, ਤੇ ਇਹ ਜ਼ਰੂਰੀ ਸੀ ਕਿ ਮਹੱਬਤਾਂ ਜਵਾਨ ਹੋਕੇ ਦੂਰ ਪੁਜਨ ਵਾਲੀਆਂ ਤਬਦੀਲੀਆਂ ਦਾ ਮੁੱਢ ਬਨ੍ਹਣ।

ਅਜ ਕਲ ਦਾ ਵਿਆਹ ਇਕ ਸਵਾਲ ਹੋਸੀ,ਜੋ ਹਰ ਰੋਜ਼ ਨਵਾਂ ਈ ਦਿਸਸੀ। ਪਰ ਇਸ ਦਾ ਹੱਲ ਉਹੀ ਲੋਕ ਕਰ ਸਕਨਗੇ ਜਿਹੜੇ ਅਪਣੇ ਆਪ ਤੇ ਕਰੜੀ ਮਨਜੀਤ ਸਾਧਨਾਂ ਵਰਤਨਗੇ। ਇਕ ਸੁਰਜੀਤ ਮਾਨੁਖ ਲਈ ਦੋ ਈ ਰਾਹ ਖੁਲ੍ਹੇ ਹੋਸਨ; ਜਾਂ ਤੇ ਉਹ

ਅਪਨੀ ਆਪਾਂ ਨੂੰ ਮੂਲੋਂ ਈ ਦੂਏ ਵਿਚ ਗਵਾ ਦੇਵੇ,ਤੇ ਜਾਂ ਅਜਿਹੀ ਸਾਂਝ ਵਿਚ ਪਵੇ ਈ ਨਾ,ਜਿਸਦਾ ਨਿਰਭਰ ਸਿਰਫ਼ਆਪਾਂ ਗਵਾਉਣ ਤੇ ਈ ਹੈ। ਤੇ ਜਿਸ ਸਾਂਝ ਤੋਂ ਇਸ ਬਦਲਦੀ ਹਾਲਤ ਵਿੱਚ ਓਦੋਂ ਤਕ ਦੁਖ ਦਾ ਹੋਣਾ ਜ਼ਰੂਰੀ ਹੈ, ਜਦੋਂ ਤਕ ਕਿ ਮਾਨੁੱਖ ਅਪਨੀ ਪ੍ਰਾਲੱਬਦ ਦਾ ਆਪ ਮਾਲਕ ਨਾ ਬਨ ਜਾਵੇ।

ਵਿਆਹ ਜੀਵਨ ਦਾ ਇਕ ਰੂਪ ਹੈ। ਵਿਆਹ ਦੀ ਖੁਸ਼ੀ ਤੇ ਨਸੰਗ ਚੋਣ ਦਾ ਨਿਰਭਰ ਹੈ, ਸਭ ਤੋਂ ਵਧੀਕ ਸੰਪੂਰਨ ਕਰਨ ਵਾਲੇ ਸਾਥੀ ਦੇ ਲਭਨ ਵਿਚ ਦਾਨਾਈ ਤੇ ਲਿਆਕਤ ਵਰਤਨ ਤੇ। ਜਿਸ ਸਾਥੀ ਦੇ ਮਿਲਨ ਨਾਲ ਦੋਵੇਂ ਧਿਰਾਂ ਮਿਲ ਕੇ ਸੁਭੌਂ ਦੀ ਚਾਕਰੀ ਤੋਂ ਛੁਟ ਜਾਨ ਅਰ ਉਹਨਾਂ ਔਕੜਾਂ ਚੋਂ ਨਿਕਲ ਜਾਨ ਜਿਨ੍ਹਾਂ ਵਿਚੋਂ ਇਕੱਲਿਆਂ ਇਕੱਲਿਆਂ ਨਿਕਲਨਾ ਔਖਾ ਸੀ।

ਹਰ ਮਾਨੁੱਖ, ਹਾਂ ਜੀ, ਇਸ ਸ੍ਰਿਸ਼ਟੀ ਦਾ ਹਰ ਇਕ ਕਿਣਕਾ, ਇਕ ਮਈ ਮੇਲ ਦੀ ਟੋਲ ਵਿਚ ਹੈ। ਪਰ ਇਸ ਟੋਲ ਭਾਲ ਵਿਚ ਇਕ ਜੋਰਾਵਰ ਆਪਾਂ ਸਿਰਫ ਲੈਣਾ ਈ ਚਾਹੁੰਦੀ ਹੈ, ਅਪਨਾ ਆਪ ਗਵਾਨਾ ਨਹੀਂ ਚਾਹੁੰਦੀ।ਪਰ ਆਪਾ ਗਵਾਏ ਬਿਨਾਂ ਪ੍ਰੀਤ ਦਾ ਅਨੰਦ ਦਿਲ ਵਿਚ ਵਾਸ ਨਹੀਂ ਕਰਦਾ।ਵਿਆਹ ਇਕ ਅਜਿਹਾ ਅਚਰਜ ਆਸ਼੍ਰਮ ਹੈ ਜਿਸ ਵਿਚ ਭੁਖੀ ਆਪਾਂ ਨੂੰ ਜ਼ੋਰੀ ਦੇਣਾ ਈ ਪੈਂਦਾ ਹੈ ਤੇ ਨਾਲ ਈ ਇਹ ਆਪਾਂ "ਬੇ ਖੁਦੀ" ਦੇ ਧੋਖੇ ਵਿਚ ਮੋਹੀ ਜਾਂਦੀ ਹੈ। ਅਜ ਕਲ ਦੇ ਜੀਵਨ ਵਿਚ ਸਾਡੇ ਵਿਆਹ ਦੇ ਆਦੁਸ਼ ਦੇ ਹਿਠਾਹਾਂ ਜਾਣ ਦਾ ਤਾਂ ਐਨਾ ਭੈ ਨਹੀਂ ਜਿੰਨਾਂ ਕਿ ਮਨੁੱਖਾਂਦਾ ਖ਼ੁਦਗਰਜ਼ ਤੇ ਸੁਭੌਂ ਦੇ ਚਾਕਰ ਹੋ ਜਾਨਦਾ ਹੈ।ਅਰਇਨ੍ਹਾਂ ਹੀ ਔਗਣਾਂ ਨੂੰ ਪੁਰਾਣੇ ਸਮਿਆਂ ਦੇ ਵਿਆਹ ਰੋਕਦੇ ਸਨ।

ਮੈਂ ਬਾਵਾ ਸਾਹਿਬ ਨੂੰ ਵਧਾਈ ਦਿਤੇ ਬਿਨਾਂ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਇਸ ਨਿਤ ਦੇ ਸਵਾਲ ਦੇ ਜੁਆਬ ਦਾ ਜਤਨ ਕੀਤਾ। ਪਰ ਇਹ ਇਕ ਅਟੱਲ ਸੁਵਾਲ ਹੈ ਜੇਹੜਾ ਉੱਨਾਂ ਚਿਰ ਤਕ ਜੀਉਂਦਾ ਰਹੇਗਾ ਜਿੱਨੇ ਚਿਰ ਤਕ ਮਨੁੱਖੀ ਕੱਠ ਵਿਚ ਜਾਨ ਹੈ ॥

ਸੰਜਮੀ ਭਾਰ, ਜਿਹੜਾ ਉਸ ਵੇਲੇ ਵਧ ਤੋਂ ਵਧ ਭਾਸਨ ਲਗ ਜਾਂਦਾ ਹੈ, **ਜਦੋਂ ਇਕ ਗ਼ਰੀਬ ਦੇਸ ਦਾ ਜੋੜ ਇਕ ਅਮੀਰ ਦੇਸ ਨਾਲ ਹੋ ਜਾਂਦਾ ਹੈ,** ਤੇ ਉਹ ਸਮਾਜਕ ਤਰਥੱਲੀ, ਜਿਹੜੀ ਇਕ ਪੁਰਾਨੀ ਸਭਜਤਾ ਨੂੰ ਨਵਾਂ ਬਨਾਣ ਦੇ ਪਿਛੋਂ ਹੁੰਦੀ ਹੈ, ਵੀ ਜ਼ਰੂਰ ਤੇ ਅਟੱਲ ਹੈ। "ਨਵੀਂ ਚਾਲ" ਦੇ ਹੜ੍ਹ ਨੂੰ ਡੱਕਾ ਪਾਨਾ ਅਣ-ਹੁੰਦਾ ਜਾਪਦਾ ਹੈ। ਇਸ ਦੀ ਜੜ੍ਹ ਹੋ ਗੁਜ਼ਰੇ ਸਮਿਆਂ ਵਿਚ ਹੈ, ਅਤੇ ਇਹ ਕਿਸੇ ਕੌਮ ਤੇ ਮਾਨੁੱਖ ਦੀ ਤਾਕਤ ਵਿਚ ਨਹੀਂ, ਜੋ ਉਹਨਾਂ ਸਿੱਟਿਆਂ ਨੂੰ ਵਟਾ ਸਕੇ, ਜਿਨ੍ਹਾਂ ਦੀ ਨੀਂਹ "ਪਿੱਛੇ" ਵਿਚ ਹੈ ਤੇ ਜਿਹੜੇ "ਹੁਣ" ਦੇ ਮਾਲਕ-ਹਾਕਮ, ਤੂੰ 'ਅਗੇ' ਦੇ ਘੜਣਹਾਰ ਹੈਨ। ਅਸੀਂ ਇਹਨਾਂ ਤਬਦੀਲੀਆਂ ਤੇ ਭਾਵੇਂ ਕਿੱਨੇ ਈ ਹੰਝੂ ਕੇਰੀਏ, ਅਤੇ ਸਮਾਜਕ ਲੜੀ ਤੋੜ ਜ਼ੋਰਾਂ ਦੇ ਬੁਰੇ ਸਿਟਿਆਂ ਦਾ ਨਕਸ਼ਾ ਅੱਖਾਂ ਅਗੇ ਵੀ ਖਿਚ ਲਈਏ, ਐਪਰ ਇਹ ਹੜ੍ਹ ਜਿਸ ਦਾ ਬੀਜ ਅਨੇਕ ਮਰਦਾਂ ਤੇ ਇਸਤ੍ਰੀਆਂ ਨੇ ਅਪਨੇ ਕਰਮਾਂ ਕਰਕੇ ਰਖਿਆ ਹੈ, ਹੁਣ ਵਗ ਟੁਰਿਆ ਹੈ। ਇਹਨਾਂ ਮਾਨੁੱਖਾਂ ਦਾ ਈ ਨਵੀਂ ਸਭਜਤਾ ਦੇ ਜੰਮਨ ਵਿਚ ਹਥ ਏ, ਅਰ ਇਸ ਦਾ ਫਲ ਹੁਣ ਦੀਆਂ ਹੈ ਅਗਲੀਆਂ ਪੁਸ਼ਤਾਂ ਚੱਖਣ ਗੀਆਂ।

੧ ੳ ਸਤਿਗੁਰਪ੍ਰਸਾਦਿ ॥

ਗ੍ਰਿਹਸਤ ਆਸ਼੍ਰਮ

ਇਹ ਗੱਲ ਤੇ ਸੂਰਜ ਵਾਂਗੂੰ ਰੌਸ਼ਨ ਹੈ ਕਿ ਅੱਜ ਕਲ ਪੱਛਮੀ ਦੁਨੀਆਂ ਦੇ ਗ੍ਰਿਹਸਤ ਆਸ਼੍ਰਮ ਵਿਚ ਇਕ ਤਰਥੱਲੀ ਮਚੀ ਹੋਈ ਹੈ। ਆਦਿ ਜਗਤ ਤੋਂ ਲੈ ਜਿਹੜਾ ਸਾਕ ਮਰਦ ਤੀਵੀਂ ਦਾ ਸੀ, ਉਹ ਹੁਣ ਟੁੱਟਨ ਵਾਲਾ ਹੈ। ਇਸਤ੍ਰੀ, ਮਰਦ ਦੇ ਮਾਤਹਿਤ ਹੋਕੇ ਰਹਿਣਾ ਨਹੀਂ ਚਾਹੁੰਦੀ। ਗ੍ਰਿਹਸਤ ਆਸ਼੍ਰਮ ਦੀ ਮਰਯਾਦਾ ਹੁਣ ਹੋਰ ਈ ਹੋਸੀ।ਅਸਲੀ ਆਸ਼ਾ ਗ੍ਰਿਹਸਤ ਦਾ ਹੁਣ ਅੱਖ ਉਹਲੇ ਹੋਗਿਆ। ਹੁਣ ਇਸਤ੍ਰੀ ਮਰਦ ਦਾ ਮੇਲ, ਸਿਰ ਜਿਸਮਾਨੀ ਖਾਹਸ਼ਾਂ ਨੂੰ ਪੂਰਾ ਤੇ ਅਨਦ ਹਾਸਲ ਕਰਨ ਲਈ ਹੈ। ਜਦ ਇਹ ਖਾਹਸ਼ ਪੂਰੀ ਹੋ ਗਈ ਤਾਂ ਮਰਦ-ਇਸਤ੍ਰੀ ਫੇਰ ਆਜ਼ਾਦ। ਮੁੜ ਓਹੀ ਜੰਗਲੀ ਪਸ਼ੂਆਂ ਦੀ ਆਜ਼ਾਦੀ। ਪਸ਼ੂ ਤੇ ਕਿਸੇ ਨਿਯਮ ਤੇ ਵੇਲੇ ਅਨੁਸਾਰ ਮਿਲਦੇ ਹਨ, ਪਰ ਮਨੁੱਖ-ਵੀਹਵੀਂ ਸਦੀ ਦੇ ਉੱਚੀ ਤਹਿਜ਼ੀਬ ਤੇ ਕਲਚਰ ਵਾਲੇ ਮਨੁਖ,ਜਦ ਚਾਹੁਣ ਮਿਲਣ, ਪਰ ਗ੍ਰਿਹਸਤ ਦੀ ਜ਼ਿਮੇਵਾਰੀ ਕੋਈ ਨਾਂਹ। ਅਵ ਤੇ ਬੱਚੇ ਹੋਣ ਹੀ ਨਾ, ਜੇ ਹੋਣ ਤਾਂ ਉਹਨਾਂ ਦੀ ਪਾਲਨਾ ਸਰਕਾਰ ਦੇ ਹਵਾਲੇ ਹੋਵੇ। ਇਹ ਜੇ ਅੱਜ ਕਲ ਦੇ ਪਛਮੀ ਖ਼ਿਆਲਾਂ ਦਾ ਨਿਚੋੜ। ਅਰ ਇਸ ਦਾ ਅਸਰ, ਪੱਛਮੀ ਹਕੂਮਤ ਅਰ ਉਸਦੀ ਪਿਛਲੱਗ ਕਲਚਰ ਦੇ ਜ਼ੋਰ ਕਰਕੇ,ਪੂਰਬੀ ਸਭਯਤਾ(ਤਹਿਜ਼ੀਬ) ਉਤੇ ਜ਼ਰੂਰ ਹੋਣਾ ਏ। ਇਹ ਅਸਰ ਚੰਗਾ ਹੋਸੀ ਜਾਂ ਬੁਰਾ? ਇਸਦੀ ਪੜਤਾਲ ਕਰਨੀ ਹੈ। ਇਸ ਪੱਛਮੀ ਜਾਂ ਨਵੇਂ ਰੌਸ਼ਨੀ ਦੇ ਲਸ਼ਕਾਰੇ ਦੇ ਚੁੰਨ੍ਹਿਆਂ ਕਰ ਦੇਣ ਵਾਲੇ ਅਸਰ ਨੂੰ ਚੰਗੀ ਤਰਾਂ ਜਾਣਨ ਲਈ ਜ਼ਰੂਰੀ ਹੈ ਕਿ ਮਰਦ ਇਸਤ੍ਰੀ ਦੇ ਸਾਕ ਨੂੰ ਪਛਮੀ ਦ੍ਰਿਸ਼ਟਿ-ਕੋਣ ਤੋਂ ਡਿੱਠਾ ਜਾਏ। ਅਰ ਇਸ ਦਫਤਰ ਨੂੰ ਫੋਲਦਿਆਂ ਸਾਨੂੰ ਕਈ ਅਜਿਹੇ ਵਰਕੇ ਵੀ ਪੜ੍ਹਨੇ ਪੈਣਗੇ ਜਿਨ੍ਹਾਂ ਦਾ ਅਖ ਗੋਚਰਾ ਕਰਣਾ ਸ਼ੈਦ ਹਿੰਦੀ ਖ਼ਿਆਲ ਕਰਕੇ ਠੀਕ ਨਾ ਹੋਵੇ। ਪਰ ਅਸਾਂ ਨੇ ਹੁਣ ਆਪਣੇ

ਖ਼ਿਆਲ ਪੜ੍ਹੇ-ਲਿਖੇ ਤੇ ਸਮਝਦਾਰ ਭੈਣਾਂ ਭਿਰਾਵਾਂ ਅਗੇ ਖੋਲ੍ਹਕੇ ਰਖਣੇ ਹਨ ਅਰ ਆਸ ਰਖਦੇ ਹਾਂ ਕਿ ਸਾਡੇ ਸਿਆਣੇ ਮਨੁਖ ਅਸਲੀ ਭਾਵ ਨੂੰ ਵੇਖਣਗੇ। ਉਨ੍ਹਾਂ ਪੁਰਾਣੇ ਖਿਆਲਾਂ ਵਾਲੇ ਨੁਕਤਾਚੀਨਾਂ ਦੀ, ਉਨ੍ਹਾਂ ਦੰਭੀ ਰੰਘਾ-ਕਾਰਾਂ ਦੀ ਹੁਣ ਰਤੀ ਵੀ ਪਰਵਾਹ ਨਹੀਂ, ਜਿਹੜੇ ਕਿ ਇਸਤ੍ਰੀ-ਮਰਦ ਦੇ ਪਿਆਰ ਜਾਂ ਸਾਕ ਦੇ ਵਿਸ਼ੇ ਤੇ ਵਿਚਾਰ ਕਰਨੋਂ ਤ੍ਰਿੱਬ੍ਹਕਦੇ ਹੈਨ। ਅਜਿਹੇ ਲੇਖਕ ਹੀ ਤ੍ਰੱਕੀ ਦੀ ਰੌ ਨੂੰ ਡੱਕਾ ਪਾਂਦੇ ਹਨ। ਨਰ-ਨਾਰੀ ਮਨ ਨੂੰ ਨਾ ਸਮਝਦੇ ਹੋਏ, ਜਾਂ ਸਮਝਕੇ, ਲੁਕਾਂਦੇ ਹੋਏ ਉਹ ਇਕ ਝੂਠੀ ਨੇਕ-ਚਲਨੀ ਦੇ ਸੁਫਨੇ ਵਿਚ ਹੀ ਸੁੱਤੇ ਆਨੰਦ ਲੈਂਦੇ ਹਨ। ਚੰਗਾ ਹੈ ਜੇ ਉਹ ਸੁੱਤੇ ਹੀ ਰਹਿਣ। ਨਵੇਂ ਜੀਵਨ ਤੋਂ ਭਰਪੂਰ ਮਨੁਖ, ਜੀਵਨ ਦੀਆਂ ਨਵੀਆਂ ਬੁਝਾਰਤਾਂ ਨੂੰ ਬੁਝਨ, ਤੇ ਦੇਸ ਨੂੰ ਤ੍ਰੱਕੀ ਦੀ ਦੌੜ ਵਿਚ ਅਗੇ ਕਰਨ।

੨

ਪੱਛਮੀ ਤੇ ਪੂਰਬੀ ਖਿਆਲ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਪੱਛਮੀ ਖਿਆਲ ਮੁਜਬ ਨਰ-ਨਾਰੀ ਦਾ ਸਾਕ ਇਕ ਜਿਸਮਾਨੀ ਜਾਂ (economic) ਸੰਕੋਚ ਵਰਤੋਂ ਦਾ ਸਾਕ ਹੈ, ਜਿਸ ਸਾਕ ਨੂੰ ਕੁਝ ਸ਼ਰਤਾਂ ਕਰਕੇ ਪੱਕਾ ਕੀਤਾ ਜਾਂਦਾ ਹੈ। ਪਰ ਪੂਰਬੀ ਜਾਂ ਪੁਰਾਤਨ ਹਿੰਦੀ ਖਿਆਲ ਇਸ ਤੋਂ ਉਲਟ ਹੈ। ਨਰ-ਨਾਰੀ ਦਾ ਸਬੰਧ ਇਕ ਰੂਹਾਨੀ ਸਾਕ ਸਮਝਿਆ ਜਾਂਦਾ ਹੈ,ਜਿਹੜਾ ਸਾਕ ਜਿਸਮਾਂ ਦੇ ਨਾਸਹੋਣ ਨਾਲ ਨਾਸ ਨਹੀਂ ਹੁੰਦਾ। ਅਸੀ ਇਸ ਪੂਰਬੀ ਖਿਆਲ ਵਿਚ ਪਲੇ ਪੋਸੇ,ਹਮੇਸ਼ ਪੱਛਮੀ ਖਿਆਲ ਨੂੰ ਚੰਗੀਤਰ੍ਹਾਂ ਸਮਝ ਨਹੀਂ ਸਕਦੇ। ਅਰ ਉਨ੍ਹਾਂ ਦੀ ਨਰ-ਨਾਰੀ ਵਰਤੋਂ ਨੂੰ, ਅਪਣੇ ਖਿਆਲ ਤੋਂ ਵਿਰੁਧ ਵੇਖ, ਬੇਹਯਾਈ, ਜਾਂ ਬਦਚਲਨੀ ਦਾ ਸਾਰਟੀਫ਼ੇਕੇਟ ਦੇ ਦਿੰਦੇ ਹਾਂ। ਇਸੇਤਰ੍ਹਾਂ ਪੱਛਮੀ ਲੋਕ ਸਾਡੀ ਵਰਤੋਂ ਨੂੰ ਅਪਣੇ ਖੁਲ੍ਹੇ ਅਤੇ ਆਜ਼ਾਦ ਚਲਨ ਤੋਂ ਅਡ ਵੇਖ, ਸਾਨੂੰ ਪਸ਼ੂ ਸਮਾਨ ਜਾਂ ਨੀਵੀਂ ਤਹਿਜ਼ੀਬ ਦੇ ਮਾਨੁਖ ਸਮਝਦੇ ਹਨ। ਕੌਣ ਸਚਾ?

ਹੋਇਆ। ਜਿੰਨਾਂ ਚਿਰ ਇਹ ਰੀਫ਼ਾਰਮ ਨਾ ਹੋਵੇ, ਸੁਦੇਸ਼ੀ ਵਲ ਧਿਆਨ ਤੇ ਫ਼ੈਸ਼ਨ ਤੋਂ ਨਫ਼ਰਤ; ਤਦ ਤਕ ਦੇਸ ਦਾ ਉਧਾਰ ਵੀ ਔਖਾ।

ਕੁਦਰਤ ਦੇ ਅਸੂਲ ਮੂਜਬ ਤਾਂ ਬਾਲਾਂ ਲਈ ਮਾਵਾਂ ਦੇ ਥਣਾਂ ਦਾ ਦੁੱਧ ਈ ਧਰਮ ਹੈ। ਤਦੇ ਤੇ ਰਬ ਨੇ ਥਣਾਂ ਵਿਚ ਦੁੱਧ ਪਾਇਆ। ਪਰ ਹੁਣ ਨਵੀਆਂ ਕੁੜੀਆਂ ਵਿਚ ਇਸ ਦੇ ਉਲਟ ਰੀਤ ਪੈਂਦੀ ਜਾਂਦੀ ਹੈ। ਪੁਜਦੇ ਵਾਲੀਆਂ ਤੇ ਬਾਲਾਂ ਨੂੰ ਜੰਮਕੇ ਫੇਰ ਕੁੱਛੜ ਵੀ ਨਹੀਂ ਲੈਂਦੀਆਂ। ਬਸ ਉਨ੍ਹਾਂ ਨੇ ਤੇ ਜੰਮਕੇ ਈ ਆਪਣਾ ਧਰਮ ਪੂਰਾ ਕੀਤਾ। ਪੁਜਦੇ ਵਾਲੀਆਂ ਦੀ ਤੇ ਸਰ ਗਈ ਪਰ ਦੂਜੀਆਂ ਨੂੰ ਵਖਤ। ਇਸ ਰਿਵਾਜ ਦਾ ਕਾਰਨ ਵੀ ਫ਼ੈਸ਼ਨ ਤੇ ਆਪਣੇ ਜੋਬਨ ਦੀ ਰਖਿਆ ਹੈ। ਇਸ ਜੋਬਨ-ਰਖਿਆ ਦੀ ਲੋੜ ਵੀ ਤਦ ਈ ਪਈ, ਜਦ ਕਿ ਇਸਤ੍ਰੀ-ਜੀਵਨ ਕੁਦਰਤ ਦੇ ਨੇਮਾਂ ਅਨੁਸਾਰ ਨਾ ਰਿਹਾ।

ਹਿਜ਼ਾ ਇਸਤ੍ਰੀ ਲਈ ਇਕ ਸ਼ਿੰਗਾਰ ਹੈ। ਇਸ ਦਾ ਅਰਥ ਪਰਦਾ ਨਹੀਂ। ਨਾ ਈ ਇਹ ਕਿ ਕਿਸੇ ਨਾਲ ਗਲ ਬਾਤ ਨਾ ਕਰੇ। ਪਰ ਇਹ ਸਭ ਗੱਲਾਂ ਹੁੰਦਿਆਂ ਵੀ, ਹਿਜ਼ਾ ਅੱਖਾਂ ਵਿਚ, ਇਸਤ੍ਰੀ ਦੀ ਹਰ ਹਰਕਤ ਵਿਚ, ਹਰ ਗਲ ਵਿਚ, ਪਰਗਟ ਹੁੰਦਾ ਹੈ। ਵੇਦਾਂ ਦੀ ਸਿਖਿਆ ਇਹੀ ਹੈ:-

"ਇਸਤ੍ਰੀਆਂ ਨੂੰ ਹਮੇਸ਼ ਲੋਕਾਂ ਵਿਚ ਨੀਵੀਂ ਨਜ਼ਰ ਰਖਣੀ ਚਾਹੀਏ। ਆਪਣੇ ਅੰਗਾਂ ਨੂੰ ਕਪੜੇ ਨਾਲ ਢਕਿਆ ਰਖਣਾ ਚਾਹੀਏ। ਅਰ ਟੁਰਨ ਵੇਲੇ ਪੈਰਾਂ ਦਾ ਖੜਾਕ ਨਹੀਂ ਕਰਨਾਂ ਚਾਹੀਏ।"(ਰਿਗਵੇਦ ੮-੩੩, ੧੯)

ਆਪਣੇ ਪਤੀ ਨਾਲ ਤੇ ਇਸਤ੍ਰੀ ਖੁੱਲ੍ਹ ਵਰਤੇ, ਆਪਣੀਆਂ ਸਹੇਲੀਆਂ ਤੇ ਸਨਮੁਖਾਂ ਨਾਲ ਹਾਸੀ-ਬਿਲਾਸ ਕਰੇ। ਪਰ ਪਬਲਿਕ ਵਿਚ ਹਿਜ਼ਾ। ਪ੍ਰਾਏ ਮਰਦਾਂ ਨਾਲ ਖੁਲ੍ਹਕੇ ਹਸਨਾ, ਬਿਲਾਸ ਕਰਨਾ, ਖਾਸ ਕਰਕੇ ਆਪਣੇ ਪਤੀ ਤੋਂ ਵਖਰੇ ਹੋਕੇ। ਜਾਂ ਆਪਣੇ ਪਤੀ ਦੇ ਬਿਨਾਂ ਹੋਟਲਾਂ, ਜਲਸਿਆਂ ਵਿਚ ਜਾਣਾ। ਜਾਣਾਂ ਈ ਨਹੀਂ, ਐਪਰ ਮਹਿਫ਼ਲਾਂ ਵਿਚ

ਖੁਲ੍ਹ ਖਾਣਾ ਪੀਣਾ; ਪ੍ਰਾਏ ਮਰਦਾਂ ਨਾਲ ਨਚਣਾਂ, ਇਹ ਸਭ ਗੱਲਾਂ ਪਛਮੀਂ ਆਜ਼ਾਦ ਮੁਲਕਾਂ ਵਿਚ ਸ਼ੋਭਾ ਦਿੰਦੀਆਂ ਹੋਣ ਤਾਂ ਦੇਣ । ਪਰ ਸਾਡੇ ਦੇਸ ਦੀ ਸਭ੍ਯਤਾ ਦੇ ਵਿਰੁਧ ਹਨ। ਇਹ ਗਲ ਵਖਰੀ ਹੈ, ਕਿ ਸਾਡੇ ਪੜ੍ਹੇ ਲਿਖੇ, ਪਛਮੀ ਸਭ੍ਯਤਾ ਨੂੰ ਈ ਆਪਣਾ ਆਦ੍ਰਸ਼ ਬਨਾਣਾ ਚਾਹੁੰਣ । ਪਰ ਇਸ ਰਾਹ ਵਿਚ ਟਿੱਬੇ ਟੋਏ ਢੇਰ ਹੈਨ । ਸਾਡਾ ਜੀਵਨ ਤੇ ਪੁਰਾਣੇ ਨੇਮਾਂ ਤੇ ਈ ਹੋਣਾ ਚਾਹੀਏ । "ਸਾਦਾ ਜੀਵਨ ਤੇ ਉੱਚੀ ਸੋਚ"। ਇਹੀ ਸਾਡੇ ਦੇਸ ਦੀ ਵੱਡੀ ਲੋੜ ਹੈ । ਅਰ ਇਸ ਵਿਚ ਈ ਸਾਡੀ ਆਜ਼ਾਦੀ ਦੀ ਕੁੰਜੀ ਹੈ ।

ਇਨ੍ਹਾਂ ਸਿੱਟਿਆਂ ਤੇ ਪੁੱਜਣ ਲਈ ਜ਼ਰੂਰੀ ਹੈ, ਕਿ ਅਸੀ ਇਸਤ੍ਰੀ ਵਿਦਯਾ ਦੀ ਵਿਉਂਤ ਨੂੰ ਬਦਲੀਏ । ਪੱਛਮੀ ਦੇਸਾਂ ਨਾਲੋਂ ਸਾਡੀਆਂ ਲੋੜਾਂ ਵਖਰੀਆਂ ਹੈਨ । ਉੱਥੇ ਤੇ ਇਸਤ੍ਰੀਆਂ ਦੀ ਗਿਣਤੀ ਵਧੀਕ ਹੋਣ ਕਰਕੇ ਉਨ੍ਹਾਂ ਨੂੰ ਆਪਣੀ ਪੇਟ-ਪਾਲਣਾਂ ਲਈ ਵਖਰੀ ਮਜੂਰੀ ਕਰਨੀ ਪੈਂਦਾ ਹੈ । ਇਸ ਕਰਕੇ ਮਰਦਾਂ ਦਾ ਮੁਕਾਬਲਾ ਉਨ੍ਹਾਂ ਨੂੰ ਹਰ ਮੈਦਾਨੇ ਕਰਨਾ ਪੈਂਦਾ ਹੈ । ਜਦ ਰੋਜੀ ਵਖ ਕਮਾਈ, ਤਾਂ ਉਹ ਮਰਦਾਂ ਦੀਆਂ ਕਲੌਤੀਆਂ ਹੋਕੇ ਘਰਾਂ ਵਿਚ ਰਹਿਣਾ ਨਹੀਂ ਚਾਹੁੰਦੀਆਂ । ਇਸੇ ਕਰਕੇ ਨਵੀਂ ਸੋਸ਼ਿਲ ਵਿਉਂਤ, ਜਿਸਦਾ ਵੇਰਵਾ ਪਹਿਲੇ ਭਾਗ ਵਿਚ ਦਸ ਆਏ ਹਾਂ, ਦੀ ਲੋੜ ਪਈ। ਪਰ ਸਾਡੇ ਦੇਸ ਵਿਚ ਇਸਤ੍ਰੀਆਂ ਦੀ ਗਿਣਤੀ ਘਟ ਹੈ, ਅਰ ਗ੍ਰਿਹਸਤਾਸ਼੍ਰਮ ਵਿਚ ਇਸਤ੍ਰੀ ਨੂੰ ਘਰ ਦੀ ਮਿਹਨਤ ਤੋਂ ਛੁਟ ਬਾਹਰ ਮਰਦਾਂ ਵਾਂਗੂ ਵਖਕਮਾਈ ਦੀਲੋੜ ਨਹੀਂ। ਹਾਂ, ਗਰੀਬ ਲਕਾਂ ਵਿਚ ਤੀਵੀਂ ਮਰਦ ਰਲਕੇ ਕੰਮ ਕਰਦੇ ਨੇਂ, ਪਰ ਟਬਰ ਦੇ ਟਬਰ । ਗ੍ਰਿਹਸਤਾਸ਼੍ਰਮ ਤੋਂ ਵਖ ਨਹੀਂ । ਬੇਸ਼ਕ ਕੁਝ ਇਸਤ੍ਰੀਆਂ ਉੱਚੀ ਤਾਲੀਮ ਪਾਕੇ ਡਾਕਦਾਰਨੀਆਂ, ਉਸਤਾਦਨੀਆਂ ਬਣਨ, ਪਰ ਮਰਦਾਂ ਨਾਲ ਇਨ੍ਹਾਂ ਦਾ ਮੁਕਾਬਲਾ ਨਹੀਂ । ਜੇ ਇਸਤ੍ਰੀ ਮਰਦ ਅਡ ਕਮਾਈ ਕਰਨ ਤਾਂ ਗ੍ਰਿਹਸਤਾਸ਼੍ਰਮ ਦੇ ਸੁਖ ਵਿਚ ਘਾਟਾ ਹੋਸੀ । ਕਿਉਂਕਿ

ਜਦ ਇਸਤ੍ਰੀ ਤੇ ਮਰਦ ਦੋਵੇਂ ਨੌਕਰ ਹੋਵਣ, ਤੇ ਦੋਹਾਂ ਦਾ ਕੰਮ ਅੱਡ ਅੱਡ ਸ਼ਹਿਰਾਂ ਵਿਚ ਹੋਵੇ ਤਾਂ ਕਮਾਈ ਦਾ ਲਾਲਚ ਗ੍ਰਿਹਸਤ ਦੇ ਸੁਖ ਵਿਚ ਹਰਜ ਪਾਵੇਗਾ। ਫੇਰ ਸਾਰੀਆਂ ਹਾਲਤਾਂ ਵਿਚ ਤੇ ਇਸਤ੍ਰੀ ਨੂੰ ਵੱਖ ਈ ਰਹਿਣਾ ਪੈਂਦਾ ਹੈ। ਜਾਂ ਜੇ ਉਸਦਾ ਪਤੀ ਹੌਲਕਾ ਹੋਇਆ ਤਾਂ ਇਸਤ੍ਰੀ ਦੇ ਘਰ ਰਿਹਾ। ਡਾਕਦਾਰਨੀਆਂ ਉਮਰ ਭਰ ਮਿੱਸਾਂ ਈ ਅਖਾਉਂਦੀਆਂ ਨੇਂ। ਜੇ ਫੇਰ ਤਲੀਮ ਪਾ ਕੇ ਗ੍ਰਿਹ-ਸਤ ਨੂੰ ਧੱਕਾ ਈ ਮਿਲਨਾਂ ਹੈ ਤਾਂ ਸਾਡੇ ਦੇਸ਼ ਲਈ ਏਹ ਸੋਭਦਾ ਨਹੀਂ। ਸਾਡੀ ਵਸੋਂ ਦੀ ਗਿਣਤੀ ਵਿਚ ਘਾਟ ਪੈਸੀ।

ਕੀ ਹਿੰਦੂ ਵਿਆਹ ਟੁੱਟ ਸਕਦਾ ਹੈ ?

ਇਹ ਮੁਸ਼ਕਲ ਸਵਾਲ, ਜਦ ਤੋਂ ਹਿੰਦੂ ਜਾਂ ਵੈਦਕ ਰੀਤੀ ਚਲੀ ਏ, ਧਰਮ-ਸ਼ਾਸਤ੍ਰ-ਕਾਰਾਂ ਤੇ ਕਾਨੂੰਨ ਬਨਾਉਣ ਵਾਲਿਆਂ ਲਈ ਇਕ ਗੁੰਝਲ ਈ ਰਿਹਾ ਹੈ। ਅਜ ਕਲ ਦੇ ਕਾਨੂੰਨ ਅਨੁਸਾਰ ਕੁਝ ਖਾਸ ਹਾਲਤਾਂ ਤੋਂ ਛੁਟ, ਹਿੰਦੂ ਵਿਆਹ ਨਹੀਂ ਟੁੱਟ ਸਕਦਾ; ਜੀਉਂਦੇ ਜੀ।

ਇਸਤ੍ਰੀ ਆਪਣੇ ਪਤੀ ਦੀ ਈ ਪਤਨੀ ਹੈ। ਚਾਹੇ ਪਤੀ ਘਰ ਵਸਾਏ ਜਾਂ ਨਾਂ। ਚਾਹੇ ਉਸਨੂੰ ਆਪਣੀ ਸੇਜੇ ਚੜ੍ਹਾਏ ਜਾਂ ਨਾਂ। ਵਿਚਾਰੀ ਇਕ ਵਾਰੀ ਵਿਆਹੀ, ਹਮੇਸ਼ ਲਈ ਵਿਕੀ। ਮੋਇਆਂ ਈ ਛੁਟਕਾਰਾ ਹੈ। ਇਸ ਕਰੜੇ ਸੰਬੰਧ ਦੇ ਕਈ ਨੁਕਸ ਹੈਨ। ਪਰ ਅੰਤ ਜ਼ੁਲਮ ਵਿਚਾਰੀ ਇਸਤ੍ਰੀ ਤੇ ਈ ਹੁੰਦਾ ਹੈ। ਹਿੰਦੂ ਵਿਆਹ ਸੌ ਵਿਚੋਂ ਨੱਵੇ ਅਜਿਹੇ ਹੁੰਦੇ ਹਨ ਜਿਸ ਵਿਚ ਪਤੀ-ਪਤਨੀ ਦੀ ਸੰਮਤੀ ਕਦੀ ਲੀਤੀ ਈ ਨਹੀਂ ਗਈ। ਜੋ ਕੁਝ ਕਰਨ ਮਾਪੇ। ਪਰ ਇਹ ਵਿਆਹ-ਬੰਧਨ ਜੋੜੀ ਲਈ ਜਨਮ-ਬੰਧਨ ਹੈ, ਜਿਸ ਤੋਂ ਹੇਠ ਲਿਖੇ ਦੋਸ਼ ਨਿਕਲਦੇ ਹਨ:--

(੧) ਪਤੀ ਪਤਨੀ ਦੀ ਮਜਾਜ ਤੇ ਵਿਦਯਕ ਸ਼ਿਖ਼ਸ਼ਾ ਦਾ ਆਪਸ ਵਿਚ ਨਾ ਮਿਲਣਾ। ਜਿਸ ਤੋਂ ਗ੍ਰਿਹਸਤ ਵਿਚ

ਸੁਖ ਨਾ ਹੋਣਾ।

(੨) ਪਤੀ ਪਤਨੀ ਦੀ ਉਮਰਾ ਦਾ ਫੇਰ ਫਰਕ, ਜੋ ਹਮੇਸ਼ਾਂ ਦੁਖ ਤੇ ਕਲੇਸ਼ ਦਾ ਕਾਰਨ।

(੩) ਪਤੀ ਦਾ ਪਾਗਲ, ਨਿਪੁੰਸਕ, ਬੀਮਾਰ ਹੋਣਾ ਤੇ ਗ੍ਰਹਿਸਤ ਦਾ ਉਜੜਨਾ।

(੪) ਪਤੀ ਦਾ ਆਪਣੀ ਇਸਤ੍ਰੀ ਨੂੰ ਛੱਡ ਦੇਣਾ, ਜਾਂ ਗੁੰਮ ਹੋ ਜਾਣਾ।

ਹੁਣ ਆਪਸ ਵਿਚ ਅਨਜੋੜ ਤੇ ਹੋ ਈ ਜਾਂਦੀ ਏ, ਪਰ ਪਤੀ ਨੂੰ ਮਨੂੰ-ਸਿਮ੍ਰਿਤੀ ਦੇ ਕਾਨੂੰਨ ਅਨੁਸਾਰ ਹਕ ਹਾਸਲ ਹੈ ਕਿ ਉਹ ਆਪਣੀ ਵਹੁਟੀ ਨੂੰ ਛਡਕੇ ਹੋਰ ਵਿਆਹ ਕਰ ਲਵੇ, ਜਾਂ ਇਕ ਤੋਂ ਵਧੀਕ ਇਸਤ੍ਰੀਆਂ ਨਾਲ ਵਿਆਹ ਕਰ ਲਵੇ। ਪਰ ਇਸਤ੍ਰੀ ਨੂੰ ਆਪਣੇ ਪਤੀ ਦੇ ਜ਼ੁਲਮ ਤੋਂ ਹਿੰਦੂ ਕਾਨੂੰਨ ਛੁਟਕਾਰਾ ਨਹੀਂ ਦੇਂਦਾ।

ਮਨੂੰ ਜੀ ਦਾ ਸ਼ਲੋਕ ੭੬ ਅਧਿਆਇ ੯ ਦੇ ਕਈ ਲੋਕ ਵਖੋ ਵਖ ਅਰਥ ਕਰਦੇ ਨੇਂ। ਔਰ ਕਈ ਇਸ ਨੂੰ ਵਿਆਹ ਦੇ ਟੁਟਣ ਦੀ ਆਗਿਆ ਸਮਝਦੇ ਨੇਂ। ਸਨਾਤਨੀ ਅਰਥ * (Jones) ਜੋਨਸ ਦੇ ਉਲਥੇ ਮੁਜਬ, ਇਹ ਹਨ—

"ਜੇ ਕਿਸੇ ਇਸਤ੍ਰੀ ਦਾ ਪਤੀ ਪ੍ਰਦੇਸ ਗਿਆ ਹੋਵੇ—
ਕਿਸੇ ਧਾਰਮਕ ਕੰਮ ਲਈ—ਤਾਂ ਅਠ ਵਰ੍ਹੇ।
ਕਿਸੇ ਵਿਦਯਾ ਯਾ ਇਜ਼ਤ ਦੇ ਕੰਮ ਲਈ—ਤਾਂ ਛੀ ਵਰ੍ਹੇ।
ਖੁਸ਼ੀ ਤੇ ਮੌਜ ਬਹਾਰ ਲਈ—ਤਾਂ ਤਿੰਨ ਵਰ੍ਹੇ।
ਉਸ ਦੇ ਪਿਛੋਂ ਉਸਦੀ ਪਤਨੀ ਉਡੀਕ ਕਰੇ, ਤੇ ਫੇਰ ਉਸਦੇ ਪਿਛੇ ਚਲੀ ਜਾਵੇ।"

ਸਵਾਮੀ ਦਿਆ ਨੰਦ ਜੀ ਸਤਿਆਰਥ-ਪ੍ਰਕਾਸ਼ ਵਿਚ ਲਿਖਦੇ ਹੈਨ, ਕਿ ਇਨ੍ਹਾਂ ਸਮਿਆਂ ਦੀ ਹਦ ਟਪਣ ਦੇ ਪਿਛੋਂ ਤੀਵੀਂ ਨਿਯੋਗ ਕਰ ਲਵੇ। ਪ੍ਰ ਅਜ ਕਲ੍ਹ ਦੇ ਰੀਫ਼ਾਰਮਰ

* The Manava-Dharma-Sastra ਮਨੂੰ ਦਾ ਧਰਮ ਸ਼ਾਸਤਰ ਉਲਥਾ ਕਾਰ ਸਰ ਵਿਲਜਮ ਜੋਨਜ਼ ਸਾਹਿਬ Sir William Jones.

ਇਸਦੇ ਅਰਥ ਕਰਦੇ ਹੈਨ, ਕਿ ਇਸਤ੍ਰੀ ਹੋਰ ਵਿਆਹ ਕਰ ਲਵੇ। ਪਰ ਇਹ ਮਨਕਲਪਤ ਅਰਥ ਹਨ।

ਫੇਰ ਵਿਆਹ ਟੁਟਣ ਦੇ ਹਕ ਵਿਚ ਮਨੂੰ ਜੀ ਦਾ ਪ੍ਰਮਾਣ ਦੀ ਦਿੰਦੇ ਹੋਏ,ਕਈ ਵਿਦਵਾਨ ਅਧਿਆਇ ੯ ਸ਼ਲੋਕ ੧੭੫, ੧੭੬ ਵਲ ਇਸ਼ਾਰਾ ਕਰਦੇ ਹਨ। ਪਰ ਏਥੇ ਵੀ ਅਰਥਾਂ ਨੂੰ ਆਪਣੇ ਆਸ਼ੇ ਵਲ ਖਿਚਣ ਦੀ ਕੋਸ਼ਸ਼ ਕਰਦੇ ਦਿਸਦੇ ਹੈਨ; ਜੋ ਮਨੂੰ ਦੇ ਸ਼ਲੋਕਾਂ ਤੋਂ ਸਿਧ ਨਹੀਂ ਹੁੰਦਾ।

ਸ਼ਲੋਕ ੧੭੫ ਤੇ ੧੭੬ ਇਹ ਹੈਨ (Sir William Jones) ਸਰ ਵਿਲਜਮ ਜੋਨਜ਼ ਦਾ ਉਲਥਾ।

੧੭੫--"ਜੇ ਕਿਸੇ ਛੁੱਟੜ ਜਾਂ ਵਿਧਵਾ ਇਸਤ੍ਰੀ ਨੇ ਦੂਜਾ ਪਤੀ ਆਪਣੀ ਮਰਜ਼ੀ ਨਾਲ ਕਰਕੇ, ਚਾਹੇ ਇਹ ਕਰਮ ਕਾਨੂੰਨ ਦੇ ਵਿਰੁਧ ਹੀ ਏ, ਸੰਤਾਨ ਜੰਮੀ ਹੋਵੇ, ਤਦ ਉਹ ਸੰਤਾਨ, ਦੋ ਵਾਰੀ ਵਿਆਹੀ ਇਸਤ੍ਰੀ ਦੀ ਹੀ ਸੰਤਾਨ ਅਖਾਉਂਦੀ ਹੈ।*

੧੭੬--"ਜੇ ਦੂਜਾ ਵਿਆਹ ਕਰਨ ਵੇਲੇ, ਤੀਵੀਂ ਕਵਾਰੀ ਹੀ ਹੋਵੇ, ਜਾਂ ਉਸਨੇ ਪਹਿਲਾ ਪਤੀ; ਜਵਾਨ ਹੋਣ ਤੋਂ ਪਹਿਲਾਂ ਹੀ ਛਡ ਦਿਤਾ ਹੋਵੇ; ਤੇ ਜਵਾਨ ਹੋਣ ਤੇ ਜੇ ਉਹ ਫੇਰ ਉਸ ਪਤੀ ਕੋਲ ਮੁੜ ਆਵੇ, ਤਾਂ ਉਹ ਸ੍ਰੀਮਤ ਚਾਹੇ ਦੂਜੇ ਪਤੀ ਨਾਲ, ਜਾਂ ਪਹਿਲੇ ਛੋਟੇ ਹੁੰਦਿਆਂ ਦੇ ਪਤੀ ਨਾਲ,ਜਿਸਨੂੰ ਉਸਨੇ ਛਡਿਆ ਸੀ, ਮੁੜ ਵਿਆਹ ਦੀ ਰੀਤੀਕਰੇ।"

ਇਸ ਸ਼ਲੋਕ ਦਾ ਉਲਥਾ ਇਕ ਬੰਗਾਲੀ ਮਹਾਸ਼ੇ (ਬਾਬੂ ਬਿਕ੍ਰਮ ਚੰਦਰ ਲਹਿਰੀ ਜੀ) ਇਸਤਰਾਂ ਕਰਦੇ ਹਨ:--

"ਜਦ ਕਿਸੇ ਇਸਤ੍ਰੀ ਨੂੰ ਉਸਦਾ ਪਤੀ ਛਡ ਦੇਵੇ, ਜਾਂ ਮਰ ਜਾਏ। ਜਾਂ ਉਹ ਆਪਣੀ ਮਰਜ਼ੀ ਨਾਲ ਕਿਸੇ ਹੋਰ ਮਰਦ ਨਾਲ ਵਿਆਹ ਕਰ ਲਵੇ, ਅਰ ਉਸ ਤੋਂ ਔਲਾਦ ਹੋਵੇ ਤਾਂ ਉਹ ਔਲਾਦ ਦੂਜੇ ਪਤੀ ਦੀ ਔਲਾਦ ਗਿਣੀ ਜਾਏਗੀ। ਜੇ ਉਹ ਤੀਵੀਂ ਪਵਿਤ੍ਰ ਹੋਵੇ ਤੇ ਦੂਏ ਮਰਦ ਕੋਲ ਜਾਵੇ ਤਾਂ ਉਹ ਮਰਦ ਉਸ ਨਾਲ

ਨੋਟ*ਸਾਫ਼ ਹੈ ਕਿ ਅਜਿਹਾ ਵਿਆਹ ਕਾਨੂੰਨ-ਹਿੰਦੂ ਕਾਨੂੰਨ ਦੇ ਵਿਰੁੱਧ ਹੈ।

ਵਿਆਹ ਕਰ ਲਵੇ। ਅਰ ਜੇ ਉਹ ਇਸ ਦੂਏ ਪਤੀ ਨੂੰ ਛਡ ਦੇਵੇ ਤੇ ਫੇਰ ਮੁੜਕੇ ਉਸ ਕੋਲ ਆ ਜਾਵੇ। ਤਾਂ ਇਹ ਦੂਜਾ ਪਤੀ ਉਸ ਨਾਲ ਫੇਰ ਵਿਆਹ ਕਰ ਲਵੇ।" ਇਹ ਅਰਥ ਕੁਝ ਢੁਕਦੇ ਨਹੀਂ। ਪਵਿਤ੍ਰ (chaste) ਦਾ ਅਰਥ ਇਹ ਹੈ, ਕਿ ਵਿਆਹ ਦੇ ਪਿਛੋਂ ਪਤੀ ਨਾਲ ਮੇਲ ਨਾ ਕੀਤਾ ਹੋਵੇ। ਜੋਨਜ਼ ਸਾਹਿਬ ਦੇ ਉਲਥੇ ਦਾ ਮਤਲਬ ਤੇ ਇਹ ਹੈ ਕਿ ਕਿਸੇ ਕੁੜੀ ਦਾ ਵਿਆਹ ਬਾਲਗ਼ ਹੋਣ ਤੋਂ ਪਹਿਲੇ ਹੋਇਆ ਹੋਵੇ (ਜੀਕਨ; ੮-੯ ਵਰ੍ਹੇ ਦੀ ਕੁੜੀ ਦਾ) ਤੇ ਉਸ ਕੁੜੀ ਨੇ ਵਿਆਹ ਪਿਛੋਂ ਪਤੀ ਨਾਲ ਮੇਲ ਨਾ ਕੀਤਾ ਹੋਵੇ, ਅਖਿਸ਼ਤ ਵੀਰਜ ਹੋਵੇ, ਤਦ ਉਹ ਫੇਰ ਪਤੀ ਧਾਰਨ ਕਰੇ ਤਾਂ ਮੁੜ ਵਿਆਹ ਦੀ ਰੀਤੀ ਪੂਰੀ ਕਰੇ। ਅਖਿਸ਼ਤ ਵੀਰਜ ਮਨੁੱਖ ਨੂੰ ਦੂਜੇ ਵਿਆਹ ਦੀ ਆਗਿਆ ਹੈ।

ਫੇਰ ਬਾਬੂ ਲਹਿਰੀ ਜੀ ਨੇ ਪੰਡਤ ਵਿਦਜਾ ਸਾਗਰ ਦੇ ਵਿਧਵਾ ਵਿਆਹ ਗ੍ਰੰਥ ਵਿਚੋਂ ਦੋ ਪ੍ਰਮਾਨ ਵਿਸ਼ਿਸ਼ਟ ਤੇ ਕਟੱਨਜਾ ਰਿਖੀ ਦੇ ਦਿਤੇ ਹੈਨ। ਵਸ਼ਿਸ਼ਟ ਜੀ ਲਿਖਦੇ ਨੇਂ:-

"ਜੇ ਕੋਈ ਤੀਵੀਂ ਅਜਿਹੇ ਪਤੀ ਨਾਲ ਵਿਆਹੀ ਜਾਵੇ, ਜਿਸਦੀ ਜੱਦ ਚੰਗੀ ਨਾਂ ਹੋਵੇ। ਜਾਂ ਜਿਸਦਾ ਚਾਲ-ਚਲਨ ਚੰਗਾ ਨਾਂ ਹੋਵੇ, ਜਾਂ ਜੋ ਨਿਪੁੰਸਕ ਹੋਵੇ, ਜਾਂ ਜੋ ਨੀਚ ਹੋਵੇ, ਜਾਂ ਜਿਸਨੂੰ ਮਿਰਗੀ ਹੋਵੇ, ਜਾਂ ਜੋ ਆਪ-ਹੁਦਰੇ ਕੰਮ ਕਰੇ। ਜਾਂ ਜੋ ਨਿਤ ਮਾਂਦਾ ਹੋਵੇ, ਜਾਂ ਝੂਠਾ ਸਾਧ ਬਣਿਆ ਹੋਵੇ। ਜਾਂ ਜੋ ਆਪਣੀ ਵਹੁਟੀ ਦੇ ਗੋਤਰ ਦਾ ਹੋਵੇ। ਤਾਂ ਉਸ ਤੀਵੀਂ ਦਾ ਵਿਆਹ ਕਿਸੇ ਦੂਏ ਮਰਦ ਨਾਲ ਕਰਨਾ ਚਾਹੀਏ। ਫਿਰ ਕਟੱਨਜਾ ਜੀ ਲਿਖਦੇ ਨੇਂ;-

"ਜੇ ਪਤੀ ਦੂਸਰੀ ਕੌਮ ਦਾ ਹੋਵੇ, ਜਾਂ ਨੀਚ ਹੋਵੇ (ਨੀਚ, ਪਤਿਤ ਦੇ ਅਰਥਾਂ ਵਿਚ ਵਰਤਿਆ ਮਲੂਮ ਹੁੰਦਾ ਹੈ) ਨਿਪੁੰਸਕ ਹੋਵੇ, ਆਪ-ਹੁਦਰਾ ਹੋਵੇ, ਜਾਂ ਅਪਣੀ ਵਹੁਟੀ ਦੇ ਗੋਤਰ ਦਾ ਹੋਵੇ, ਜਾਂ ਹਮੇਸ਼ ਲਈ ਬੀਮਾਰ ਜਾਂ ਨਿਕਾਰਾ ਹੋਵੇ, ਤਦ ਉਸ ਤੀਵੀਂ ਦਾ ਵਿਆਹ ਦੂਜੇ ਮਰਦ ਨਾਲ

ਕਰ ਦੇਣਾ ਚਾਹੀਏ ।"

ਹਿੰਦੂ ਕਨੂੰਨ ਦੇ ਵਡੇ ਅੰਗਰੇਜ਼ ਜਾਣੂ ਮੇਨ (maine) ਸਾਹਿਬ ਦੀ ਵੀ ਇਹੀ ਰਾਏ ਦਸੀ ਜਾਂਦੀ ਹੈ । ਹੋਸੀ । ਮਨੂੰ ਜੀ ਦੇ ਸ਼ਲੋਕਾਂ ੧੬੨—੧੬੩—੧੬੪ ਵਿਚ ਇਕ ਮਰਦ ਦੀ ਜਾਇਦਾਦ ਦੀ ਵੰਡ ਦੀ ਵਿਉਂਤ ਦਸੀ ਹੈ । ਉਸ ਵਿਚ ਦੋ ਤਰ੍ਹਾਂ ਦੇ ਪੁੱਤ੍ਰ ਦਸੇ ਹੈਨ, ਇਕ ਆਪਣੇ ਬੀਰਜ ਤੋਂ ਤੇ ਦੂਆ ਉਹ, ਜਦ ਕਿ ਇਕ ਮਰਦ ਅਜਿਹੀ ਬੀਮਾਰੀ ਵਿਚ ਫਸਿਆ ਸੀ ਜਿਹੜੀ ਕਿ ਲਾ-ਇਲਾਜ (ਨਾਂ ਚੰਗੀ ਹੋਣ ਵਾਲੀ) ਸਮਝੀ ਗਈ ਸੀ, ਤੇ ਉਸਦੀ ਵਹੁਟੀ ਨੇ ਕਿਸੇ ਸਾਕ ਮਰਦ ਨਾਲ ਮੇਲ ਕਰਕੇ ਪੈਦਾ ਕੀਤਾ ਹੋਵੇ। ਇਨ੍ਹਾਂ ਸ਼ਲੋਕਾਂ ਤੋਂ ਨਿਯੋਗ ਤੇ ਸਿਧ ਹੁੰਦਾ ਹੈ ਪਰ ਦੂਜਾ ਵਿਆਹ ਨਹੀਂ । ਇਸੇਤਰ੍ਹਾਂ ਸ਼ਲੋਕ ੧੬੭ ਵਿਚ ਵੀ ਨਿਯੋਗ ਹੀ ਸਿੱਧ ਹੁੰਦਾ ਹੈ । ਪਰ ਪ੍ਰਸਿਧ ਬੰਗਾਲੀ ਪੰਡਤ ਵਿਦਯਾ ਸਾਗਰ ਜੀ ਨੇ, ਵਿਆਹ ਜਾਇਜ਼ ਰਖਿਆ ਹੈ । ਜੇ ਵਿਸ਼ਿਸ਼ਟ ਤੇ ਕਟੱਨਜਾ ਦੇ ਸ਼ਲੋਕਾਂ ਦਾ ਅਰਥ ਸ਼ੁਧ ਹੈ, ਤਾਂ ਇਕ ਇਸਤ੍ਰੀ ਆਪਣੀ ਮਰਜ਼ੀ ਨਾਲ ਵੀ ਆਪਣੇ ਪਤੀ ਨੂੰ ਛਡ ਸਕਦੀ ਹੈ । ਜਿਹਾ ਕਾਨੂੰਨ ਅਜਕਲ ਵੀਹਵੀਂ ਸਦੀ ਵਿਚ ਵੀ ਨਹੀਂ ਮਿਲਦਾ । ਪਤੀ ਤੇ ਕੁਝ ਦੂਸ਼ਨ ਲਾਣਾ ਜਰੂਰੀ ਹੁੰਦਾ ਏ । ਸਾਨੂੰ ਤੇ ਇਹ ਅਸੰਭਵ (ਨਾਮੁਮਕਨ) ਮਲੂਮ ਹੁੰਦਾ ਹੈ ਕਿ ਹਿੰਦੂ ਸ਼ਾਸਤ੍ਰਾਂ ਦੀ ਇਹ ਆਗਿਆ ਹੋਵੇ, ਜਦ ਕਿ ਹਰ ਥਾਂ ਇਸਤ੍ਰੀ ਨੂੰ ਪਤੀ ਦੀ ਆਗਿਆ ਵਿਚ ਰਹਿਣ ਦਾ ਈ ਹੁਕਮ ਹੈ । ਸੋ ਵਿਸਵਾ ਅਰਥ ਈ ਗ਼ਲਤ ਕੀਤੇ ਹਨ । ਪ੍ਰੋਫੈਸਰ ਹਰਾ ਦਾਸ ਭਟਾਚਾਰਜ (ਢਾਕਾ) ਜੀ ਦਾ "ਨਾਰੀ ਭਾਰਤ" ਵਿਚ 'ਇਹ ਲਿਖਣਾ, ਕਿ ਸ੍ਰਿਮ੍ਰਤੀ ਦੇਵੀ, ਬ੍ਰਹਮਾ, ਵਿਸ਼ਨੂੰ ਤੇ ਮਹੇਸ਼੍ਵਰ ਦੀ ਵਾਰੋ ਵਾਰੀ ਇਸਤ੍ਰੀ ਰਹੀ, ਕੋਈ ਪ੍ਰਮਾਣ ਨਹੀਂ; ਕਿਉਂਕਿ ਇਹ ਦੇਵਤੇ ਤੇ ਦੇਵੀਆਂ ਕੇਵਲ ਮਨਕਲਪਤ (mythological) ਮਨੁਖ ਹਨ । ਜੋ ਆਦਿ ਜਗਤ ਦੇ ਕਿਸੇ ਕਰਮ ਜਾਂ ਨਿਜਮਾਂ ਨੂੰ

ਦਸਦੇ ਨੇਂ । ਫੇਰ ਇਕ ਰਾਜਾ ਯਾਇਆਤੀ ਹੋਇਆ ਹੈ । ਜਿਸਦੀ ਵੇਰ ਸੁੰਦਰੀ ਇਸਤ੍ਰੀ (ਮਾਧਵੀ) ਨੇ ਵਾਰੋ ਵਾਰੀ ਚਾਰ ਰਾਜਿਆਂ ਨਾਲ ਵਿਆਹ ਕੀਤਾ ਤੇ ਉਨ੍ਹਾਂ ਤੋਂ ਪੁਤ੍ਰ ਪੈਦਾ ਕਰਾਏ । ਲਿਖਿਆ ਹੈ ਕਿ ਪੰਜਵੀਂ ਵਾਰੀ ਮੁੜ ਰਾਜਾ ਯਾਇਆਤੀ ਤੇ ਉਸਦੇ ਪੁਤ੍ਰਾਂ ਪੋਰੇ ਤੇ ਜਾਦੋ ਨੇ ਮਾਧਵੀ ਨਾਲ ਵਿਆਹ ਕਰਨਾ ਚਾਹਿਆ । ਪਰ ਮਾਧਵੀ ਨੇ ਇਨ-ਕਾਰ ਕੀਤਾ । ਤੇ ਉਹ ਸਾਧਨੀ ਹੋ ਗਈ । ਇਹ ਕੋਈ ਪ੍ਰਮਾਣ ਨਹੀਂ । ਦੱਖਣ ਦੀ ਰਾਣੀ ਦੇਵਲ-ਦੇਵੀ ਵੀ ਬੜੀ ਸੋਹਣੀ ਪਰੀ, ਰਾਜਪੂਤਨੀ ਸੀ । ਉਸ ਨੇਂ ਵੀ ਕਈ ਰਾਜੇ ਵਰੇ । ਪਰ ਕਰਦੀ ਕੀ ਵਿਚਾਰੀ ? ਮਰਦਾਂ ਦੀ ਜ਼ਬਰ-ਦਸਤੀ । ਇਸ ਕਰਕੇ ਕੌਣ ਕਹਿ ਸਕਦਾ ਹੈ ਕਿ ਮਾਧਵੀ ਦਾ ਜੋਬਨ ਤੇ ਰੂਪ ਈ ਉਸ ਦਾ ਵੈਰੀ ਬਣਕੇ, ਉਸਦੇ ਘਰ ਘਰ ਵਿਕਾਣ ਦਾ ਕਾਰਨ ਬਣਿਆ ਹੋਵੇ। ਰਾਜਿਆਂ ਦਾ ਜ਼ੋਰ, ਵਿਚਾਰੀ ਮਾਧਵੀ ਨੂੰ ਕੁਝ ਕਰਣ ਨਹੀਂ ਸੀ ਦਿੰਦਾ । ਬਾਬੂ ਲਹਿਰੀ ਜੀ ਆਖਦੇ ਨੇਂ ਕਿ ਰਾਧਾ ਨੇ ਕ੍ਰਿਸ਼ਨ ਨਾਲ ਵਿਆਹ ਕੀਤਾ । ਅਸਾਂ ਇਹ ਕਦੀ ਨਹੀਂ ਸੁਣਿਆ । ਹਾਂ, ਰਾਧਾ-ਕ੍ਰਿਸ਼ਨ ਦਾ ਪਿਆਰ ਮਸ਼ਹੂਰ ਹੈ । ਫੇਰ ਇਕ ਗਲ ਨਵੀਂ ਇਹ ਲਿਖਦੇ ਨੇਂ,- ਰਾਮਾਇਣ-ਲੰਕਾ ਕਾਂਡ ਸ਼ਲੋਕ ੧੧੭-੨੧, ੨੨, ੨੩, ਦਾ ਹਵਾਲਾ ਦੇਕੇ, ਕਿ ਜਦ ਰਾਮ ਚੰਦ੍ਰ ਜੀ ਨੇ ਲੰਕਾ ਫ਼ਤਹ ਕੀਤੀ ਤਾਂ ਸੀਤਾ ਜੀ ਨੂੰ ਆਖਿਆ ਕਿ–

"ਮੈਂ ਤੁਹਾਨੂੰ ਛਡਦਾ ਹਾਂ, ਤੁਸੀਂ ਹੁਣ ਭਰਤ, ਲਛਮਣ, ਸ਼ਤ੍ਰੂਗਣ, ਸੁਗ੍ਰੀਵ ਜਾਂ ਬਭੀਖਣ ਵਿਚੋਂ ਚੁਣਕੇ ਜਿਸ ਨਾਲ ਚਾਹੋ ਵਿਆਹ ਕਰ ਲਵੋ ।" ਇਹ ਗਲ ਅਸਾਂ ਅਗੇ ਨਹੀਂ ਸੀ ਸੁਣੀ,ਏਥੇ ਵੀ ਉਲਥਾਕਾਰ ਨੇ ਸੋ ਵਿਸਵਾ ਟਪਲਾ ਖਾਧਾ ਹੈ। ਹਾਂ ਰਾਮ ਚੰਦ੍ਰ ਜੀ ਨੇ ਸੀਤਾ ਜੀ ਪਰ ਸ਼ਕ ਕਰਕੇ ਘਰੋਂ ਕੱਢ ਦਿਤਾ ਸੀ। ਅਰ ਫੇਰ ਅਸਵਾਮੇਧ ਯੱਗ ਦੇ ਵੇਲੇ ਜਦ ਲਹੂ ਤੇ ਕੁਸ਼ੂ ਸਹਿਤ ਵਾਪਸ ਆਈ, ਘਰ ਵਾੜ ਲੀਤੀ ਸੀ। ਪਰ ਫਿਰ

ਕੁਝ ਚਿਰ ਪਿਛੋਂ ਸ਼ੁਕ ਦੇ ਕੁਬਚਨ ਬੋਲੇ, ਜਿਸ ਤੇ ਸੀਤਾ ਜੀ ਧਰਤੀ ਵਿਚ ਸਮਾ ਗਏ। ਰਾਮਾਇਣ ਦੀ ਕਥਾ ਵਿਚ ਸੀਤਾ ਜੀ ਸਚ ਮੁੱਚ ਚਮਕਦੀ ਮਣੀ ਹੈ। ਜਿਸਦੇ ਸਾਹਮਣੇ ਰਾਮ ਜੀ ਦੇ ਮੋਤੀ ਦੀ ਆਬ ਮੱਧਮ ਪੈ ਜਾਂਦੀ ਹੈ, ਵੇਖੋ ਬਾਬੂ ਬਿਕਮ ਚੰਦਰ ਲਹਿਰੀ ਦਾ ਲੇਖ (Modern Review of September 1928)। ਬਾਬੂ ਜੀ ਇਹ ਸਿਧ ਕਰਦੇ ਨੇਂ ਕਿ ਹਿੰਦੂ ਵਿਆਹ ਸ਼ਾਸਤ੍ਰਾਂ ਦੇ ਹੁਕਮਾਨੁਸਾਰ ਟੁੱਟ ਸਕਦਾ ਹੈ। ਤੇ ਤ੍ਰੀਮਤ ਦੂਜਾ ਵਿਆਹ ਕਰਨ ਦੀ ਅਧਿਕਾਰੀ ਹੈ। ਪਰ ਉਨ੍ਹਾਂ ਦੇ ਆਪਣੇ ਲੇਖ ਅਨੁਸਾਰ ਵੀ ਵਿਆਹ ਦੇ ਟੁੱਟਣ ਲਈ ਕੁਝ ਸ਼ਰਤਾਂ ਦਾ ਹੋਣਾ ਜ਼ਰੂਰੀ ਹੈ। ਪਰ ਸੰਸਕ੍ਰਿਤ ਤੇ ਵੇਦਾਂ ਦੇ ਮਹਾਨ ਪੰਡਤ ਸ੍ਵਾਮੀ ਦਿਆਨੰਦ ਜੀ ਸ੍ਰਿਮ੍ਰਤੀ, ਸਾਰੇ ਸ਼ਾਸਤ੍ਰਾਂ ਵਿਚ ਔਖੇ ਵੇਲੇ ਕੇਵਲ ਨਿਯੋਗ ਦੀ ਆਗਿਆ ਹੀ ਮੰਨਦੇ ਨੇਂ। ਦੂਜਾ ਵਿਆਹ ਸਿਰਫ਼ "ਅਖ਼ਸ਼ਤ ਬੀਰਜ" ਵਾਲੇ ਮਨੁੱਖਾਂ ਲਈ ਲਿਖਿਆ ਹੈ।

ਹਿੰਦੂ ਸ਼ਾਸਤ੍ਰਾਂ ਦੇ ਹੁਕਮਾਨੁਸਾਰ ਤੇ ਹਿੰਦੂ ਵਿਆਹ ਨਹੀਂ ਟੁੱਟ ਸਕਦਾ। [ਨੋਟ-ਹਿੰਦੂ ਪਦ ਵਿਚ ਹੋਰ ਹਿੰਦੀ ਕੌਮਾਂ; ਸਿਖ, ਜੈਨੀ ਵੀ ਸ਼ਾਮਲ ਹੈਣ, ਜਿਨ੍ਹਾਂ ਤੇ ਹਿੰਦੂ ਕਾਨੂੰਨ ਹੀ ਵਰਤਿਆ ਜਾਂਦਾ ਹੈ।] ਪਰ ਅਜ ਕਲ ਦੇ ਅਦਾਲਤਾਂ ਨੇ "ਰਿਵਾਜ" ਨੂੰ ਵੀ ਕਾਨੂੰਨ ਤੁਲ ਮੰਨਿਆ ਹੈ। ਅਰ ਸਰ ਹਰੀ ਸਿੰਘ ਗੌੜ ਦੇ ਪ੍ਰਸਿਧ ਹਿੰਦੂ ਕਾਨੂੰਨ ਦੇ ਗ੍ਰੰਥ ਅਨੁਸਾਰ, ਹਿੰਦੂਆਂ ਦੀਆਂ ਕਈ ਨੀਵੀਆਂ ਜ਼ਾਤਾਂ, ਤੇ ਕਿਧਰੇ ਬ੍ਰਾਹਮਣਾਂ ਵਿਚ ਵੀ, ਵਹੁਟੀ ਗਭਰੂ, ਵਿਆਹ ਦੇ ਪਿਛੋਂ ਵਖ ਹੋ ਜਾਂਦੇ ਨੇਂ। ਤੇ ਤੀਵੀਂ ਹੋਰ ਵਿਆਹ ਕਰ ਲੈਂਦੀ ਹੈ। ਪਰ ਇਹ ਰਿਵਾਜ ਉਨ੍ਹਾਂ ਜਾਤਾਂ ਵਿਚ ਹੈ ਜਿਥੇ ਤੀਵੀਆਂ ਘਟ ਮਿਲ-ਦੀਆਂ ਨੇਂ। ਅਰ ਇਹ ਜਾਤਾਂ ਛੁੱਟੜ ਤੀਵੀਆਂ ਨੂੰ ਦੂਜਾ ਵਿਆਹ ਕਰਨ ਦੀ ਆਗਿਆ ਵੀ ਦਿੰਦੀਆਂ ਹਨ। ਸ਼ੂਦਰਾਂ

ਵਿਚ ਤੇ ਇਹ ਆਮ ਗਲ ਹੈ,ਪਰ ਕਿਧਰੇ ਕਿਧਰੇ ਦ੍ਵਿਜਾਂ ਵਿਚ ਵੀ ਇਹ ਰਿਵਾਜ ਹੈ। ਜੀਕਨ; ਅਹਿਮਦਾਬਾਦ ਦੇ ਸੰਪੂਰਣ ਬ੍ਰਾਹਮਨ, ਯੂ. ਪੀ. ਦੇ ਲੋਧੀ, ਤੇ ਦੱਖਣ ਦੇ ਲੰਗਾਇਟ ਬਨੀਏ। [ਵੇਖੋ ਪੈਰਾ ੪੯੬ ਹਿੰਦੂ ਕੋਡ-ਗੌੜ ਸਾਹਿਬ ਦਾ]

ਪਰ ਫੇਰ ਵੀ ਇਹ ਵਿਆਹ ਕੋਈ ਸ਼ੁਧ ਤੇ ਮੰਨੇ ਤ੍ਰੀਕੇ ਦੇ ਨਾਲ ਕੀਤਾ, ਨਹੀਂ ਗਿਣਿਆ ਜਾਂਦਾ।

ਇਹ ਗਲ ਮੰਨਦਿਆਂ ਹਇਆਂ ਵੀ ਕਿ ਹਿੰਦੂ ਵਿਆਹ ਇਕ ਪਵਿਤ੍ਰ ਆਤਮਕ ਸਾਕ ਹੈ, ਨਿਰਾ ਅਕਰਾਰ-ਨਾਮਾ ਈ ਨਹੀਂ। ਪੁਰਾਣੇ ਸ਼ਾਸਤ੍ਰਕਾਰਾਂ ਨੇ ਵੀ ਇਸਦਾ ਟੁੱਟਣਾ ਮੰਨਿਆ ਹੈ। ਪਰ ਉਹ ਵਿਆਹ ਦਾ ਟੁਟਣਾਂ, ਅਸਲ ਵਿਚ ਇਸ੍ਤ੍ਰੀ ਲਈ ਸਿਰਫ਼ "ਛੁੱਟੜ" ਦੀ ਸ਼ਕਲ ਈ ਧਾਰਨ ਕਰਦਾ ਸੀ। ਤਲਾਕ ਨਹੀਂ ਸੀ। ਤੇ ਨਾ ਈ ਛੁੱਟੜ ਤੀਵੀਂ ਨੂੰ ਦੂਜਾ ਵਿਆਹ ਕਰਨ ਦਾ ਹੱਕ ਸੀ।

ਪਰ ਗੌੜ ਜੀ ਦੇ ਕਥਨਾਨੁਸਾਰ ਉਹ ਵਿਆਹ ਜਿਹੜਾ ਜ਼ੋਰੀ ਜਾਂ ਧੋਖੇ ਨਾਲ ਕਰਾਇਆ ਜਾਵੇ, ਟੁੱਟ ਸਕਦਾ ਹੈ। [ਵੇਖੋ ਭਾਗ ੧੯ ਹਿੰਦੂ ਕੋਡ।]

ਅਤੇ ਮਨੂ ਜੀ ਸ਼ਲੋਕ ੭੨, ਅਧਯਾਇ ੧੧, ਵਿਚ ਵੀ ਆਗਿਆ ਦਿੰਦੇ ਹਨ ਕਿ "ਇਕ ਮਰਦ ਉਸ ਕੁੜੀ ਨੂੰ ਵੀ ਜਿਸਦੇ ਨਾਲ ਉਸ ਨੇ ਪੂਰੀ ਰੀਤੀ ਨਾਲ ਵਿਆਹ ਕੀਤਾ ਹੈ, ਛੱਡ ਸਕਦਾ ਹੈ,ਜਦ ਉਸਨੂੰ ਵਿਆਹ ਪਿਛੋਂ ਪਤਾ ਲਗੇ ਕਿ ਉਹ ਕੁੜੀ, ਸੁਧਾਰਣ ਨਹੀਂ; ਜਾਂ ਬੀਮਾਰ ਹੈ, ਜਾਂ ਆਪਣਾ ਕਵਾਰ-ਪਨ ਵਿਆਹ ਦੇ ਪਹਿਲਾਂ ਈ ਗਵਾ ਬੈਠੀ ਸੀ, ਅਤੇ ਧੋਖੇ ਨਾਲ ਉਸ ਕੁੜੀ ਦਾ ਉਸ ਨਾਲ ਵਿਆਹ ਕੀਤਾ ਗਿਆ ਸੀ।

ਧੋਖੇ ਨਾਲ ਵਿਆਹ ਹੋਣਾ, ਇਸ ਵਿਆਹ ਦੇ ਟੁੱਟਣ ਦੀ ਜ਼ਰੂਰੀ ਸ਼ਰਤ ਹੈ। ਜੇ ਵਿਆਹ ਦੇ ਪਹਿਲੋਂ ਮਰਦ ਨੂੰ ਕੁੜੀ ਦੇ ਔਗੁਣਾਂ ਦਾ ਪਤਾ ਹੋਵੇ, ਤਾਂ ਵਿਆਹ ਨਹੀਂ ਟੁੱਟ

ਸਕਦਾ। ਇਹ ਅਜ ਕਲ ਦੀਆਂ ਕਚਹਿਰੀਆਂ ਦਾ ਵਰਤਾਵਾ ਹੈ। ਅਰ ਉਹ ਛੁੱਟੜ ਤੀਵੀਂ ਨੂੰ ਵੀ ਮੁੜ ਵਿਆਹ ਦੀ ਆਗਿਆ ਦਿੰਦੇ ਨੇਂ। ਗੋੜ ਦੀ ਹਿੰਦੂ ਕੋਡ ਭਾਗ ੨੦ ਵਿਚ ਇਹ ਵੀ ਲਿਖਿਆ ਹੈ ਕਿ ਜੇ ਕਿਸੇ ਤੀਵੀਂ ਦੇ ਪਤੀ ਦੀ ਸੱਤਾਂ (੭) ਵਰ੍ਹਿਆਂ ਤਕ ਕੋਈ ਸੋ ਨਾ ਸੁਣੀ ਜਾਵੇ ਤੇ ਸਾਰੇ ਉਸਨੂੰ ਮੋਇਆ ਈ ਮੰਨਣ ਤਾਂ ਤੀਵੀਂ ਦੂਜਾ ਵਿਆਹ ਕਰ ਸਕਦੀ ਹੈ। ਗਲ ਕੀ ਉਹ ਪਤੀ ਮੋਇਆਂ ਬਰਾਬਰ ਗਿਣਿਆ ਜਾਂਦਾ ਹੈ। ਜੇ ਰਬ ਨਾ ਕਰੇ ਸਤਾਂ ਵਰ੍ਹਿਆਂ ਪਿਛੋਂ ਆ ਵੀ ਜਾਵੇ, ਤਾਂ ਮੁੜ ਉਸਦਾ ਅਪਣੀ ਪਹਿਲੀ ਵਹੁਟੀ ਤੇ ਕੋਈ ਹਕ ਨਹੀਂ।

ਨਾਰਦ ਜੀ, ਆਪਣੇ ਸ਼ਾਸਤ੍ਰ ਵਿਚ ਇਕ ਵਿਆਹੀ ਹੋਈ ਤੀਵੀਂ ਨੂੰ, ਇਨ੍ਹਾਂ ਹਾਲਤਾਂ ਵਿਚ ਦੂਜੇ ਵਿਆਹ ਦੀ ਆਗਿਆ ਦਿੰਦੇ ਹਨ:—

ਜਦ ਉਸਦਾ ਪਤੀ ਮਰ ਗਿਆ ਜਾਂ ਗਵਾਚ ਗਿਆ ਹੋਵੇ। ਜਦ ਉਹ ਸਾਧੂ ਹੋਗਿਆ ਹੋਵੇ। ਜਾਂ ਨਿਪੁੰਸਕ ਹੋਵੇ; ਜਾਂ ਪਤਤਿ ਹੋਗਿਆ ਹੋਵੇ। ਪਰ ਇਹ ਕਥਨ ਮਨੂੰ ਦੇ ਸ਼ਾਸਤ੍ਰ ਅਨੁਸਾਰ ਨਹੀਂ ਜਾਪਦੇ, ਕਿਉਂ ਜੋ ਹਿੰਦੂ ਕਾਨੂੰਨ ਇਕ ਮਰਦ ਦੇ ਪਤਤਿ ਹੋਣ ਤੇ ਵੀ ਉਸਦੇ ਉਸ ਹਕ ਨੂੰ, ਜੋ ਉਸਨੂੰ ਵਿਆਹ ਕਰਕੇ, ਆਪਣੀ ਇਸਤ੍ਰੀ ਤੇ ਔਲਾਦ ਤੇ ਸੀ, ਤੋੜਦਾ ਨਹੀਂ। ਪਰ ਹੁਣ ਸਰਕਾਰੀ ਕਾਨੂੰਨ ਅਨੁਸਾਰ ਜੇ ਕੋਈ ਹਿੰਦੂ-ਮਰਦ ਈਸਾਈ ਹੋ ਜਾਏ ਤਾਂ ਉਸਨੂੰ ਅਦਾਲਤਾਂ, ਦੇਸੀ ਈਸਾਈ ਵਿਆਹ ਤੋੜੂ ਕਾਨੂੰਨ ੧੮੬੫ ਦੇ ਅਨੁਸਾਰ, ਛੀ ਮਹੀਨਿਆਂ ਦੇ ਅੰਦਰ ਅੰਦਰ ਜੇ ਵਹੁਟੀ, ਈਸਾਈ ਗਭਰੂ ਨਾਲ ਨਾ ਰਹਿਣਾ ਚਾਹੇ, ਤਾਂ ਵਿਆਹ ਤੋੜਕੇ ਮਰਦ-ਤੀਵੀਂ ਨੂੰ ਦੂਜੇ ਵਿਆਹ ਲਈ ਆਜ਼ਾਦ ਕਰ ਦਿੰਦੀਆਂ ਨੇਂ। ਗਲ ਕੀ ਅਜ ਕਲ ਜੇ ਅਦਾਲਤ ਕਿਸੇ ਜੋੜੀ ਨੂੰ ਵਖ ਕਰ ਦੇਵੇ ਤਾਂ ਤੀਵੀਂ ਮਰਦ ਦੋਹਾਂ ਨੂੰ ਮੁੜ ਵਿਆਹ ਦਾ ਅਧਿਕਾਰ ਮਿਲ ਜਾਂਦਾ ਹੈ। ਪਰ ਇਸਤੋਂ ਆਮ ਹਿੰਦੂ ਵਿਆਹ ਦਾ ਟੁੱਟਣਾਂ ਸਿਧ ਨਹੀਂ ਹੁੰਦਾ।

ਰੀਫ਼ਾਰਮਰਾਂ ਨੇ ਵਿਧਵਾ ਵਿਆਹ ਨੂੰ ਕਾਨੂੰਨੀ ਰੰਗ ਦੇਣ ਲਈ, Hindoo Remarriage Act, "ਹਿੰਦੂਆਂ ਵਿਚ ਦੂਜੇ ਵਿਆਹ ਦਾ ਕਾਨੂੰਨ ਬਣਵਾਇਆ।" ਪਰ ਇਸਦਾ ਅਸਰ ਪਤੀ ਦੀ ਜ਼ਿੰਦਗੀ ਵਿਚ ਨਹੀਂ ਹੋ ਸਕਦਾ। ਮੈਰਿਜ ਐਕਟ-੧੮੭੨ (ਕਾਨੂੰਨ ਵਿਆਹ), ਜਾਂ ਬ੍ਰਹਮੂ ਵਿਆਹ ਦੇ ਕਾਨੂੰਨ, ਤੇ ਸਿਖ ਆਨੰਦ ਮੈਰਿਜ ਐਕਟ, ਵਿਚ ਵੀ ਤਲਾਕ ਹੈ ਨਹੀਂ। ਲੋੜ ਜ਼ਰੂਰ ਹੈ ਕਿ ਹੇਠ ਲਿਖੀਆਂ ਹਾਲਤਾਂ ਵਿਚ ਵਿਆਹ ਟੁੱਟ ਜਾਏ ਤੇ ਦੋਵੇਂ ਧਿਰਾਂ (ਤੀਵੀਂ-ਮਰਦ) ਦੂਆ ਵਿਆਹ ਕਰਨ ਲਈ ਆਜ਼ਾਦ ਹੋਣ। ਸਰ ਹਰੀ ਸਿੰਘ ਗੌੜ ਨੇ ਏਸੇ ਵਰ੍ਹੇ (੧੯੨੮) ਵਿਚ ਵਿਆਹ ਦੇ ਕਾਨੂੰਨ ਦੀ ਤਬਦੀਲੀ ਲਈ ਬਿਲ ਪੇਸ਼ ਕੀਤਾ ਸੀ, ਜੇਹੜਾ ਅਸੈਂਬਲੀ ਨੇ ਪੇਸ਼ ਈ ਨਾ ਹੋਣ ਦਿਤਾ। ਇਹ ਤੇ ਸਾਡੇ ਦੇਸ ਦੇ ਮਨ ਦੀ ਰੁਚੀ ਹੈ। ਪਿਛਲੇ ਰਟਾਂ ਵਿਚੋਂ ਨਿਕਲਨਾ ਔਖਾ, ਤੇ ਪੁਰਾਤਨ ਜਾਂ ਸਨਾਤਨੀ ਅਨਪੜ੍ਹ ਹਿੰਦੂਆਂ ਦੀ ਰਾਇ ਦਾ ਐਨਾ ਜ਼ੋਰ ਹੈ, ਜੋ ਇਸਤ੍ਰੀ ਪੁਰਸ਼ ਦੇ ਮੇਲ ਸੰਬੰਧੀ ਕੋਈ ਸੁਧਾਰ ਬੜਾ ਔਖਾ ਦਿਸਦਾ ਹੈ। ਜੇ ਸੁਧਾਰ ਹੋਵੇ ਵੀ ਤਾਂ, ਉਸਦੀ ਚਾਲ, ਕੀੜੀ ਚਾਲ ਹੁੰਦੀ ਹੈ।

ਉਹ ਹਾਲਤਾਂ ਜਿਨ੍ਹਾਂ ਵਿਚ ਪਤਿ-ਪਤਨੀ ਦੀ ਜ਼ਿੰਦਗੀ ਵਿਚ ਦੂਜੇ ਵਿਆਹ ਦੀ ਆਗਿਆ ਹੋਣੀ ਚਾਹੀਏ, ਹੇਠ ਲਿਖਦੇ ਹਾਂ:--

(੧) ਮਰਦ ਨਿਪੁੰਸਕ ਤੇ ਤੀਵੀਂ ਬਾਂਝ ਹੋਵੇ। ਅਰ ਡਾਕਟਰੀ ਪੰਚੈਤ ਇਨ੍ਹਾਂ ਵਿਚ ਨਾ ਰਾਜ਼ੀ ਹੋਣ ਵਾਲੇ ਘਾਟੇ ਦਸੇ।

(੨) ਕੋਈ ਧਿਰ ਕੋਹੜੀ, ਮਿਰਗੀ ਵਾਲੀ ਜਾਂ ਕੋਈ ਹੋਰ ਅਜੇਹੀ ਅਛੂਤ ਬੀਮਾਰੀ ਵਿਚ ਫਾਥੀ ਹੋਵੇ, ਜਾਂ ਪਾਗਲ ਹੋਵੇ। ਜਿਸ ਕਰਕੇ ਉਹ ਸੁਸਾਇਟੀ ਤੋਂ ਵਖ ਕੀਤੀ ਜਾਏ।

(੩) ਗ੍ਰਿਹਸਤ ਛੱਡਕੇ ਸਾਧ, ਸਾਧਨੀ ਹੋ ਜਾਏ।

(੪) ਇਕ ਧਿਰ ਦੂਈ ਨੂੰ ਛੱਡ ਬੈਠੀ ਹੋਵੇ। ਤੇ ਫੇਰ ਮੇਲ ਨਾ ਕਰੇ।

(੫) ਕੋਈ ਧਿਰ ਬਦਮਾਸ਼ ਤੇ ਦੁਰਾਚਾਰ ਹੋਵੇ।

(ੲ) ਕੋਈ ਧਿਰ ਆਪਣਾ ਧਰਮ ਛੱਡ ਬੈਠੀ ਹੋਵੇ।

(੭) *ਕੋਈ ਧਿਰ ਦੂਏ ਤੇ ਸਖ਼ਤ ਅਤਿਆਚਾਰ ਕਰਦੀ ਹੋਵੇ।

ਇਸ ਗਲ ਦਾ ਨਿਰਨਾ, ਕਿ ਇਨ੍ਹਾਂ ਸ਼ਰਤਾਂ ਵਿਚੋਂ ਕੋਈ

*ਨੋਟ ੧–ਇਕ ਹੋਰ ਹਾਲਤ ਉਹ ਹੈ ਜਦ ਕਿ ਤੀਵੀਂ ਮਰਦ ਦੀਆਂ ਦਮਾਗ਼ੀ ਤਾਕਤਾਂ ਦਾ ਢੇਰ ਫਰਕ ਹੋਵੇ। ਜੀਕਨ; ਵਿਦਵਾਨ ਉੱਚੀ ਸੋਚ ਵਾਲਾ ਮਰਦ, ਤੇ ਤੀਵੀਂ ਮੂੜ੍ਹ ਅਨਪੜ੍ਹ। ਜਾਂ ਤੀਵੀਂ ਉੱਚੀ ਤੇ ਮਰਦ ਨੀਵਾਂ, ਅਜਿਹੀ ਦਸ਼ਾ ਵਿਚ ਉੱਚੀ ਲਿਆਕਤ ਵਾਲੇ ਮਨੁੱਖ ਨੂੰ ਅਤਿ ਦੁਖ, ਮਾਨਸਕ ਦੁੱਖ ਹੁੰਦਾ ਹੈ। ਐਥੋਂ ਤਕ ਕਿ ਉਹ ਮਨੁਖ ਪਾਗਲ ਦੇ ਦਰਜੇ ਤਕ ਪੁਜ ਜਾਂਦਾ ਹੈ। ਪਰ ਆਪਣੀ ਪਤਨੀ ਨੂੰ ਵਿਚਾਰਵਾਨ ਹੋਣ ਕਰਕੇ ਛੱਡ ਨਹੀਂ ਸਕਦਾ। ਅਜਿਹੇ ਸਾਕ ਤੇ ਪਿਛਲੇ ਕਰਮਾਂ ਦਾ ਫਲ ਈ ਹੁੰਦੇ ਨੇ। ਜੇ ਵਖ ਹੋ ਵੀ ਜਾਣ ਤਾਂ ਸ਼ੈਦ ਕਿਸੇ ਧਿਰ ਨੂੰ ਸੁੱਖ ਹੋਵੇ ਕਿ ਨਾਂ। ਇਸ ਕਰਕੇ ਅਜਿਹੀ ਹਾਲਤ ਵਿਚ ਜਿਸਦਾ ਸਾਫ਼ ਸਬੂਤ ਕੁਝ ਨਹੀਂ ਹੋ ਸਕਦਾ। ਵਿਆਹ ਦੇ ਤੋੜਨ ਦੀ ਆਗਿਆ ਦੇਣੀ ਸ਼ੈਦ ਖਤਰਨਾਕ ਹੋਸੀ।

੨--ਜਦ ਵਿਆਹ ਟੁੱਟ ਜਾਏ, ਤਾਂ ਵੀ ਪਤੀ ਦਾ ਧਰਮ ਹੋਵੇਗਾ ਕਿ ਉਹ ਆਪਣੀ ਛੁੱਟੜ ਇਸਤ੍ਰੀ ਦੀ ਪਾਲਣਾਂ ਤੇ ਰਖਿਆ ਕਰੇ। ਇਨ੍ਹਾਂ ਹਾਲਤਾਂ ਨੂੰ ਛੱਡਕੇ:–

(ੳ) ਜਦ ਉਸ ਇਸਤ੍ਰੀ ਨੇ ਹੋਰ ਵਿਆਹ ਕਰ ਲੀਤਾ ਹੋਵੇ।

(ਅ) ਇਸਤ੍ਰੀ ਬਦਮਾਸ਼ ਹਵੇ।

ਚੰਗਾ ਤੇ ਇਹੀ ਹੋਸੀ ਕਿ ਛੁੱਟੜ ਇਸਤ੍ਰੀ ਪਤਿ ਦੇ ਘਰ ਰਹਿਕੇ ਈ ਆਪਣੀ ਉਮਰ ਪਤੀਬ੍ਰੱਤ ਵਿਚ ਨਿਭਾਵੇ।

*ਨੋਟ–ਇਹ ਜ਼ਰੂਰੀ ਹੈ ਕਿ ਅਜ ਕਲ ਸਿਵਲ ਮੈਰਜ ਐਕਟ ਅੰਦਰ ਅੱਡ ਅੱਡ ਮਤਾਂ ਦੇ ਮਨੁੱਖ ਵੀ ਵਿਆਹ ਕਰ ਸਕਦੇ ਹਨ।"ਰਜਿਸਟਰਾਰ ਅਗੇ ਰਜਿਸਟ੍ਰੀ ਹੋ ਜਾਂਦੀ ਹੈ। ਇਸ ਕਿਸਮ ਦੇ ਵਿਆਹ ਮੁਲਕੀ ਕੋਨਟ੍ਰਿਕਟ੍ਰ ਤੋਂ ਚੰਗੇ ਹਨ। ਅਤੇ ਕੌਮ ਬਨਾਣ ਵਿਚ ਮਦਤ ਦੇਣਗੇ। ਪਰ ਅਸੀਂ ਤੇ ਹਿੰਦੂ ਵਿਆਹ ਦੀ ਪ੍ਰੋੜਤਾ ਕਰਦੇ ਹਾਂ।

ਪੂਰੀ ਹੁੰਦੀ ਹੈ ਕਿ ਨਹੀਂ, ਇਕ ਪੰਚੈਤੀ ਅਦਾਲਤ ਕਰੇ। ਜਿਸਦੀ ਅਪੀਲ ਸਿਧੀ ਹਾਈ ਕੋਰਟ ਵਿਚ ਹੋ ਸਕੇ। ਜੇ ਅਦਾਲਤ ਦਾ ਫ਼ੈਸਲਾ ਵਿਆਹ ਤੋੜ ਦੇਵੇ ਤਾਂ ਤੀਵੀਂ ਮਰਦ ਦੂਜੇ ਵਿਆਹ ਲਈ ਆਜ਼ਾਦ ਹੋਣ। ਪਰ ਨਾਲ ਈ "Monogamy" ਇਕ ਵੇਲੇ ਇੱਕੋ ਮਰਦ ਇੱਕੋ ਵਹੁਟੀ, ਦਾ ਕਾਨੂੰਨ ਜਾਰੀ ਹੋਵੇ। ਇਹ ਨਾਂ ਹੋਵੇ ਕਿ ਸਾਡੇ ਡਿਪਟੀ, ਜੱਜ, ਵਕੀਲ ਜਾਂ ਹੋਰ ਪੜ੍ਹੇ ਲਿਖੇ ਨੌਜਵਾਨ, ਆਪਣੀਆਂ ਪਹਿਲੀਆਂ ਵਹੁਟੀਆਂ ਨੂੰ ਛਡਕੇ, ਨਵੀਆਂ ਨਾਰਾਂ ਦੀਆਂ ਮੌਜਾਂ ਉਡਾਣ, ਤੇ ਪਹਿਲੀਆਂ ਵਹੁਟੀਆਂ ਆਪਣੇ ਕਰਮਾਂ ਨੂੰ ਰੋਣ। ਇਕ ਵਹੁਟੀ ਦੇ ਹੁੰਦਿਆਂ ਦੂਜਾ ਵਿਆਹ ਕਨੂੰਨ ਵਿਰੁਧ ਸਮਝਿਆ ਜਾਵੇ। ਹਾਂ, ਜੇ ਕਿਸੇ ਨੂੰ ਦੂਜੇ ਵਿਆਹ ਦੀ ਲੋੜ ਹੋਵੇ, ਉਹ ਵਿਆਹ ਦੇ ਜੱਜ ਕਲੋਂ ਹੁਕਮ ਲਵੇ। ਇਹ ਵਿਚਾਰ, ਜ਼ਰੂਰ ਹਿੰਦੂਆਂ ਵਿਚ ਸ਼ੱਕ ਘ੍ਰਿਣਾ ਨਾਲ ਵੇਖੀ ਜਾਏ। ਪਰ ਅਸੀ ਹੁਣ ਵੀਹਵੀਂ ਸਦੀ ਵਿਚ ਹਾਂਹਿਦੇ ਹਾਂ। ਜੇ ਆਪੇ ਈ ਅਸੀ ਆਪਣੇ ਭਾਈਚਾਰਕ ਕਾਨੂੰਨ ਤੇ ਰਿਵਾਜ ਨੂੰ ਬਦਲ ਲਈਏ ਤਾਂ ਚੰਗਾ ਹੈ; ਨਹੀਂ ਤੇ ਸੁਸਾਇਟੀ ਵਿਚ ਨੌਜੁਆਨਾਂ ਵਲੋਂ ਬਗ਼ਾਵਤ ਹੋ ਜਾਵੇਗੀ। ਤੇ ਪੁਰਾਣੀ ਸੁਸਾਇਟੀ ਪਈ ਮੂੰਹ ਤੱਕੇਗੀ। ਇਸਤ੍ਰੀ ਜ਼ਾਤੀ ਤੇ ਜ਼ੁਲਮ ਹੋ ਰਿਹਾ ਹੈ। ਪੜ੍ਹੇ ਲਿਖੇ ਮਰਦਾਂ ਵਲੋਂ ਚੰਗੇ ੨ ਔਹਦਿਆਂ ਵਾਲੇ ਨੌਜੁਆਨਾਂ ਵਲੋਂ ਜਿਹੜੇ ਸੁਸਾਇਟੀ ਦਾ ਸ਼ਿੰਗਾਰ ਬਣਦੇ ਨੇਂ, ਉਹਨਾਂ ਵਲੋਂ ਬੋਲੇ ਕੌਣ? ਅਜਿਹੀਆਂ ਕਿੰਨੀਆਂ ਈ ਮਿਸਾਲਾਂ ਅੱਖਾਂ ਸਾਹਮਣੇ ਹਨ, ਜਿਥੇ ਡਿਪਟੀ ਜਾਂ ਵਕੀਲ ਬਣਕੇ ਸਾਡੇ ਨੌਜੁਆਨਾਂ ਨੇ ਪਹਿਲੀਆਂ ਦੇਵੀਆਂ ਨਾਰਾਂ ਨੂੰ ਛਡ, ਦੂਜਾ ਵਿਆਹ ਕੀਤਾ। ਉਹਨਾਂ ਮਾਪਿਆਂ ਨੂੰ ਕੀ ਕਹੀਏ ਜਿਨ੍ਹਾਂ ਨੇ ਆਪਣੀਆਂ ਧੀਆਂ ਅਜਿਹੀ ਥਾਂ ਦਿਤੀਆਂ। ਉਨ੍ਹਾਂ ਵਿਚਾਰੀਆਂ ਦੇਵੀਆਂ ਦਾ ਕੀ ਕਸੂਰ? ਜੋ ਹੁਣ ਛੁੱਟੜ ਹੋ ਗੋਲੀਆਂ ਬਣੀਆਂ ਬੈਠੀਆਂ ਨੇਂ। ਕੀ ਅਜਿਹੀਆਂ ਮਿਸਾਲਾਂ ਸਾਨੂੰ ਹੋਰਨਾਂ ਦੇਸਾਂ ਵਿਚ ਸਿਰ ਚੁੱਕਣ

ਜੋਗਾ ਛਡਦੀਆਂ ਨੇਂ ? ਭਾਰਤ ਲਈ ਤੀਵੀਂ-ਮਰਦ ਦਾ ਸਾਕ ਇਕ ਔਖੀ ਗੁੰਝਲ ਹੇ। ਪਰ ਇਸਨੂੰ ਖੋਲ੍ਹਣਾ ਵੀ ਭਾਰਤ ਵਾਸੀਆਂ ਦਾ ਈ ਧਰਮ ਹੈ।

ਸੁਸਾਇਟੀ ਵਿਚ ਨਵਾਂ ਖਤਰਾ!

ਭਾਰਤ ਦੇ ਗ੍ਰਿਹਸਤਾਸ਼੍ਰਮ ਵਿਚ ਨਵੀਂ ਵਿਦਿਆ ਤੋਂ ਨਵਾਂ ਖਤਰਾ ਵੀ ਜੰਮ ਪਿਆ। ਪੜ੍ਹੀਆਂ ਧੀਆਂ ਲਈ ਪੜ੍ਹੇ ਲਿਖੇ ਗਭਰੂ ਚਾਹੀਏ। ਪੜ੍ਹੀ ਧੀ ਨੂੰ ਅਨਪੜ੍ਹ ਦੇ, ਜਾਂ ਹਟਵਾਣੀਏਂ ਦੇ ਲੜ ਲਾਣਾ ਬੁਰਾ ਸਮਝਿਆ ਜਾਂਦਾ ਹੈ। ਹੈਵੀ ਠੀਕ, ਪੜ੍ਹੇ ਤੇ ਅਨਪੜ੍ਹੇ ਦਾ ਮੇਲ ਕੀ ? ਇਸ ਕਰਕ ਗ੍ਰੈਜੂਏਟਾਂ ਦੀ ਲੋੜ ਢੇਰ ਹੋਈ। ਬੰਗਾਲ ਦੀ ਵਬਾ ਪੰਜਾਬ ਵਿਚ ਆਈ। ਬੰਗਾਲ ਵਿਚ ਧੀਆਂ ਦੇ ਮਾਪਿਆਂ ਕੋਲੋਂ, ਹੋਣ ਵਾਲੇ ਜਵਾਈ ਐਨਾਂ ਧੰਨ ਮਾਲ ਮੰਗਦੇ ਸਨ ਕਿ ਮਾਪੇ ਦੇ ਨਹੀਂ ਸੀ ਸਕਦੇ। ਜਿਸ ਦੀਆਂ ਧੀਆਂ ਢੇਰ ਹੋਣ ਉਹ ਕਰਜ਼ਦਾਰ ਤੇ ਜੀਊਂਦਾ ਮਰ ਜਾਂਦਾ ਸੀ। ਇਹ ਬੀਮਾਰੀ ਅਜੇਹੀ ਵਧੀ ਕਿ ਪੜ੍ਹੀਆਂ ਲਿਖੀਆਂ, ਹਾਂ ਜੀ ਸਾਡੀ ਸੁਸਾਇਟੀ ਦੀਆਂ ਪ੍ਰੀਤਰਦਾਆਂ ਅੰਗੂਰੀਆਂ ਤੇ ਦੇਸ ਨੂੰ ਉੱਚਾ ਕਰਨ ਵਲੀਆਂ ਦੇਵੀਆਂ, ਨਿਰਦੇਈ ਪੜ੍ਹੇ ਹੋਣ ਵਾਲੇ ਪਤੀਆਂ ਦੀਆਂ ਅੱਤ ਭਾਰੀਆਂ ਮੰਗਾਂ ਤੋਂ, ਆਪਣੇ ਮਾਪਿਆਂ ਨੂੰ ਛੁਟਕਾਰਾ ਦੇਣ ਲਈ ਆਪ ਆਪਣਾ ਆਪ ਗਵਾ ਗਈਆਂ। ਸੁਸਾਇਟੀ ਦਾ ਜ਼ੁਲਮ ਮਿਟਾਣ ਲਈ ਆਪ ਮਿਟ ਗਈਆਂ। ਕੀ ਪੜ੍ਹੇ ਲਿਖੇ ਮਰਦ ਅਪਣੀ ਗਿਚੀ ਉੱਚੀ ਕਰਕੇ ਕੁਝ ਆਖ ਸਕਦੇ ਨੇਂ ? ਇਹ ਹਵਾ, ਹਾਂ ਜੀ ਨਵੀਂ ਵਿਦਿਆ ਦੀ ਹਨੇਰੀ ਦਾ ਝੱਖੜ ਪੰਜਾਬ ਵਿਚ ਵੀ ਆ ਗਿਆ। ਉਹੀ ਧੀਆਂ ਦੇ ਮਾਪਿਆਂ ਨੂੰ ਵਰ ਲੱਭਣ ਵਿਚ ਕਲੇਸ਼, ਤੇ ਓਹੀ ਹੁਣ ਦੇ ਨਿਰਦਈ ਗ੍ਰੈਜੂਏਟ ਤੇ ਪੜ੍ਹੇ ਲਿਖੇ ਮੁੰਡਿਆਂ ਦੀ ਆਪਣੀ, ਜਾਂ ਉਨ੍ਹਾਂ ਦੇ ਮਾਪਿਆਂ ਦੀ ਮੰਗ, ਧੀਆਂ ਦੇ ਮਾਪਿਆਂ ਲਈ ਕਲੇਸ਼ ਦਾਇਕ ਹੋਗਈ। ਧੀਆਂ ਪੜ੍ਹਾਈਆਂ, ਮੁਟਿਆਰ ਕਰਾਈਆਂ, ਹੁਣ ਸੁਟਣ ਕਿਥੇ ? ਕਾਲਜਾਂ ਵਿਚ

ਮੁੰਡੇ ਦੀ ਟੋਲ ਹੁੰਦੀ ਹੈ। ਮੁੰਡੇ ਮਖੌਲ ਉਡਾਂਦੇ ਨੇਂ। ਮਾਪੇ ਸਭ ਸਹਿੰਦੇ। ਕੀ ਇਹ ਕਾਲਜਾਂ ਦੀ ਕਲਚਰ ਹੈ ਜਾਂ ਨਵੀਂ ਰੌਸ਼ਨੀ ਦਾ ਚਮਕਾਰ? ਜੋ ਕੁਝ ਹੈ ਧ੍ਰਿਗ ਹੈ, ਜੇ ਵਿਆਹ ਕਿਸੇ ਤਰ੍ਹਾਂ ਹੋ ਵੀ ਜਾਵੇ, ਤਾਂ ਮੁੰਡੇ ਵਿਆਹ ਪਿਛੋਂ ਵਹੁਟੀ ਨੂੰ ਤੁਖਣੀਆਂ ਦਿੰਦੇ ਹਨ। ਧੀ ਵਿਚਾਰੀ ਬੇਬਸ, ਮਾਪਿਆਂ ਕੋਲੋਂ ਕਿਥੋਂ ਤਕ ਲਿਆਵੇ, ਮਾਪੇ ਵੀ ਕਿਥੋਂ ਤੀਕਣ ਦਈ ਜਾਣ? ਨਤੀਜਾ; ਗ੍ਰਿਹਸਤ, ਹਾਂ ਨਵੀਂ ਗ੍ਰਿਹਸਤ ਅੰਗੁਰੀ ਨੂੰ, ਵਿਦਯਾ ਤੋਂ ਜੰਮੇਂ ਲਾਲਚ ਦੇ ਝਾੜ-ਦਬਾ ਲੈਂਦੇ ਨੇਂ। ਵੇਖੋ ਚਨਿਓਟ ਵਿਚ ਇਕ ਬੇਦੋਸ ਚੰਗੇ ਘਰ ਦੀ ਧੀ, ਤੇ ਨੂੰਹ ਦਾ ਕਤਲ। ਜੇ ਅਜੇ ਵੀ ਸੁਸਾਇਟੀਆਂ ਦੀਆਂ ਅੱਖਾਂ ਨਾ ਖੁਲ੍ਹਣ। ਤਾਂ ਅਜਿਹੀ ਸੁਸਾਇਟੀ ਸਮੁੰਦਰ ਵਿਚ ਡੁਬਣ ਦੇ ਲੈਕ ਹੈ।

ਅਸੀ ਇਹ ਵੀ ਦਸ ਦਈਏ, ਕਿ ਹੁਣ ਪੜ੍ਹੀਆਂ ਪੰਜਾਬੀ ਧੀਆਂ ਵੀ ਇਸ ਗਲ ਨੂੰ ਸਮਝਦੀਆਂ ਤੇ ਬੁਝਦੀਆਂ ਹਨ। ਉਹ ਵੀ ਆਪਣੀਆਂ ਮਾਵਾਂ ਭੈਣਾਂ ਤੇ ਅਤਯਚਾਰ ਹੁੰਦਾ ਵੇਖ, ਇਹ ਖਿਆਲ ਕਰਦੀਆਂ ਨੇਂ, ਕਿ ਵਿਆਹ ਈ ਨਾ ਕਰਾਯਾ ਜਾਵੇ। ਵਿਦਯਾ ਪੜ੍ਹਕੇ, ਉਹ ਕੋਈ ਨੌਕਰੀ ਕਰ ਲੈਣ, ਤੇ ਜ਼ਾਲਮ ਗਭਰੂਆਂ ਤੋਂ ਸੁਤੰਤ੍ਰ ਹੋ ਜਾਣ।

ਜੇ ਇਹ ਖਿਆਲ ਪਕਾ ਹੋ ਗਿਆ, ਤੇ ਸਾਡੇ ਹੋਣਹਾਰ ਗ੍ਰੈਜੂਏਟਾਂ ਨੇ ਆਪਣਾ ਮੰਦਾ ਵਰਤਾਵਾ ਨਾ ਬਦਲਿਆ, ਤਾਂ ਸਾਡੀ ਪੜ੍ਹੀ ਲਿਖੀ ਸੁਸਾਇਟੀ ਵਿਚ ਤਰਥੱਲੀ ਮਚ ਜਾਸੀ, ਤੇ ਲੋਕ ਉਚੀ ਵਿੱਦਿਆ ਤੋਂ ਕੰਨਾਂ ਤੇ ਹਥ ਰਖਣਗੇ। ਵਧਦੀ ਰੀਫ਼ਾਰਮ ਦਾ ਬੂਟਾ ਸੜ ਜਾਏਗਾ। ਤੇ ਫੇਰ ਸਭ ਨੂੰ ਸ਼ੋਕ ਹੋਸੀ। ਹੁਣੇ ਇਸ ਮਾਮਲੇ ਨੂੰ ਸੰਭਲਿਆ ਜਾਏ ਤਾਂ ਚੰਗਾ ਹੈ। ਇਸ ਦੇ ਰੋਕਣ ਦੀਆਂ ਇਹ ਤਜਵੀਜ਼ਾਂ ਹੈਨ।

(੧) ਹਰ ਕਾਲਜ ਵਿਚ ਇਸ ਵਧਦੀ ਬਲਾ ਨੂੰ ਰੋਕਣਲਈ ("No Dowry League") "ਬਿਨਾ ਦਾਜ ਵਿਆਹ" ਕਰਾਣ ਵਾਲਿਆਂ ਦੇ ਜਥੇ ਬਣ ਜਾਣ।ਹਰ ਵਿਦਿਆਰਥੀ ਉਸਦਾ ਮੈਂਬ੍ਰ ਹੋਵੇ।

(੨) ਕੁੜੀਆਂ ਅਜਿਹੇ ਗਭਰੂਆਂ ਨਾਲ, ਜੇਹੜੇ ਉਨ੍ਹਾਂ ਦੇ

ਮਾਪਿਆਂ ਕੋਲ ਧੰਨ ਦੀ ਮੰਗ ਕਰਨ ਵਿਆਹ ਕਰਨੋਂ ਇਨਕਾਰ ਕਰ ਦੇਣ। ਕੁੜੀਆਂ ਵੀ ਏਸੇ ਤਰ੍ਹਾਂ ਦੀਆਂ ਸਭਾਵਾਂ ਬਨਾਣ।

(੩) ਸੁਸਾਇਟੀ ਵਿਚ ਅਜਿਹੇ ਮਰਦਾਂ ਦੇ ਬਰਖਿਲਾਫ਼ ਘ੍ਰਿਣਤਾ ਹੋਵੇ, ਜੇਹੜੇ ਧੰਨ ਦੀ ਮੰਗ ਕਰਨ।

(੪) ਕੋਈ ਮਾਪੇ ਆਪਣੀ ਧੀ ਅਜਿਹੇ ਮਰਦ ਨੂੰ ਨਾ ਦੇਣ ਜਿਸਦੀ ਅਗੇ ਵਹੁਟੀ ਹੋਵੇ।

(੫) ਇਸ ਵਧਦੀ ਬੀਮਾਰੀ ਦੇ ਬਰਖਿਲਾਫ਼ ਆਵਾਜ਼ ਉਠਾਈ ਜਾਏ, ਵਿਆਹ ਦੀਆਂ ਰਸਮਾਂ ਘਟ ਕੀਤੀਆਂ ਜਾਣ। ਜੇਹੜੇ ਅਮੀਰ ਵੇਖਾ ਵੇਖੀ ਵੱਡੇ ਵੱਡੇ ਦਾਜ ਵਿਖਾਕੇ ਦਿੰਦੇ ਹਨ, ਸੁਸਾਇਟੀ ਉਨ੍ਹਾਂ ਦੇ ਵਿਖਾਵੇ ਵਿਚ ਨਾ ਜਾਵੇ।

ਜਿੱਨਾ ਚਿਰ, ਪੜ੍ਹੇ ਲਿਖੇ ਇਸ ਗੱਲ ਦੇ ਰੋਕਣ ਲਈ ਢੇਰ ਜਤਨ ਨਾ ਕਰਨਗੇ, ਇਸ ਵਧਦੇ ਹੜ੍ਹ ਨੇ ਰੁਕਣਾ ਨਹੀਂ। ਪੰਜਾਬ ਹਮੇਸ਼ ਸਾਰੇ ਹਿੰਦ ਵਿਚ ਇਕ ਵੱਡਾ ਸੁਧਰਿਆ, ਭਾਈ-ਚਾਰਕ ਤੇ ਧਾਰਮਕ ਮਾਮਲਿਆਂ ਵਿਚ ਨਿਧੜਕ ਰੀਫਾਰਮ ਕਰਨ ਵਾਲਾ ਸੂਬਾ ਗਿਣਿਆ ਜਾਂਦਾ ਹੈ। ਕੀ ਪੰਜਾਬੀ ਆਪਣੇ ਮਥੇ ਤੇ, ਅਜਿਹੀ ਰਸਮ ਨੂੰ ਨਾ ਰੋਕ ਕੇ ਮੁਕਾਲਕ ਦਾ ਟਿਕਾ ਲਵਾਣਗੇ? ਕਦੀ ਨਹੀਂ। ਉਹ ਧਰਤੀ, ਜਿਥੇ ਸਿਖ ਗੁਰੂਆਂ ਨੇ ਉੱਚੀ ਧਾਰਮਕ ਤੇ ਭਾਈਚਾਰਕ ਰੀਫ਼ਾਰਮ ਕੀਤੀ ਹੋਵੇ, ਤੇ ਜਿਥੇ ਪਿਛੋਂ ਸੁਆਮੀ ਦਿਆ ਨੰਦ ਨੇ ਸੁਧਾਰ ਦਾ ਸਬਕ ਸਿਖਾਇਆ ਹੋਵੇ, ਤੇ ਜਿਥੇ ਸਨਾਤਨੀ ਭੀ ਰੀਫਾਰਮ ਵਿਚ ਪਿਛੇ ਨਾ ਹੋਣ, ਕਦੀ ਵੀ ਇਸਤ੍ਰੀ ਜਾਤੀ ਤੇ ਜ਼ੁਲਮ ਹੁੰਦਾ ਵੇਖ ਸਹਾਰ ਨਹੀਂ ਸਕੇਗੀ।

--o--

ਸਿੱਟਾ !

ਇਸ ਲੇਖ ਵਿੱਚ ਅਸਾਂ ਪਛਮੀ ਤੇ ਪੂਰਬੀ ਗ੍ਰਿਹਿਸਤਾਸ਼੍ਰਮ ਦਾ ਨਕਸ਼ਾ ਖਿਚਿਆ ਹੈ। ਇਸਦਾ ਮਤਲਬ ਇਹ ਹੈ, ਕਿ ਪਛਮੀ ਨਵੀਂ ਵਿਉਂਤ ਸਾਡੇ ਗ੍ਰਿਹਿਸਤਾਸ਼੍ਰਮ ਲਈ ਢੁਕਦੀ ਨਹੀਂ। ਕਿਉਂਕਿ ਸਾਡੀ ਦਿਸ਼ਾ ਪਛਮ ਨਾਲੋਂ ਵਖਰੀ ਹੈ। ਸਾਡੀ ਭਾਰਤ ਦੀ ਕਲਚਰ ਵੀ ਪਛਮੀ ਕਲਚਰ ਤੋਂ ਢੇਰ ਪੁਰਾਣੀ ਹੈ। ਨਾਲ ਈ ਇਹ ਵੀ ਦਸ ਦਿਤਾ ਹੈ ਕਿ ਸਾਡੇ ਗ੍ਰਿਹਿਸਤਾਸ਼੍ਰਮ ਵਿਚ ਢੇਰ ਸੁਧਾਰ ਦੀ ਲੋੜ ਹੈ। ਸਾਡਾ ਆਪਣੀ ਇਸਤ੍ਰੀਆਂ ਤੇ ਜ਼ੁਲਮ ਘਿਣਤਾ ਜੋਗ ਹੈ। ਸਾਨੂੰ ਐਸ ਵੇਲੇ ਲੋੜ ਹੈ; ਸਾਦੇ ਜੀਊਣ ਦੀ, ਧਨ ਸੰਗੁਚ ਨਾਲ ਵਰਤਨ ਦੀ, ਪਛਮੀ ਐਬਾਂ ਤੋਂ ਬਚਨ ਦੀ। ਪਰ ਅਸੀਂ ਵੇਖਦੇ ਹਾਂ, ਅਸੀ ਪਛਮੀ ਫੈਸ਼ਨ ਦੇ ਹੜ ਵਿਚ ਰੁੜ੍ਹੀ ਜਾਂਦੇ ਹਾਂ। ਗੋਤੇ ਖਾ ਖਾ ਡੁਬਨ ਲਗੇ ਹਾਂ। ਪਰ ਮਸਤੀ ਵਿਚ ਆਖਨੇ ਹਾਂ, ਵਾਹ ਵਾ, ਇਹ ਅੰਮ੍ਰਿਤ ਦਾ ਪ੍ਰਵਾਹ ਹੈ, ਇਹੀ ਸਾਨੂੰ ਦੁਨੀਆਂ ਵਿਚ ਉਚਾ ਕਰੇਗਾ। ਇਸ ਤੋਂ ਜ਼ਿਆਦਾ ਹੋਰ ਕੀ ਭੁਲੇਖਾ ਹੋ ਸਕਦਾ ਹੈ।

ਇਸ ਲੇਖ ਵਿਚ ਅਸਾਂ ਕੋਈ ਚੀਚੀ ਦਾ ਪਹਾੜ ਨਹੀਂ ਬਨਾਯਾ। ਹਾਂ ਜੇ ਕਿਧਰੇ ਪਦ ਸਖਤ ਵਰਤੇ ਹੈਣ, ਤਾਂ ਉਹ ਕੇਵਲ ਸੁਧਾਰ ਦੀ ਲੋੜ ਨੂੰ ਪਾਠਕਾਂ ਦੇ ਦਿਮਾਗ ਤੇ ਤੇਜ਼ ਸਟ ਲਾਕੇ, ਪ੍ਰਗਟ ਕਰਨ ਦੀ ਖਾਤਰ ਹਨ। ਭੁਲ ਚੁਕ ਪਾਠਕ ਬਖਸ਼ ਦੇਣ।

ਸਤਿ ਸ੍ਰੀ ਅਕਾਲ !!

ਮਸੂਰੀ
੧੪ ਸਤੰਬਰ ੧੯੨੯

ਬਾਵਾ ਬੁਧ ਸਿੰਘ

ੴ ਸਤਿਗੁਰਪ੍ਰਸਾਦਿ ॥

ਹੱਥ ਜੋੜ ਬਿਨਤੀ ਕਰਾਂ, ਸੁਣੋ ਸੁਰੱਸਤੀ ਮਾਇ।
ਨਾਟਿਕ ਲਿਖ ਤੀਅ ਜ਼ਾਤਿ ਕੋ, ਊੱਚਾ ਦਿਆਂ ਕਰਾਇ।

ਨਾਰ ਨਵੇਲੀ ਤੇ ਊੱਚ ਇਸਤ੍ਰੀ

—0—

ਨੋਟ:–ਇਸ ਨਾਟਕ ਵਿਚ ਸਭ ਨਾਉਂ ਥਾਉਂ ਤੇ ਵੇਲੇ ਫ਼ਰਜ਼ੀ ਹੈਨ। ਨਾਟਕੀ ਮਾਨੁੱਖ ਸਭ ਪੜ੍ਹੇ ਲਿਖੇ ਹੋਣ ਕਰਕੇ ਬੋਲੀ ਵਿਚ ਅੰਗਰੇਜ਼ੀ ਪਦ ਢੇਰ ਵਰਤੇ ਹਨ।

[ਬ. ਬ. ਸ.

ਛੁੱਟੀ ਦਾ ਦਿਨ ਹੈ। ਪ੍ਰੋਫ਼ੈਸਰ ਪ੍ਰਸ਼ੋਤਮ ਦਾਸ ਮੈਹਰਾ ਆਪਣੇ (Study) ਪੜ੍ਹਣ ਲਿਖਣ ਦੇ ਕਮਰੇ ਵਿਚ ਬੈਠਾ ਸਵੇਰ ਦੀ ਡਾਕ ਵੇਖ ਰਿਹਾ ਹੈ। ਕਮਰਾ ਸਾਫ਼ ਸੁਥਰਾ ਹੈ। ਇਕ ਬੂਹਾ ਬਾਹਰ ਬਰਾਂਡੇ ਵਿਚ ਖੁਲ੍ਹਦਾ ਹੈ ਤੇ ਇਕ ਗੋਲ ਕਮਰੇ ਵਿਚ। ਦੋ ਬਾਰੀਆਂ ਇਕ ਸਾਮ੍ਹਣੇ ਪਾਸੇ ਸੜਕ ਵਲ ਖੁਲ੍ਹਦੀ ਹੈ ਤੇ ਇਕ ਹਾਤੇ ਵਿਚ। ਇਕ ਮੇਜ਼ ਸੜਕ ਵਾਲੀ ਬਾਰੀ ਕੋਲ ਲਗੀ ਹੈ, ਜਿਸ ਤੇ ਸੋਹਣਾ ਕਲਮ-ਦਾਨ, ਇਕ ਸਟੇਸ਼ਨਰੀ ਰੈਕ ਤੇ ਕੁਝ ਕਿਤਾਬਾਂ ਪਈਆਂ ਨੇਂ। ਇਕ ਭੌਣ ਵਾਲੀ ਕੁਰਸੀ ਮੇਜ਼ ਦੇ ਪਾਸ ਧਰੀ ਹੈ; ਮੂੰਹ ਸੜਕ ਵਲ ਹੈ। ਦੋ ਫਾਲਤੂ ਕੁਰਸੀਆਂ ਕੰਧ ਕੋਲ ਪਈਆਂ ਹੈਨ। ਗੋਲ ਕਮਰੇ ਵਿਚ ਜੇਹੜਾ ਬੂਹਾ ਖੁਲ੍ਹਦਾ ਹੈ ਉਸ ਦੇ ਦੋ ਪਾਸੀਂ ਕਿਤਾਬਾਂ ਦੀਆਂ ਅਲਮਾਰੀਆਂ ਧਰੀਆਂ ਹੈਨ। ਪਰ ਸਾਫ਼ ਸੁਥਰੀਆਂ, ਘੱਟੇ ਦਾ ਨਾਂ ਨਹੀਂ। ਇਕ ਵਿਚ ਕਾਲਜ ਦੀ ਕਿਤਾਬਾਂ ਤੇ ਦੂਈ ਵਿਚ ਆਮ ਲਿਟ੍ਰੇਚਰ ਦੀਆਂ ਪੁਸਤਕਾਂ ਹੈਨ। ਕੰਧ ਨਾਲ ਕਿਲਾਂ ਤੇ ਦੋ ਟੈਨਸ ਬੈਟ ਲਟਕਦੇ ਹੈਨ ਤੇ ਇਕ ਤਿਪਾਈ ਬਾਰੀ ਕੋਲ ਪਈ ਹੈ, ਜਿਸ ਤੇ ਸਿਗਰਟ ਬਕਸ, ਐਸ਼ਟਰੇ ਤੇ ਇਕ ਚਾਹ ਦੀ ਪਿਆਲੀ ਪਈ ਹੈ। ਕੋਲ ਇਕ ਕੁਰਸੀ ਪਈ ਹੈ। ਪ੍ਰੋਫ਼ੈਸਰ ਹੋਰੀਂ ਹੁਣੇ ਚਾਹ ਪੀ ਚੁਕੇ ਹੈਨ ਤੇ ਸਿਗਰਟ ਮੂੰਹ ਵਿਚ ਲਈ ਕੁਰਸੀ ਤੇ ਬੈਠੇ, ਕਦੀ ਸੋਚਾਂ ਵਿਚ ਕੁਰਸੀ ਪਿੱਛੇ ਕਰਦੇ ਨੇਂ, ਕਦੀ ਮੇਜ਼ ਵਲ ਝੁਕ ਜਾਦੇ ਨੇਂ।

ਪ੍ਰੋਫ਼ੈਸਰ ਸਾਹਿਬ, ਕਮੀਜ਼ ਤੇ ਪਤਲੂਨ ਵਿਚ ਹੀ ਬੈਠੇ ਹੈਨ। ਸਿਰੋਂ ਨੰਗੇ। ਕਿੱਲੀ ਨਾਲ ਕੋਟ ਤੇ ਟੋਪੀ ਟੰਗੀ ਹੈ। ਇਨ੍ਹਾਂ ਦੀ ਰਹਿਣੀ ਬਹਿਣੀ ਦਸਦੀ ਹੈ ਕਿ ਅੱਜ ਕਲ ਦੇ ਅੰਗਰੇਜ਼ੀ ਫ਼ੈਸ਼ਨ ਦੇ ਮੁਰੀਦ ਹੈਨ। ਦਾੜ੍ਹੀ ਮੁੱਛ ਸਫਾ-ਚੱਟ। ਸਿਰ ਦੇ ਵਾਲ ਵਿਚੋਂ ਚੀਰ ਕਢਕੇ ਦੋ ਪਾਸੀਂ ਬੁਰਸ਼ ਕੀਤੇ ਹੋਏ ਹੈਨ। ਰੰਗ ਕਣਕੀ। ਦੇਹ ਭਰਵੀਂ, ਪਰ ਫੁਰਤੀਲੀ, ਪਰ ਚੇਹਰੇ ਤੇ ਖੁਸ਼ੀ ਨਹੀਂ ਲਭਦੀ। ਕਮਰੇ ਦੀ ਸਫ਼ਾਈ, ਮੇਜ਼ ਦੀ ਸਜਾਵਟ, ਇਕ ਛੋਟੇ ਫੁਲਦਾਨ ਵਿਚ ਫੁੱਲਾਂ ਦਾ ਸੋਹਣੀ ਵਿਉਂਤ ਨਾਲ ਸਜਾਨਾਂ, ਪਰਦਿਆਂ ਦਾ ਰੰਗ ਤੇ ਲਟਕਨ, ਤਸਵੀਰਾਂ ਦੀ ਚੋਣ, ਇਹ ਸਭ ਗੱਲਾਂ ਦਸਦੀਆਂ ਨੇ ਕਿ ਘਰਵਾਲੀ ਵੀ ਸੁਘੜ ਤੇ ਅੱਜ ਕਲ ਦੇ ਫ਼ੈਸ਼ਨ ਦੀ ਜਾਣੂ ਹੈ। ਪ੍ਰੋਫ਼ੈਸਰ ਜੀ ਦੀ ਉਮਰ ਕੋਈ ੨੫ ਕੁ ਵਰ੍ਹੇ ਦੀ ਹੈ। ਕਾਲਜ ਵਿਚ

ਇਹ ਬੜੇ ਵਰਜਸ਼ੀ ਤੇ ਖਿਡਾਰੀ ਗਿਣੇ ਜਾਂਦੇ ਸਨ। ਯੂਨੀਵਰਸਟੀ ਟੈਨਸ ਦੇ ਸ਼ੈਮਪੀਅਨ ਸਨ। ਯੂਨੀਵਰਸਟੀ ਦੇ ਇਮਤਿਹਾਨਾਂ ਵਿਚ ਅਵਲ ਰਹਿੰਦੇ ਰਹੇ। ਐਮ. ਏ. ਫਿਲਾਸਫ਼ੀ ਵਿਚ ਪਾਸ ਕੀਤਾ, ਫੇਰ ਇਕ (ਥੀਸਸ) ਲੇਖ "Evolution of women in India." ਹਿਦੁਸਤਾਨ ਵਿਚ ਇਸਤ੍ਰੀ ਜ਼ਾਤੀ ਦੀ ਚੜ੍ਹਦੀ ਕਲਾ ਤੇ ਲਿਖਿਆ ਹੈ, ਜੇਹੜਾ ਵਲੈਤ ਦੇ ਪ੍ਰੋਫ਼ੈਸਰਾਂ ਨੇ ਬੜੇ ਉੱਚੇ ਦਰਜੇ ਦਾ ਖੋਜ ਭਰਿਆ ਦਸਿਆ, ਅਰ ਡਾਕਟਰ ਔਫ਼ ਫਲਾਸਫ਼ੀ Ph. D., ਦੀ ਡਿਗਰੀ ਦਣ ਦੀ ਯੂਨੀਵਰਸਟੀ ਨੂੰ ਸਫ਼ਾਰਸ਼ ਕੀਤੀ। ਪ੍ਰੋਫ਼ੈਸਰਜੀ ਦੋ ਤਿੰਨ ਸਾਲ ਤੋਂ ਗੌਰਮੈਂਟ ਕਾਲਜ ਵਿਚ ਅਸਿਸਟੈਂਟ ਪ੍ਰੋਫ਼ੈਸਰ ਹੈਨ। ਅਜੇ ਤਕ (I. E. S.) ਆਈ. ਈ. ਐਸ. ਵਿਚ ਨਹੀਂ ਲਿਤੇ ਗਏ, ਪਰ ਆਸ ਹੈ ਕਿ ਵਰ੍ਹੇ ਕੁ ਵਿਚ ਅਸਾਮੀ ਖਾਲੀ ਹਣ ਤੇ ਇਹ ਜ਼ਰੂਰ ਲੀਤੇ ਜਾਣਗੇ, ਸਿਫਾਰਸ਼ ਹੋ ਚੁਕੀ ਹੈ। ਇਨ੍ਹਾਂ ਦਾ ਪਿਤਾ ਲਾ: ਲਾਲ ਚੰਦ ਦੁਕਾਨਦਾਰ ਹੈ, ਪਰ ਚੰਗੀ ਰੋਟੀ ਕਮਾਂਦਾ ਹੈ। ਇਨ੍ਹਾਂ ਦੀ ਸ਼ਹਿਰ ਵਿਚ ਇਕ ਚੰਗੀ ਹਵੇਲੀ ਵੀ ਹੈ।

ਪ੍ਰੋਫ਼ੈਸਰ ਜੀ ਦੀ ਸ਼ਾਦੀ ਸਾਵਿਤ੍ਰੀ ਦੇਵੀ, ਜੋ ਦੀਵਾਨ ਬਹਾਦਰ ਸ਼ਾਮ ਬਿਹਾਰੀ ਲਾਲ C. I. E. ਦੀ ਵੱਡੀ ਪੁਤ੍ਰੀ ਹੈ, ਅਰ ਪਿਤਾ ਨਾਲ ਵਲੈਤ ਵੀ ਹੋ ਆਈ ਹੈ, ਦੇ ਨਾਲ ਡਢਕੁ ਵਰ੍ਹਾ ਹੋਇਆ ਹੋਈ ਹੈ। ਵਿਆਹ ਪਿੱਛੋਂ, ਇਨ੍ਹਾਂ ਨੇ ਸ਼ਹਿਰ ਰਹਿਣਾ ਛਡ ਦਿਤਾ ਤੇ ਹੁਣ ਨਿਸਬਤ ਰੋਡ ਉਤੇ ਕਰਾਏ ਤੇ ਦੋ-ਮੰਜ਼ਲੇ ਘਰ ਵਿਚ ਰਹਿੰਦੇ ਹੈਨ। ਇਕ ਸੌ ਦਸ ਰੁਪਏ ਕਰਾਇਆ ਹੈ। ਛੂਤ ਛਾਤ ਨੂੰ ਛਿੱਕੇ ਤੇ ਰਖ ਚੁਕੇ ਹੈਨ, ਤੇ ਅੰਗਰੇਜ਼ੀ ਫੈਸ਼ਨ ਵਿਚ ਰਹਿੰਦੇ ਹੈਨ। ਇਕ ਖਾਨਸਾਮਾ ਤੇ ਇਕ ਹੋਰ ਨੌਕਰ ਹੈ ਨੇ। ਤਨਖਾਹ ਅਜੇ ੩੦੦) ਦੇ ਕਰੀਬ ਤੇ ਪੰਜਾਹਕੁ ਰੁਪਏ ਪਰਚੇ ਵੇਖਣ ਦੀ ਆਮਦਨ!

ਪ੍ਰੋ: ਮੈਹਰਾ-(ਇਕ ਚਿਠੀ ਖੋਲ੍ਹ ਤੇ ਵੇਖਕੇ ਅੱਖਾਂ ਟੱਡ ਪਿੱਛੇ ਹੋ) ਲੌ ਇਕ ਹੋਰ ਬਿਲ! ਮੇਮ ਸਾਹਿਬ ਨੇ ਬਾਲ ਮੰਡੀ ਤੋਂ 'ਬਾਲ' ਦੇ ਕਪੜੇ ਸਵਾਏ। ਦੋ ਸੋ ਪੰਜਾਹ ਦਾ ਜੂਤ ਹੋਰ ਵੱਜਾ। ਅਗੇ ਡੇਢ ਸੌ ਦਾ ਬਿਲ ਕਲੱਬ ਦਾ ਪਿਆ ਏ। ਹੇ ਰੱਬਾ! ਸਾਡੀ ਪੂਰੀ ਕੀਕਣ ਪੈਸੀ? ਪਿਛਲੇ ਮਹੀਨੇ ਨਵੀਂ ਸਾੜ੍ਹੀ, ਬਜੇਜ਼, ਬੂਟ ਗੁਰਗਾਬੀ ਉਤੇ ਮੈਂ ਦੋ ਸੋ ਖਰਚ ਚੁਕਾ ਹਾਂ। ਹੁਣ ਮਹੀਨੇ ਦੇ ਪੰਜ ਦਿਨ ਨਹੀਂ ਗੁਜ਼ਰੇ, ਚਾਰ ਸੋ ਦੇ ਬਿਲ ਆ ਗਏ। ਅਜੇ ਹੋਰ ਪਤਾ ਨਹੀਂ। ਤਨਖਾਹ ਦੇ ਤਿੰਨ ਸੋ ਤੇ ਔਹ ਗਏ। ਬਾਕੀ ਘਾਟਾ ਈ ਘਾਟਾ। ਸਚ ਹੈ, ਫ਼ੈਸ਼ਨ! ਅੰਗ੍ਰੇਜ਼ੀ ਫ਼ੈਸ਼ਨ ਤੇ ਫੇਰ ਵਡਮੁੱਲਾ ਹੈ। ਦੋ ਹਜ਼ਾਰ ਦਾ ਕਰਜ਼ਾ ਸਿਰ ਤੇ ਹੋ ਚੁਕਾ। ਹੁਣ ਯਾਰਾਂ ਕੋਲੋਂ ਮੰਗਦੇ ਵੀ ਸ਼ਰਮ ਆਉਂਦੀ

ਹੈ। ਜ ਆਪਣੀ ਇਸਤ੍ਰੀ ਨੂੰ ਕੁਝ ਆਖਾਂ ਤਾਂ ਭੰਡੀ ਪਵੇ, ਸੁਸੈਟੀ ਵਿਚ ਬੁਰਾ ਬਣਾਂ।ਹੇ ਰੱਬਾ ! ਕਰਾਂ ਤੇ ਕੀ ਕਰਾਂ ? ਸਭ ਫਲਾਸਫ਼ੀ ਤੇ ਸੋਚ ਇਸ ਇਸਤ੍ਰੀ ਨੇ ਭੁਲਾਈ। ਹਾਂਜੀ ਖ਼ੂਬ ਪਤਨੀ ਆਈ।ਵਾਹਵਾ,ਇਸੇ ਨੂੰ ਲੋੜਦੇ ਸਾਂ ਕਿ ਫ਼ੈਸ਼ਨਦਾਰ ਵੋਹਟੀ ਮਿਲੇ। ਸੋ ਮਿਲੀ,ਅਜੇਹੀ ਮਿਲੀ ਕਿ "ਮਿਲ" ਵਾਂਗੂ ਪੀਹ ਦਿਤਾ।ਸਾਡਾ ਸੁਖ ਅਰਾਮ ਤੇ ਉਸ ਦੇ ਅਰਪਣ ਹੋ ਚੁਕਾ। ਅਸੀਂ ਤੇ ਹੁਣ ਰਹੇ ਮਜ਼ੂਰ, ਕਮਾਈਏ ਤੇ ਖਵਾਈਏ।ਉਹਪ੍ਰੇਮ ਪਿਆਰ ਜੇੜ੍ਹਾ ਵਿਆਹ ਤੋਂ ਪਹਿਲਾਂ ਚਮਕਅੱਖਾਂ ਮਾਰਦਾ ਸੀ,ਹੁਣ ਨਜ਼ਰ ਨਹੀਂ ਆਉਂਦਾ। ਬਸ ਰੋਜ਼ ਟ੍ਰੇਨਾਂ ਦੀ ਟਾਈਮ-ਟੇਬਲ ਵਾਂਗੂ ਚਲਨਾਂ ਪੈਂਦਾ ਹੈ। ਸੀਟੀ ਵੱਜੀ ਟੁਰੋ ! ਲਾਲ ਝੰਡੀ, ਖੜੋ; ਏਹੀ ਕਵੈਦ ਹੈ। ਅਜ਼ਾਦੀ ਗਈ। ਇਹ ਸਵਰਾਜ ਆਇਆ। ਪਰ ਲੋਕੀਂ ਤੇ ਆਖਦੇ ਨੇ ਕਿ ਆਪਣੀਆਂ ਰਸਮਾਂ ਤੇ ਰੀਤਾਂ ਬਦਲਕੇ ਸੁਤੰਤਰ ਕੋਮਾਂ ਵਾਂਗੂ ਬਣਾਓ,ਤਾਂਹੀਂ ਸੁਤੰਤਰ ਹੋਵੋਗੇ।ਮੈਂ ਤੇ ਅਜੇ ਦੋ ਪੋੜੀਆਂ ਈ ਚੜ੍ਹਿਆ,ਲਤਾਂ ਬਸ ਥਕ ਗਈਆਂ, ਸਾਹ ਗਿਆ ਫੁਲ,ਅਜੇ ਛਤ ਤੇ ਹੈ ਦੂਰ।(ਕੁਰਸੀ ਤੋਂ ਉਠ ਕਮਰੇ ਵਿਚ ਫਿਰਦਾ ਹੈ ਸੋਚ ਵਿਚ) ਕੀ ਮੇਰੇ 'ਥੀਸਸ' ਤ੍ਰੀਮਤਾਂ ਤੇ ਲੇਖ) ਵਿਚ ਕੁਝ ਘਾਟ ਸੀ। ਹੈਂ ਪਰ ਵਲੈਤ ਦੇ ਵਡੇ ਵਡੇ ਡਾਕਟਰਾਂ ਨੇ ਉਹ ਲੇਖ ਪਸੰਦ ਕੀਤਾ। ਤਾਹੀਂ ਡਾਕਟਰ ਦੀ ਪਦਵੀ ਮਿਲੀ। ਪਰ ਕੀ ਕਾਰਨ, ਵਰਤੋਂ ਵਿਚ ਉਹ ਨਤੀਜੇ ਪੂਰੇ ਨਹੀਂ ਢੁਕਦੇ? ਹਾਏ ਲੇਖੋ! (ਜ਼ੋਰ ਨਾਲ ਪੈਰ ਮਾਰਦਾ ਹੈ) ਮੈਂ ਦੋਵੇਂ ਸਿਰੇ ਕੀਕਨ ਮੇਲਾਂ। ਖਰਚ ਤੇ ਆਮਦਨ ਕੀਕਨ ਪੂਰੀ ਕਰਾਂ ! ਹਾਇ ! (ਕੁਰਸੀ ਤੇ ਬੈਠ ਜਾਂਦਾ ਹੈ ਪਿਛੇ ਸਿਰ ਸੁਟਕੇ ਚੁਪ) [ਆਉਂਦੀ ਹੈ ਕਾਹਲੀ੨ ਮਿਸਿਜ਼ ਮੈਹਰਾ

[ਮਿਸਿਜ਼ ਮੈਹਰਾ ਇਕ ਵੀਹ ਬਾਈ ਵਰ੍ਹੇ ਦੀ ਜਵਾਨ ਤ੍ਰੀਮਤ ਹੈ। ਕੱਦ ਲੰਮਾ, ਦੇਹ ਪਤਲੀ, ਰੰਗ ਬਹੁਤ ਗੋਰਾ ਨਹੀਂ, ਮੂੰਹ ਲੰਮਾ ਪਤਲਾ ਵਾਲ ਕਾਲੇ। ਅੱਖਾਂ ਰਤੀ ਛੁਟੇਰੀਆਂ, ਮੱਥਾ ਚੋੜਾ ਘਟ.ਵਾਲ ਫ਼ੈਸ਼ਨੇਬਲ

ਤਰੀਕੇ ਨਾਲ ਵਾਹੇ ਤੇ ਵਿਗਾ ਚੀਰ। ਸਾਵਿਤ੍ਰੀ ਕੋਈ ਸੁੰਦਰ ਇਸਤ੍ਰੀਆਂ ਵਿਚ ਨਹੀਂ ਗਿਣੀ ਜਾ ਸਕਦੀ। ਪਰ ਇਸਦਾ ਫ਼ੈਸ਼ਨੇਬਲ ਸੰਗਾਰ ਤ ਕਪੜੇ, ਪੌਡਰ ਤੇ ਕ੍ਰੀਮ ਦੀ (artistic) ਕੋਮਲ ਹੁਨਰ ਨਾਲ ਵਰਤੋਂ, ਇਹ ਸਭ ਗੱਲਾਂ ਇਸਦੀ ਸ਼ਾਨ ਭੜਕਾਉਂਦੀਆਂ ਹੈਨ ਤੇ ਫ਼ੈਸ਼ਨੇਬਲ ਨੌ-ਜਵਾਨਾਂ ਤੇ ਜੰਟਲ-ਮੈਨਾਂ ਦੇ ਮਨਾਂ ਨੂੰ ਮੋਂਹਦੀਆਂ ਹੈਨ। ਇਹ ਇਸਤ੍ਰੀ ਈਸਟ ਐਂਡ ਵੈਸਟ ਕਲੱਬ ਦੇ ਚੱਕਰ ਵਿਚ ਬੜੇ ਆਦਰ ਤੇ ਮਾਨ ਨਾਲ ਵੇਖੀ ਜਾਂਦੀ ਹੈ। ਨਾਚ ਵਿਚ ਇਸਦਾ ਅਵਲ ਨੰਬਰ। ਵਲੈਤ ਦੇ ਫ਼ੈਸ਼ਨ ਜਾਣਦੀ ਹੈ। ਜਿਥੇ ਕਿਧਰੇ ਫ਼ੈਸ਼ਨ ਜਾਂ ਵਲੈਤੀ ਰਸਮ ਰੀਤ ਦੇ ਪੁਛਣ ਦੀ ਲੋੜ ਹੋਵੇ ਇਸ ਨੂੰ ਸੱਦਾ ਪੈਂਦਾ ਹੈ। ਸੁਸੈਟੀ ਵਿਚ ਇਸਦੀ ਪ੍ਰੋਫ਼ੈਸਰ ਸਾਹਿਬ ਨਾਲੋਂ ਵੱਧ ਕਦਰ ਹੈ।]

ਮਿਸਿਜ਼ ਮੈਹਰਾ–(ਪ੍ਰੋਫ਼ੈਸਰ ਦੀ ਕੁਰਸੀ ਦੇ ਪਿੱਛੇ ਖਲੋ ਤੇ ਪਿਆਰ ਨਾਲ ਦੋਹਾਂ ਗੱਲ੍ਹਾਂ ਤੇ ਕਦੀ ਵਾਲਾਂ ਪੁਰ ਹਥ ਫੇਰ) ਪਿਆਰੇ ਜੀ, ਏ ਕੀ ਸ਼ੋਰ ਸੀ? ਤੁਸੀਂ ਸ਼ੋਕਾਤੁ ਕਿਉਂ ਓ?

ਪ੍ਰੋ: ਮੈਹਰਾ–(ਕੁਰਸੀ ਤੋਂ ਸਿਰ ਨੂੰ ਹੋਰ ਨੀਵਾਂ ਕਰ ਤੇ ਮਿਸਿਜ਼ ਵਲ ਤਕ, ਉਲ-ਟੀਆਂ ਬਾਹਵਾਂ ਨਾਲ ਜੱਫੀ ਪਾ ਤੇ ਮੁਸਕ੍ਰਾਕੇ) ਮੇਰੀ ਪਿਆਰਾ ਸਾਵੀ, ਕੁਝ ਨਹੀਂ ਮੈਂ ਤੇ ਕਿਸੇ ਮਸਲੇ ਦਾ ਹਲ ਸੋਚਦੀ ਸਾਂ। ਫਿਰਦੇ ਫਿਰਦੇ ਬੇਸੁਧੇ ਜ਼ੋਰ ਨਾਲ ਪੈਰ ਮਾਰੇ (ਉਠਕੇ ਸਾਮ੍ਹਣੇ ਖਲ) ਮੈਨੂੰ ਅਫਸੋਸ ਹੈ, ਮੇਰੀ ਇਸ ਅਣਹੋਲੀ ਨਾਲ ਆਪਦੇ ਕੰਮ ਵਿਚ ਹਰਜਾ ਹੋਇਆ। ਕੋਮਲ ਮਨ ਨੂੰ ਠਸ ਲਗੀ।

ਮਿਸਿਜ਼ ਮੈ:–ਸਚ ਹੈ ਫਿਲਾਸਫਰ ਪਤੀ ਵੀ ਅੱਧਾ ਪਤੀ ਹੁੰਦਾ ਹੈ।

ਪ੍ਰੋ: ਮੈ:–(ਪਿਆਰ ਨਾਲ ਗਲ ਵਿਚ ਬਾਂਹ ਪਾ) ਉਹ ਕੀਕਨ?

ਮਿਸਿਜ਼ ਮੈ:–ਬਸ ਫਿਲਾਸਫਰ ਨੇ ਵਹਿਣਾਂ ਵਿਚ ਡੁੱਬੇ ਰਹਿਣਾ। ਓਸ ਅਪਣੀ ਪਤਨੀ ਦੀ ਕੀ ਸਾਰ ਲੈਣੀ ਹੋਈ? (ਮੁਸਕ੍ਰਾਕੇ) ਸੱਚ ਏ ਨਾ, ਫਿਲਾਸਫਰ ਅੱਧੇ ਪਾਗਲ ਹੁੰਦੇ ਨੇ!

ਪ੍ਰੋ: ਮੈ:–ਠੀਕ, ਤੇ ਉਹਨਾਂ ਦੀਆਂ ਵਹੁਟੀਆਂ?

ਮਿਸਿਜ਼ ਮੈ:-ਉਹ ਵਿਚਾਰੀਆਂ ਭੁਗਤਨ।

ਪ੍ਰੋ: ਮੈ:–ਕੀ?

ਮਿਸਿਜ਼ ਮੈ:-ਆਪਨੇ ਲੇਖ। (ਮੇਜ਼ ਵਲ ਤਕ ਕੇ) ਪਿਆਰੇ ਜੀ ਔਹੁ

ਕੀ ਏ?

ਪ੍ਰੋ: ਮੈ:—ਸਾਡੇ ਲੇਖ। ਤੁਹਾਡੇ..........

ਮਿਸਿਜ਼ ਮੈ:-(ਜੱਫੀ ਪਾ) ਕੀ ਤੁਸੀਂ ਗੁੱਸੇ ਹੋ ਗਏ ? (ਮੂੰਹ ਬਣਾ ਪਤੀ ਦੀਆਂ ਗੱਲ੍ਹਾਂ ਤੇ ਹਥ ਫੇਰ) ਮੈਂ ਇਹ ਗੱਲਾਂ ਨਹੀਂ ਮੰਨਣੀਆਂ। ਜੇ ਔਹ ਬਿਲ ਆ ਗਿਆ ਤਾਂ ਹੋਇਆ ਕੀ ? ਤੁਸੀਂ ਕਪੜੇ ਵੇਖਕੇ ਬੜੇ ਪ੍ਰਸੰਨ ਹੋਵੋਗੇ। ਪਰਸੋਂ ਰਾਤ ਨੂੰ ਕਲੱਬ ਦਾ ਬਾਲ ਹੈ। ਤੁਹਾਡੀ ਈ ਵਡਿਆਈ ਹੋਵੇਗੀ।

ਪ੍ਰੋ: ਮੈ:—ਹਾਂ ਮੇਰੀ ਕਿ ਤੇਰੀ ? ਮੈਨੂੰ ਪੈਰ ਉਠਾਣਾ ਵੀ ਨਹੀਂ ਆਉਂਦਾ।

ਮਿ: ਮੈ:—ਏਹ ਵੀ ਤੇ ਘਾਟ ਹੈ। ਭਾਂਵੇਂ ਤਾਂਹੀਂ ਤੁਸੀਂ ਨਾਚਾਂ ਵਿਚ ਜਾਂਦੇ ਨਹੀਂ ? ਤੁਸੀ "ਐਮੇਟਿਉਰ" ਨਾਚ ਘਰ ਵਿਚ ਜਾਕੇ ਨਚਣਾ ਸਿੱਖੋ। ਮੈਨੂੰ ਸੁਸੈਟੀ ਵਿਚ ਬੜੀ ਸ਼ਰਮ ਆਉਂਦੀ ਹੈ। ਵੇਖੋ ਖਾਂ ਮਿਸਟਰ ਕਪੂਰ ਖਾਨ, ਮਿਸਟਰ ਕਿਚਲੂ, ਮਿਸਟਰ ਸਿੰਘ ਕਹੇ ਸੋਹਣੇ ਨਚਦੇ ਨੇ। ਇਹ ਦੋ ਮਹੀਨਿਆਂ ਵਿਚ ਸਿਖਿਆ ਜਾਂਦਾ ਹੈ। ਤੁਸੀਂ ਹੁਣ ਨਾਚ ਦੀ ਫਲਾਸਫੀ ਸਿੱਖੋ।

ਪ੍ਰੋ: ਮੈ—ਅਗੇ ਫ਼ੈਸ਼ਨ ਦੀ ਫਲਾਸਫੀ ਈ ਨਹੀਂ ਛਡਦੀ। ਸਚ ਹੈ,ਨੀਮ ਪਾਗਲ ਤੇ ਅੱਧਾ ਪਤੀ ਤੇ ਮੈਂ ਬਣ ਗਿਆ। ਜੇ ਕਿਧਰੇ ਨਾਚ ਵਿਦਿਆ ਵਿਚ ਪਿਆ, ਤਾਂ ਬਸ ਸਾਰਾ ਪਤੀ ਈ ਨਾ ਗਵਾ ਬੈਠੀਂ।

ਮ: ਮੈ:—ਤੁਸੀਂ ਤੇ ਬੜੇ ਕੋਮਲ ਮਖੌਲੀਏ ਬੀ ਹੋ। ਨਾਚ ਕੋਈ ਬੁਰਾ ਹੈ ?

ਪ੍ਰੋ: ਮੈ:—ਮੈਂ ਕਦ ਕਿਹਾ ?

ਮਿ: ਮੈ:—ਨਾਚ ਪਹਿਲੇ ਪਹਿਲ ਸ਼ਿਵਾਂ ਨਚਾਇਆ। ਗ੍ਰੀਥ ਤੇ ਪੁਰਾਣੀਆਂ ਉਖਨੀਆਂ ਤਸਵੀਰਾਂ ਗਵਾਹ ਨੇਂ।

ਪ੍ਰੋ: ਮੈ:—ਠੀਕ ਫੇਰ ਕੀ ?

ਮਿ: ਮੈ:–ਮੈਂ ਕਿਹਾ, ਨਾਚ ਕੋਈ ਬੁਰਾ ਨਹੀਂ। ਇਸ ਨਾਲ ਵਰਜ਼ਸ਼, ਪੈਰਾਂ ਲੱਤਾਂ ਤੇ ਅੰਗਾਂ ਵਿਚ ਫੁਰਤੀ ਆਂਉਂਦੀ ਹੈ; ਤੇ ਰੂਪ ਦੀ ਰੌਣਕ ਵਧਦੀ ਹੈ।

ਪ੍ਰੋ: ਮੈ.—ਠੀਕ, ਪਰਾਏ ਮਰਦਾਂ ਨਾਲ ਨਾਚ ਅਜਬ ਬਹਾਰ ਵਿਖਾਉਂਦਾ ਹੈ। ਕਪੜਿਆਂ ਦੀ ਸਜ ਧਜ, ਵਾਜੇ ਦੀ ਸੁਰ ਤੇ ਪੈਰਾਂ ਦੀ ਚਾਲ, ਇਕ ਤਾਲ ਦਾ ਕੰਮ ਦਿੰਦੀ ਹੈ। ਜੀਵਨ ਵੀ ਲਯ-ਦਾਰ ਹੋ ਜਾਂਦਾ ਹੈ, ਠੀਕ ਹੈ ਨਾਂ ? (ਮਿ: ਮੈ: ਸਿਰ ਹਿਲਾਉਂਦੀ ਹੈ।) ਖਵਰੇ ਪਛਮੀ ਲੋਕਾਂ ਨੇ ਝਾਂਜਰਾਂ ਕਿਉਂ ਛਡ ਦਿਤੀਆਂ। ਨਾਚ ਘਰ ਕੀ, ਇਕ ਸਮੁੰਦਰ ਲਹਿਰਾਂ ਨਾਲ ਭਰਪੂਰ ਦਿਸਦਾ ਹੈ। ਨਾਚ ਘਰ ਦੀ ਹਵਾ ਈ ਸਮੁੰਦਰੀ ਹਵਾ ਵਾਂਗੂ ਸਭ ਮਾਨਸਕ ਰੋਗ ਦੂਰ ਕਰ ਦਿੰਦੀ ਹੈ। ਸਚ ਹੈ ਦੁਨੀਆਂ ਵਿਚ (Harmony) ਤਾਲ ਪੂਰਨਾ ਤੇ (Rythem) ਮਿਲੌਣੀ ਤੇ ਲਯ ਚਾਲ, ਮਨ ਤੇ ਬੜਾ ਅਸਰ ਕਰਦੀ ਹੈ, ਅਤੇ ਮਨ ਦੀਆਂ ਤਾਰਾਂ ਨੂੰ ਇਕ-ਸੁਰਾ ਕਰ, ਸਭ ਬੇਸੁਰੀਆਂ ਗਲਾਂ ਦੂਰ ਕਰਦੀ ਹੈ। ਇਹੀ ਲੋਕ ਆਖਦੇ ਨੇ, ਠੀਕ ਹੈ ਨਾਂ ?

ਮਿ: ਮੈਃ–(ਖੁਸ਼ੀ ਨਾਲ) ਪਿਆਰੇ ਜੀ, ਤਦੇ ਤੇ ਕਹਿਨੀ ਹਾਂ ਤੁਸੀ ਵੀ ਸੁਸੈਟੀ ਨਾਲ ਮਿਲੌਣੀ ਪਾਵੋ, ਤੇ ਇਹ ਹੁਨਰ ਵੀ ਸਿੱਖੋ। ਇਸ ਬਿਨਾਂ ਅਨੰਦ ਨਹੀਂ। ਸੁਸੈਟੀ ਦੇ ਪ੍ਰਬੱਧ ਵਿਚ ਊਣਤਾ ਰਹਿੰਦੀ ਏ।ਮਨੁਖ ਸੁਸੈਟੀ ਦੇ ਅਧੀਨ ਹੈ।

ਪ੍ਰੋ: ਮਃ–ਸਾਵੀ ! ਠੀਕ ਵਿਆਹ ਪਿਛੋਂ ਅਜ਼ਾਦੀ ਗਈ। ਸੁਸੈਟੀ ਦੀ ਕੈਦ ਪਈ।

ਮਿਃ ਮੈਃ–ਪਿਆਰੇ ਜੀ ਨਹੀਂ ਨਹੀਂ, ਇਹੀ ਕੈਦ, ਆਜ਼ਾਦੀ ਦਾ ਕਾਰਨ। ਸ਼ਖਸੀ ਆਜ਼ਾਦੀ ਤੇ ਕੇਵਲ ਜੰਗਲਾਂ ਵਿਚ ਮਿਲਦੀ ਹੈ, ਸੁਸੈਟੀ ਵਿਚ ਨਹੀਂ। ਮਨੁਖਾਂ ਦੇ ਕੱਠ ਦਾ ਨਾਮ ਸੁਸੈਟੀ ਤੇ ਕੌਮ ਹੈ। ਉਸਦੇ ਨਿਯਮ ਸਾਰਿਆਂ

ਲਈ ਇਕ ਸੰਗਲ ਵਾਂਗੂ ਹੈਨ। ਜਿਸ ਵਿਚ ਸਭ ਜਕੜੇ ਹੋਏ ਹੈਨ। ਇਹੀ ਸੋਸ਼ਿਲ ਕਾਨੂੰਨ ਹੈ।

ਪ੍ਰੋ: ਮੈ.–ਥੈਂਕਯੂ। ਮੈਂ ਤੇ ਅਜ ਸੋਸ਼ਿਲ ਫਲਾਸਫੀ ਤੇ ਬੜਾ ਸੋਹਣਾ ਲੈਕਚਰ ਸੁਣਿਆ, ਅਜੇਹਾ ਤਾਂ ਕਾਲਜ ਵੀ ਕਦੀ ਨਹੀਂ ਸੀ ਸੁਣਿਆ।ਧਨੁ ਹੋ ਤੁਸੀ। ਪਰ ਕੀ ਇਹੀ ਗ੍ਰਿਹਸਤ ਦਾ ਆਸ਼ਾ ਹੈ ?

ਮਿ: ਮੈ:–ਗ੍ਰਿਹਸਤ ਦਾ ਆਸ਼ਾ ਹੈ ਘਰ ਦੀ ਖੁਸ਼ੀ, ਬੱਚੇ ਪੈਦਾ ਕਰ ਸ੍ਰਿਸਟੀ ਵਧਾਨਾ। ਪਰ ਇਸ ਦੇ ਏਹ ਮਤਲਬ ਨਹੀਂ ਕਿ ਬੱਚੇ ਜਮ ਜਮ ਪਸ਼ੂਆਂ ਵਾਂਗੂ ਗੰਦ ਪਾਇਆ ਜਾਏ। ਨਿਯਮ ਅਨੁਸਾਰ, ਅਪਨੇ ਵਿਤ ਅਨੁਸਾਰ ਔਲਾਦ ਚਾਹੀਏ। ਤਵੇ ਤੇ ਔਲਾਦ ਰੋਕਨ ਦੇ ਤਰੀਕੇ ਨਿਕਲੇ।

ਪ੍ਰੋ: ਮੈ'–ਸੱਚ ਮੁਚ ਤੁਸੀਂ ਮੈਥੋਂ ਵੱਧ ਫਲਾਸਫਰ ਹੋ। ਪਰ ਅਕਸਰ ਸ੍ਰਿਸ਼ਟੀ ਮੁੱਢ ਤੋਂ ਲੈ ਅਜ ਤਕ ਚਲਦੀ ਈ ਆਈ। ਔਲਾਦ ਵੀ ਸੀ,ਘਰ ਦੀ ਖੁਸ਼ੀ ਵੀ ਸ਼ੈਦ ਅਜ-ਕਲ ਨਾਲੋਂ ਢੇਰ ਈ ਸੀ। ਪਰ ਇਹ ਗੱਲਾਂ, ਇਹ ਫ਼ੈਸ਼ਨ ਨਹੀਂ ਸਨ।

ਮਿ: ਮੈ:–ਫੇਰ ਫਲਾਸਫਰ ਜੀ ਤੁਸੀਂ ਭੁੱਲੇ। ਫ਼ੈਸ਼ਨ ਸਮੇ ਅਨੁਸਾਰ ਸੁਸੈਟੀ ਦੇ ਬਨਾਏ ਹੁੰਦੇ ਹੈਨ। ਓਦੋਂ ਦੀ ਸਾਦਗੀ, ਤਹਿਜ਼ੀਬ ਦੀ ਨੀਵੀਂ ਦਸ਼ਾ ਹੋਣ ਕਰਕੇ ਸੀ। ਓਦੋਂ ਦੀ ਵਿਚਾਰ ਮੂਜਬ ਓਹੀ ਫ਼ੈਸ਼ਨ ਸੀ। ਹੁਣ ਦੀ ਉੱਚੀ ਤਹਿਜ਼ੀਬ ਮਾਨੁਖ ਦੀ ਉੱਚੀ ਸੋਚ ਦੀ ਉਡਾਰੀ ਨੇ ਵੇਖੋ ਕੀ ਕੀ ਕੰਮ ਵਿਖਾਏ। ਬੇ-ਤਾਰੀ ਖਬਰਾਂ, ਹਵਾਈ ਜਹਾਜ਼, ਬੋਲਦੀਆਂ ਫਿਰਦੀਆਂ ਤਸਵੀਰਾਂ; ਇਹ ਸਭ ਚੀਜ਼ਾਂ ਹੋ ਗਏ ਸਮਿਆਂ ਵਿਚ ਕਿਥੋਂ ਸਨ ! ਏਸ ਕਰਕੇ ਹਣ ਦਾ ਮੁਕਾਬਲਾ ਪਿਛਲੇ ਸਮਿਆਂ ਨਾਲ ਨਹੀਂ ਹੋ ਸਕਦਾ। ਤੁਸੀਂ ਤੇ ਪੜ੍ਹੇ ਲਿਖੇ ਵਿਚਾਰਵਾਨ ਹੋ, ਸੱਚ

ਦਸੋ ! ਅਜ ਏਹ ਮੂਰਖਾਂ ਤੇ ਪੁਰਾਣੇ ਖੋਿਆਂ ਵਾਲੀਆਂ ਸੋਚਾਂ ਤੁਹਾਡੇ ਦਿਮਾਗ਼ ਵਿਚ ਕਿਥੋਂ ਸਮਾਈਆਂ ?

ਪ੍ਰੋ: ਮੈਂ:–ਪਿਆਰੀ, ਤੈਨੂੰ ਕੀ? ਸਾਡੀ ਮੂਰਖਤਾ ਦਾ ਫਲ। ਮੈਂ ਪੜ੍ਹਿਆ ਪਰ ਗੁੜ੍ਹਿਆ ਨਾਂ। ਹੁਣ ਤੇਰੇ ਸੰਗ ਨਾਲ ਸਮਝ ਆ ਜਾਵੇਗੀ। ਮੂਰਖਤਾ ਉਡ ਜਾਵੇਗੀ।

ਮਿ: ਮੈ:–ਹਾਂ, ਚੰਗਾ ਸੰਗ ਤਾਰ ਈ ਦਿੰਦਾ ਹੈ। ਪਿਆਰੇ ਜੀ, ਇਨ੍ਹਾਂ ਸੋਚਾਂ ਨੂੰ ਜਾਣ ਦਿਓ। ਵੇਖੋ ਨਾਂ, ਪਾਣੀ ਰਿੜ੍ਹ-ਕਿਆਂ ਕੀ ਲਭਣਾਂ ਹੈ। (ਘੂਰ ਕੇ ਤਕ ਕੇ) ਮੇਰੇ ਪਿਆਰ ਜੀ, ਵੇਖੋ ਨਾ,ਪਰਸੋਂ ਨਾਚ ਹੈ, ਤੁਸਾਂ ਜ਼ਰੂਰ ਚਲਣਾ। ਮੈਂ ਤੁਹਾਡੇ ਬਿਨਾਂ ਤਾਂ ਸੋਹਣੀ ਨਹੀਂ ਨਾਂ ਲਗਦੀ। ਤੁਸੀਂ ਹੋਏ ਮੇਰੇ ਸਿਰ-ਤਾਜ, ਤੁਹਾਡਾ ਸਾਇਆ ਮੇਰੇ ਸਿਰ ਹਮੇਸ਼ਾਂ ਰਹੇ।

ਪ੍ਰੋ: ਮੈ:––ਤੇ ਤੂੰ ਹੇਠਾਂ ਬੈਠ ਦੋਸਤਾਂ ਵਿਚ ਚਾਹ ਤੇ ਪੇਸਟਰੀ ਉਡਾਵੇਂ !

ਮਿ: ਮੈ:––(ਮੁਸਕ੍ਰਾਕੇ) ਤੁਸੀਂ ਤੇ ਸਚ-ਮੁਚ ਅਜ ਮਾਰਕ-ਟਵੈਨ (Mark Twain) ਤੋਂ ਵਧ ਗਏ। ਚਾਰਲੀ-ਚੈਪਲੈਨ ਤੁਹਾਥੋਂ ਸਬਕ ਲੈਸੀ। ਫਿਰ ਤਾਂ ਤੁਸੀਂ ਸਿਨਮਾ ਸਟਾਰ ਬਨ ਹੈਰਲਡਲਾਇਡ ਵਾਂਗੂ ਦੋ ਲੱਖ ਪੌਂਡ ਤਨਖਾਹ ਪਾਸੋ। ਰੋਲਜ਼ ਰਾਇਸ ਤੇ ਡੈਮਲਰਾਂ ਸਾਡੇ ਬੰਗਲੇ ਅਗੇ ਖੜੀਆਂ ਨਜ਼ਰ ਆਸਨ। ਠੀਕ ਏ ਨਾਂ?(ਫੇਰ ਜੱਫੀ ਪਾ) ਪਰ ਪਰਸੋਂ ਰਾਤ ਨਾਚ ਹੈ। ਕਪੜੇ ਤੇ ਬਣ ਗਏ ਪਰ ਇਕ ਹੀਰੇ ਦੀ ਬਚ ਦਾ ਘਾਟਾ ਹੈ। ਉਹ ਮਿੰਕਸ (Mincks)ਤੋਂ ਮੰਗਾ ਦਿਉ।

ਪ੍ਰੋ: ਮੈ:–(ਤ੍ਰੱਬਕਕੇ)ਹੈਂ, ਉਹ ਕਿਥੋਂ ? ਮੁਲ ਕਿੱਥੋਂ ?

ਮਿ: ਮੈ:–ਤੁਹਾਡਾ ਸਿਰ ਸਲਾਮਤ,ਕੋਈ ਨਾਂਹ ਕਰ ਸਕਦਾ ਹੈ ! ਤੁਸੀਂ ਹੁਕਮ ਦਿਉ ਲੈ ਆਵਾਂਗੀ (ਸਿਰ ਤੇ ਮੂੰਹ ਉਤੇ ਪਿਆਰ ਨਾਲ ਹਥ ਫੇਰ) ਬਸ ਜੀ ਬਸ ਤੁਹਾਡੀ ਆਗਜ਼ਾ

ਮਿਲ ਗਈ। ਜੀ ਹੁਣ ਮੈਂ ਜਾਨੀ ਹਾਂ; ਭੁਲ ਬਖਸ਼ਾਨੀ ਹਾਂ ਅਗੇ ਈ ਤੁਹਾਡਾ ਬਹੁਮੁੱਲਾ ਵਕਤ ਵੰਞਾਇਆ।

(ਝਟ ਗੋਲ ਕਮਰੇ ਵਲ ਚਲੀ ਜਾਂਦੀ ਏ, ਤੇ ਜਾਂਦੀ ਵਾਰੀ ਪਰਦੇ ਪਿਛੋਂ ਹਸਦੇ ਨੈਣ ਮਿਲਾਂਦੀ ਹੈ। ਪ੍ਰੋਫੈਸਰ ਮੈਹਰਾ ਹੈਰਾਨ ਹੋ ਬੁਨਾਉਟੀ ਮੁਸਕ੍ਰਾਹਟ ਨਾਲ ਸਿਰ ਹਿਲਾਂਦਾ ਏ)

[ਜਾਂਦੀ ਏ, ਮਿ: ਮੈ:

ਪ੍ਰੋ. ਮੈ:—ਬਸ ਚਲੀ?(ਅਕੱਲਾ,ਨੈਣਾਂਦੀ ਬਿਜਲੀ ਦੀ ਸੱਟ ਤੋਂ ਹੋਸ਼ ਵਿਚ ਆ, ਕੁਰਸੀ ਤੇ ਬੈਠ) ਹੈਂ ਇਕਹੋਰਖਰਚ ਆਉਣਵਾਲਾਹੈ।ਹੀਰੇਦੀ ਬ੍ਰੁਚ! ਬ੍ਰੁਚ!! ਬ੍ਰੁਚ!!! ਇਸ ਦਾ ਮੁਲ ਕਿਥੋਂ ਦੇਸਾਂ? ਮੂਰਖ! ਮੂਰਖ!!ਹੇ ਮੂਰਖ ਪ੍ਰਸ਼ੋਤਮ!!! ਤੂੰ ਅਪਨਾ ਆਪ ਤੇ ਵੇਚ ਚੁਕਾ। ਹੁਣ ਹੌਸਲਾ ਫੜ, ਕਹੋ, ਕਿਸਨੂੰ ਕਹੇ? ਅਪਨੀ ਪਤਨੀ ਨੂੰ ਕਹੋ, ਬਸ! ਪਰ ਕਰਾਂ ਕੀ ਸੁਸੈਟੀ ਫ਼ੈਸ਼ਨਦਾਰ ਸੁਸੈਟੀ ਦਾ ਡਰ। ਸੁਸੈਟੀ ਵਿਚ ਸਭ ਨੇ ਮੈਨੂੰ ਈ ਝੂਠਾ ਕਰਨਾ ਏ। ਹੁਣ ਤੇ ਕਿਸੇ ਤਰਾਂ ਕੰਮ ਚਲਾਵਾਂ। 'ਬਾਲ' ਸਿਰਤੇ ਆਇਆ। ਕਿਧਰੋਂ ਕਰਜ਼ਾ ਈ ਲੈਣਾ ਪਵੇ। ਫਾਥੇ ਨੂੰ ਫਟਕਨ ਕਿਹਾ (ਬਿਲਾਂ ਨੂੰ ਕੱਠਾ ਕਰ ਮੇਜ਼ ਦੇ ਦਰਾਜ਼ ਵਿਚ ਰਖਦਾ ਹੈ। ਪ੍ਰੋ: ਮੈਹਰਾ ਦਾ ਦੋਸਤ ਲਾ: ਬ੍ਰਿਜ ਲਾਲ ਆਉਂਦਾ ਹੈ। ਇਹ ਅਠਾਈ ਕੁ ਸਾਲ ਦੀ ਉਮਰ ਦਾ ਗਭਰੂ ਹੈ। ਪੋਸ਼ਾਕ ਤੇ ਅੰਗ੍ਰੇਜ਼ੀ ਈ ਏ, ਪਰ ਫ਼ੈਸ਼ਨਦਾਰ ਨਹੀਂ! ਟਾਈ ਵਿੰਗੀ ਬਧੀ, ਕੋਟ ਦੀ ਸਵਾਈ ਚੰਗੀ ਨਹੀਂ, ਫੈਸ਼ਨ ਪੁਰਾਣਾ, ਸਿਰ ਤੇ ਚਿੱਟਾ ਸਾਫਾ)

ਪ੍ਰੋ: ਮੈ:—(ਉਠਕੇ)ਆਵੋ ਮਿਤ੍ਰ ਜੀ,ਜੀਅ ਉਦਾਸ ਸੀ, ਤੁਹਾਨੂੰ ਈ ਯਾਦ ਕਰਦਾ ਸਾਂ!

ਬ੍ਰਿਜ ਲਾਲ:—ਸੁਨਾਉ ਯਾਰ ਫੇਰ ਕੁਝ ਗੜ ਬੜ ਹੋਈ?

ਪ੍ਰੋ: ਮੈ:—(ਮੂੰਹ ਤੇ ਉਂਗਲ ਰਖ) ਹੌਲੀ ਯਾਰ, ਕਿਧਰੇ ਤੇਰੀ ਭਰਜਾਈ ਨਾ ਸੁਣਦੀ ਹੋਵੇ।

ਬ੍ਰਿ: ਲਾਲ:—ਤੂੰ ਤੇ ਵੋਹਟੀ ਕੋਲੋਂ ਅੰਞ ਡਰਦਾਏਂ ਜੀਕਣ ਗੁਲੇਲ ਕੋਲੋਂ ਕਾਂ।

ਪ੍ਰੋ. ਮੈ:—ਨਹੀਂ ਜੀਕਨ ਬੰਬ ਦੇ ਗੋਲੇ ਕੋਲੋਂ ਪੁਲਿਸ।

ਬ੍ਰਿ: ਲਾਲ:-ਵਾਹ ਭਈ ਵਾ, ਚੰਗਾ ਵਿਆਹ, ਤੇ ਫੈਸ਼ਨ ਸਿਰ ਸੁਆਹ।
ਪ੍ਰੇ: ਮੋ.-ਵੇਖ ਯਾਰ, ਤੂੰ ਕੁਛੜ ਬਹਿਕੇ ਦਾੜ੍ਹੀ ਤੇ ਨਾਂਹ ਨਾਂ ਖੋਹ।
ਬ੍ਰਿ: ਲਾਲ.-ਤੇਰੀ ਦਾੜ੍ਹੀ ਨਾ ਮੁੱਛ, ਕਿਸੇ ਖੋਹਣਾ ਕੀ? ਦਸ ਤੇ ਸਹੀ ਹੁਣ ਨਵੀਂ ਗਲ ਕੀ ਏ ਜਿਸ ਨੇ ਉਦਾਸ ਕਰਾਇਆ?
ਪ੍ਰੇ: ਮੋ:-ਦੱਸਾਂ ਕੀ ਸੁਆਹ! ਤੂੰ ਸੁਣੇਂ ਤਾਂ ਦਸਾਂ। ਤੂੰ ਤੇ ਬਸ ਮਖ਼ੌਲ ਉਡਾਣਾ ਹੋਇਆ। ਤੂੰ ਈ ਇਕ ਯਾਰ, ਜਿਸ ਨਾਲ ਮੈਂ ਦਿਲ ਦੀ ਖੋਲ੍ਹਕੇ ਗਲ ਕਰਨਾਂ ਹਾਂ। ਓਹੀ ਮਖ਼ੌਲ ਉਡਾਵੇ, ਤਾਂ ਮੈਂ ਕਿਸ ਅਗੇ ਫੋਲਾਂ!
ਬ੍ਰਿ: ਲਾਲ-ਇਹ ਮਖ਼ੌਲ ਬੀ ਜੀਅ-ਪ੍ਰਚਾਵਾ ਹੈ। ਚੰਗਾ, ਹੁਣ ਦੱਸ, ਮੈਂ ਬਿਲਕੁਲ ਦਿਲ ਪੱਕਾ ਕਰਦਾ ਹਾਂ।
ਪ੍ਰੇ: ਮੋ:-ਯਾਰ ਦਸਾਂ ਕੀ, ਚਾਰ ਸੌ ਦੇ ਅਜ ਬਿਲ ਆਏ ਪਏ ਨੇ ਤੇ ਇਕ ਹੀਰੇ ਦੀ ਬ੍ਰੂਚ ਦੀ ਮੰਗ ਹੈ। ਮੈਂ ਕਰਾਂ ਕੀ?
ਬ੍ਰਿ: ਲਾਲ:-ਨਾਂਹ!
ਪ੍ਰੇ: ਮੋ:-ਨਾਂਹ ਕੀਕਣ ਕਰਾਂ? ਸੁਸੈਟੀ ਵਿਚ ਬੁਰਾ ਬਣਾਂ। ਪਿਛੇ ਗੁਡੀ ਬੰਨ੍ਹਾਵਾਂ?
ਬ੍ਰਿ: ਲਾਲ:-ਨਹੀਂ ਤੇ ਕਰਜ਼ ਚੁਕੇ। ਡੌਂਡੀ ਪਿਟਾਵੇ, ਨੌਕਰੀ ਗਵਾਵੇ, ਫ਼ੈਸ਼ਨ ਪੁਜਾਵੇ।
ਪ੍ਰੇ: ਮੋ:-ਤੂੰ ਫੇਰ ਮਖ਼ੌਲ!
ਬ੍ਰਿ: ਲਾਲ-ਸੌਂਹ ਦਿਵਾ ਲੈ। ਕੁਰਾਨ ਚੁਕਾ ਲੈ, ਜੇ ਮੈਂ ਮਖ਼ੌਲ ਕਰਾਂ। ਮੈਂ ਸਚ ਸਚ ਆਖਦਾ ਹਾਂ। ਪਿਆਰੇ ਜੀ, ਦਸੋ ਇਸ ਰੋਜ਼ ਦੇ ਘਾਟੇ ਦਾ ਅੰਤ ਕੀ ਹੋਣਾਂ ਹੈ! ਸੋਚੋ ਤੇ ਸਹੀ। ਸਾਢੇ ਤਿੰਨ ਸੌ ਤਨਖਾਹ ਤੇ ਅਠ ਸੌ ਖਰਚ।
ਪ੍ਰੇ: ਮੋ:-(ਸੋਚ ਵਿਚ) ਯਾਰ ਗਲ ਤੇ ਠੀਕ ਏ, ਪਰ ਮੈਂ ਬੁਰਾ ਫਾਥਾ, ਹੁਣ ਕਰਾਂ ਕੀ?
ਬ੍ਰਿਜ ਲਾਲ-ਨਾਂਹ। ਕਹੁ ਪੈਸੇ ਨਹੀਂ। ਹਾਲਾਂ ਮੰਗਕੇ ਗੁਜ਼ਾਰਾ ਕਰ ਲੈ। ਮੇਮ ਸਾਹਿਬਾ ਅਪਨੀ ਭਰਜਾਈ ਦੀ ਬ੍ਰੂਚ ਮੰਗ

ਲਵੇਂ। ਮੇਰੇ ਯਾਰ ਪ੍ਰਸ਼ੋਤਮ, ਜਿਸ ਰਸਤੇ ਤੇ ਤੂੰ ਚਲਿਆਂ ਹੈਂ, ਇਹ ਰਾਹ ਤੈਨੂੰ ਕਿਸੇ ਦਿਨ ਪਹਾੜੀ ਦੀ ਅਣੀ ਤੇ ਪੁਜਾਸੀ। ਇਕ ਕਦਮ ਘੁੱਥਾ ਤਾਂ ਹੇਠ ਡੂੰਘੀ ਖੱਡ ਵਿਚ, ਜਿਥੇ ਹੱਡੀ ਨਾ ਪਸਲੀ ! ਪ੍ਰਸ਼ੋਤਮ, ਤੂੰ ਆਪ ਫਿਲਾਸਫਰ ਹੈਂ। ਸੋਚ, ਵਿਚਾਰ। ਅੱਖਾਂ ਤੇ ਪੱਟੀ ਬੰਨ੍ਹ ਖਤਰੇ ਵਲ ਨਾ ਟੁਰੀ ਜਾ। ਅਜੇ ਵੇਲਾ ਹੈ। ਸੰਭਲ।

ਪ੍ਰੋ: ਮੈ:—ਮੈਂ ਵੇਖਨਾਂ ਤੇ ਹਾਂ ਕਿ ਮੈਂ ਬੜੀ ਛੇਤੀ ਛੇਤੀ ਪਹਾੜੀ ਦੀ ਅਣੀ ਵਲ ਪੈਰ ਉਠਾਂਦਾ ਹਾਂ, ਪਰ ਬੇਵੱਸ, ਕਿਸੇ ਦੀ (Hypnotic) ਜਾਦੂ ਭਰੀ ਤਾਕਤ ਮੈਨੂੰ ਓਧਰ ਈ ਖਿੱਚੀ ਲਈ ਜਾਂਦੀ ਹੈ। ਮੈਨੂੰ ਤੇ ਦੋ ਸਾਲਾਂ ਵਿਚ ਈ ਵਿਆਹ ਦਾ ਸੁਆਦ ਆ ਗਿਆ। ਕਿਸੇ ਸੱਚ ਆਖਿਆ ਸੀ, ਕੁਆਰਾ ਰਹਿਣਾ ਈ ਸੁਰਗ ਦੀ ਹਵਾ ਲੈਣਾ ਹੈ। ਮੈਂ ਤੇ ਚਾਈਂ ਚਾਈਂ ਵੌਹਟੀ ਲੱਭੀ ! ਫ਼ੈਸ਼ਨ ਨੂੰ ਮਨ ਲੋਚਦਾ ਸੀ, ਫ਼ੈਸ਼ਨ ਲੱਭਾ ਤੇ ਵਰਤਿਆ ਹੰਡਾਇਆ, ਪਰ ਬੜੇ ਮਹਿੰਗੇ ਭਾ।

ਬ੍ਰਿ: ਲਾ:—ਪਿਆਰੇ ਜੀ, ਬਿਨ ਦੱਮਾਂ ਅਮੀਰਾਂ ਦੀ ਨਕਲ ਕਿਥੋਂ ਹੋਵੇ ! ਅਪਨੀ ਚਾਦਰ ਵੇਖ ਪੈਰ ਪਸਾਰਨੇ ਸਿਆਣਿਆਂ ਦਸੇ ਹੋਂ। ਤੁਸੀ ਰੀਸ ਕਰੋ ਵਲੈਤੀਆਂ ਦੀ; ਭਲਾ ਉਹ ਸਭ ਤੋਂ ਅਮੀਰ ਕੌਮ, ਤ ਤੁਸੀ ਸਭ ਤੋਂ ਗਰੀਬ। ਪੂਰੀ ਕਿੱਥੋਂ ਪਵੇ। ਇਕ ਖਿਡੌਣੇ ਬੈਲੂਨ ਵਿਚ ਢੇਰ ਫੂਕ ਭਰਿਆਂ ਅੰਤ ਉਸਨੇ ਫਟਨਾ ਈ ਹੈ।

ਪ੍ਰੋ: ਮੈ:—ਪਰ ਯਾਰ ਹੁਣ ਤੇ ਤਦ ਈ ਰਹਿੰਦੀ ਹੈ, ਜੇ ਇਕ ਹਜ਼ਾਰ ਰੁਪਿਆ ਪ੍ਰੋਨੋਟ ਤੇ ਲੈ ਦੇਵੇਂ।

ਬ੍ਰਿ: ਲਾਲ:—ਪ੍ਰੋਨੋਟ ਤੇ ਕੌਣ ਦਿੰਦਾ ਹੈ, ਦੋ ਢਾਈ ਵਿਆਜ ਮੰਗਦੇ ਨੇਂ। ਤੂੰ ਆਪਣੇ ਪਿਤਾ ਜੀ ਕੋਲੋਂ ਮਦਤ ਮੰਗ। ਜਾਂ ਸਾਵਿੱਤ੍ਰੀ ਨੂੰ ਕਹੋ ਪਿਤਾ ਕੋਲੋਂ ਕੁਝ ਲਿਆਵੇ।

ਪ੍ਰ. ਮੈਂ:–ਪਿਤਾ ਜੀ ਕੋਲੋਂ ਕਿਸ ਨੱਕ ਨਾਲ ਮੰਗਾਂ ? ਅਗ
ਇਕ ਹਜ਼ਾਰ ਲਿਤਾ, ਮੁੜ ਦੇਣ ਦਾ ਨਾਂ ਨਾ
ਲਿਤਾ। ਜਿਉਂ ਦਾ ਨੌਕਰ ਹੋਇਆ ਕੱਚੀ ਕੌਡੀ
ਮਾਪਿਆਂ ਦੇ ਹੱਥ ਨਾ ਧਰੀ। ਭਣਵੱਈਏ ਕੋਲੋਂ ਦੋ
ਹਜ਼ਾਰ ਉਧਾਰ ਲੈ ਚੁਕਾ, ਤੇ ਸਾਵਿਤ੍ਰੀ ਭਾਗਵਾਂਨ
ਅਜੇਹੀ ਕਿ ਪੇਕਿਆਂ ਵਿਚ ਅਪਨਾ ਪੈਰ ਉੱਚਾ ਈ
ਰਖਦੀ ਹੈ। ਹਰ ਮਹੀਨੇ ਉਹਨਾਂ ਦੇ ਈ ਢੋਈ ਢਾਈ।
ਹੁਣ ਮੈਂ ਜਾਵਾਂ ਕਿੱਥੇ? ਤੁਸੀਂ ਅਮੋਲਕ ਸ਼ਾਹ ਤੋਂ
ਈ ਲੈ ਦਿਉ, ਜੋ ਵਿਆਜ ਹੋਵੇ ਦੇਸਾਂ ਆਪਨੀ ਗੋਂ ਨੂੰ।

ਬ੍ਰਿ: ਲਾਲ:–ਯਾਰ ਸੱਚ ਪੁੱਛੋਂ ਤੇ ਮੈਂ ਉਧਾਰ ਲੈਣ ਦੀ ਸਲਾਹ
ਨਹੀਂ ਦਿੰਦਾ। ਉਧਾਰ ਮਿਠਾ ਜ਼ਹਿਰ ਹੈ। ਤੇ ਵਿਆਜ
ਢਲਦੇ ਪਰਛਾਂਵੇਂ ਵਾਂਗੂ ਵਧਦਾ ਜਾਂਦਾ ਹੈ। ਵਰ੍ਹਿਆਂ
ਵਿਚ ਅਸਲ ਨਾਲੋਂ ਵਧ ਜਾਂਦਾ ਹੈ। ਉਤਰਨਾਂ ਮੁਸ਼ਕਲ।
ਘਰ ਬਾਰ ਵਿਕ ਜਾਂਦਾ ਹੈ ਤੇ ਮਨੁੱਖ ਗਲੀਆਂ ਵਿਚ
ਰੁਲਦਾ ਹੈ। ਇਸ ਤੋਂ ਬਚਨਾ, ਇਸ ਤੋਂ ਦੂਰ ਰਹਿਨਾ
ਈ ਚੰਗਾ। ਇਹ ਫਸ਼ਨ, ਇਹ ਸਮਾਨ ਸਭ ਦੋ
ਦਿਨਾਂ ਦੇ ਮੈਹਮਾਨ, ਜਵਾਨੀ ਦਾ ਜਿੰਨ ਸਿਰ ਤੇ ਸਵਾਰ।
ਜੇ ਜਵਾਨੀ ਵਿਚ ਸਮਝਕੇ ਚਲੋ, ਕੁਝ ਬਚਾਵੇ, ਪਿੱਛੇ
ਪਾਵੇ ਤਾਂ ਵੇਲੇ ਸਿਰ ਕੰਮ ਆਵੇਗਾ। ਵਿਆਹ ਬੁਰਾ
ਨਹੀਂ। ਵਿਆਹ ਤੇ ਰੱਬੀ ਨੇਮ ਹੈ! ਪਰ ਉਸ ਦੀ
ਭੈੜੀ ਵਰਤੋਂ ਬੁਰੀ। ਸਾਰਾ ਜੱਗ ਵਿਆਹ ਰਚਾਂਦਾ
ਹੈ। ਜਗਤ ਦੀ ਰੀਤ ਚਲਾਂਦੇ ਨੇ। ਜੋ ਵਿੱਤੋਂ ਬਾਹਰ
ਹੋਏ, ਓਹੀ ਪਛਤਾਏ।

ਪ: ਮੈ:–ਯਾਰ ਤੂੰ ਵੀ ਫਲਾਸਫ਼ੀ ਤੇ ਨਸੀਹਤ ਦੇਨ ਜੋਗਾ ਈ
ਹੈਂ। ਇਸ ਫਲਾਸਫ਼ੀ ਨੇ ਭਾਰਤ ਮਾਰਿਆ। ਸਾਡਾ
ਝੁੱਗਾ ਗਾਲਿਆ। ਸਾਨੂੰ Practical, ਪ੍ਰੈਕਟੀਕਲ (ਅਮਲੀ)
ਬਣਨਾ ਚਾਹੀਦੇ। ਹੁਣ ਜੋ ਔਕੜ ਹੈ ਉਸਦਾ ਇਲਾਜ

ਕਰਨਾ ਲੋੜੀਏ। ਮਰੀਜ਼ ਹੈਜ਼ੇ ਨਾਲ ਮਰੇ ਤੇ ਡਾਕਟਰ ਆਕੇ ਹੈਜ਼ੇ ਤੇ ਲੈਕਚਰ ਦੇਵੇ, ਇਲਾਜ ਨਾ ਕਰੇ; ਤਾਂ ਮਰੀਜ਼ ਨੇ ਮਰਨਾ ਹੋਇਆ ਕਿ ਜੀਵਣਾ?

ਬ੍ਰਿ: ਲਾਲ:-ਮੈਂ ਇਲਾਜ ਤੇ ਦਸਨਾ ਹਾਂ, ਕਿ ਅੱਗੋਂ-ਲਾ ਉਨ੍ਹਾਂ ਕੰਮਾਂ ਤੋਂ ਬਚੋ, ਜਿਨ੍ਹਾਂ ਕਰਕੇ ਇਹ ਹਾਲਤ ਹੋਈ। ਕਰਜ਼ੇ ਦਾ ਬੰਦੋਬਸਤ ਤਾਂ ਹੋ ਈ ਜਾਸੀ। ਪਰ ਨਾਲ ਈ ਉਸਦੇ ਲਾਹਣ ਦਾ ਬੰਦੋਬਸਤ ਸੋਚਨਾ ਕੋਈ ਪਾਪ ਨਹੀਂ।

ਪ੍ਰੋ: ਮੋ:-ਮੈਂ ਆਪ ਤੇ ਸਭ ਕੁਝ ਸਮਝਦਾ ਹਾਂ, ਪਰ ਤੁਹਾਡੀ ਭਰਜਾਈ ਤਿ ਕੁਝ ਸਮਝਦੀ ਨਹੀਂ। ਉਸਦਾ ਤਿ ਕਲੱਬ ਬਿਨਾਂ ਗੁਜ਼ਾਰਾ ਨਹੀਂ। ਉਥੇ ਅਮੀਰ ਤੋਂ ਅਮੀਰ ਮੈਂਬਰ। ਉਨ੍ਹਾਂ ਦੀ ਰੀਸ ਮਾਰਦੀ ਹੈ। ਉਹ ਵਡਿਆਂਦੇ ਨੇ, ਇਹ ਹੋਰ ਚਮਕ ਚਮਕ ਵਿਖਾਂਦੀ ਹੈ, ਤੇ ਵਾਹ ਵਾ ਅਖਾਕੇ ਅਪਣਾ ਢੁੱਗਾ ਲੁਟਾਂਦੀ ਏ। ਇਹੀ ਰੀਸ ਸਭ ਕਲੇਸ਼ ਤੇ ਦੁਖ ਦਾ ਕਾਰਨ।

ਬ੍ਰਿ: ਲਾਲ:-ਤੁਸੀਂ ਸਾਵਿੱਤ੍ਰੀ ਨੂੰ ਸਮਝਾਵੋ।

ਪ੍ਰੋ: ਮੋ:- ਬਥੇਰਾ ਸਮਝਾ ਚੁਕਾ ਹਾਂ, ਪਰ ਉਸ ਫ਼ੈਸ਼ਨ ਮੱਤੀ ਦੇ ਕੰਨੀਂ ਜੂੰ ਤਕ ਨਹੀਂ ਟੁਰਦੀ।

ਬ੍ਰਿ: ਲਾਲ:-ਤੁਸੀਂ ਐਥੋਂ ਬਦਲੀ ਕਰਾ ਲਵੋ।

ਪ੍ਰੋ: ਮੋ:-ਇਹ ਵੀ ਸੋਚਿਆ, ਪਰ ਕਲੱਬ ਦੇ ਮੈਂਬਰ ਜਿਨ੍ਹਾਂ ਵਿਚ ਮੋਹਕਮਾਂ ਤਾਲੀਮ ਦੇ ਵੱਡੇ ਅਫ਼ਸਰ ਵੀ ਹੈਨ,ਉਹ ਬਦਲੀ ਵੀ ਨਹੀਂ ਹੋਣ ਦਿੰਦੇ। ਗਲ ਕੀ, ਸਾਰੇ ਸਾਵਿੱਤ੍ਰੀ ਨੂੰ ਕਲੱਬ ਦਾ ਸ਼ਿੰਗਾਰ, ਤੇ ਨਾਚ ਦਾ ਅਵਤਾਰ ਸਮਝਦੇ ਹੈਨ। ਭਲਾ ਉਹ ਇਸਦਾ ਵਿਛੋੜਾ ਕਦ ਸਹਿਣ! ਯਾਰ ਸਮਝਿਆ, ਮੈਂ ਕਿਸ ਕੁੜਿੱਕੀ ਦੇ ਮੂੰਹ ਆਇਆ?

[ਦਰਵਾਜੇ ਤੇ ਠਕ ਠਕ।

ਮੇਰੀ ਪਿਆਰੀ,ਆ ਜਾਵੇ,ਅੰਦਰ ਲਾਲਾ ਹੋਰੀ ਈ ਨੇ।

[ਮਿਸਜ਼ ਮੇਹਰਾ ਅੰਦਰ ਆ ਜਾਂਦੀ ਹੈ, ਦੋਵੇਂ ਉਠਕੇ ਆਦਰ ਕਰਦੇ ਨੇ। ਤ੍ਰਿਪਾਠੀ ਕੋਲ ਕੁਰਸੀ ਤੇ ਬਹਿ ਜਾਂਦੀ ਹੈ।

ਮਿ: ਮੇ:-(ਕੁਰਸੀ ਤੇ ਬੈਠਕੇ, ਮੁਸਕ੍ਰਾਕੇ ਲਾ: ਬ੍ਰਿਜ ਲਾਲ ਵਲ) ਵੀਰ ਜੀ ਨਮਸਤੇ।

ਬ੍ਰਿ: ਲਾਲ:-ਭੈਣ ਜੀ ਨਮਸਤੇ, ਰਾਜ਼ੀ ਖੁਸ਼ੀ ਤੇ ਹੋ?

ਮਿਸਜ਼ ਮੇ:-ਥੈਂਕਯੂ, ਮੈਂ ਰਾਜ਼ੀ ਖੁਸ਼ੀ ਹਾਂ, ਤੁਹਾਡੇ ਦਰਸ਼ਨ ਮਰ ਮਨ ਨੂੰ ਬੜਾ ਪਰਸੰਨ ਕਰਦੇ ਨੇ। (ਪਤੀ ਵਲ) ਤੁਸਾਂ ਕਰਾਰ ਕੀਤਾ ਸੀ, ਪੂਰਾ ਕਦ ਕਰਣਾ ਏ?

ਪ੍ਰੋ: ਮੈ:-(ਹਸ ਛਡਦਾ ਏ)

ਮਿਸਜ਼ ਮੇ-ਏਹ ਹਾਸੇ ਵਿਚ ਗਲ ਨਾ ਗਵਾਉ। ਕੰਮ ਬੜਾ ਜ਼ਰੂਰੀ ਹੈ। (ਲਾ: ਬ੍ਰਿਜ ਲਾਲ ਵਲ) ਵੀਰ ਜੀ ਤੁਸੀਂ ਈ ਸਮਝਾਉ, ਇਹ ਮਚਲ ਬੜਾ ਮਾਰਦੇ ਨੇਂ।

ਬ੍ਰਿ: ਲਾਲ:-ਕੀ ਕਰਾਰ ਏ?

ਮਿਸਜ਼ ਮੇ:-ਹੀਰੇ ਦੀ ਬ੍ਰਚ ਲਿਆਕੇ ਦੇਣ ਦਾ, ਤੇ ਨਾਲੇ ਮੈਨੂੰ ਹੁਣ ਚੇਤਾ ਆਇਆ ਕਿ ਮੇਰੇ ਕੋਲ ਕੋਈ ਚੰਗਾ ਫ਼ਰ ਕੋਟ [illegible] ਨਹੀਂ, ਉਹ ਵੀ ਰੈਨਕਿਨ ਦੇਓਂ ਫੜੀ ਲਿਆਉਣਾ।

ਬ੍ਰਿ: ਲਾਲ:-ਠੀਕ, ਠੀਕ, ਪ੍ਰੋਫ਼ੈਸਰ ਜੀ ਕਰਾਰ ਕੀਤਾ ਨਾ ਕਰੋ। ਕਰੋ ਤੇ ਪੂਰਾ ਕਰੋ।

ਪ੍ਰੋ: ਮੈ:-ਮੇਰੇ ਪਲੇ ਤੇ ਹੁਣ ਕੁਝ ਰਿਹਾ ਨਹੀਂ, ਮੰਗਿਆਂ ਕੋਈ ਉਧਾਰ ਨਹੀਂ ਦਿੰਦਾ ਤੁਸੀਂ ਈ ਉਧਾਰ ਲੈ ਦਿਓ। ਕਰਾਰ ਪੂਰਾ ਕਰ ਦਿਆਂਗਾ।

ਮਿਸਜ਼ ਮੇਹਰਾ:-ਪਿਆਰੇ ਜੀ ਬਸ ਹੁਣੇ ਈ ਸਭ ਕਰਾਰ ਭੁਲ ਗਏ, ਕਰਜ਼ੇ ਦੀ ਸੁਣਾ, ਪੱਲੇ ਝਾੜਨ ਲਗੇ। ਮੈਂ ਤੇ ਚੀਜ਼ਾਂ ਲਿਤੇ ਬਿਨਾਂ ਛੁਟਕਾਰਾ ਨਹੀਂ ਕਰਨਾ, ਚਾਹੇ ਉਧਾਰ ਲਵੋ, ਚਾਹੇ ਕਿਧਰੋਂ ਲਿਆਵੋ। ਸੁਖ-ਨਾਲ ਵੀਰ ਜੀ ਤੁਹਾਡੇ ਕੋਲ ਨੇ, ਰੁਪੈ ਦਾ ਬੰਦੋਬਸਤ ਇਹ ਜ਼ਰੂਰ ਕਰ ਦੇਣਗੇ (ਲਾਲਾ ਬ੍ਰਿਜਲਾਲ ਵਲ) ਵੇਖੋ ਨਾਂ ਵੀਰ ਜੀ,

ਮੈਨੂੰ ਕੀ ਘਰ ਦੀ ਲੋੜ ਨਹੀਂ ? ਪਰ ਕਰੀਏ ਕੀ, ਸ੍ਰਿਸ਼ਟੀ ਵਿਚ ਵੀ ਰਹਿਣਾ ਹੋਇਆ। ਹੁਣ ਪੁਰਾਣੇ ਗੰਦੇ ਤਰੀਕੇ ਤੇ ਨਹੀਂ ਨਾ ਵਰਤੇ ਜਾ ਸਕਦੇ। ਜਿੰਨਾਂ ਚਿਰ ਅਸੀ ਅਪਨੀ ਰਹਿਣੀ ਬਹਿਣੀ, ਉਚੀਆਂ ਕੌਮਾਂ ਵਾਂਗੂ ਨਹੀਂ ਕਰ ਸਕਦੇ ਉੱਨਾ ਚਿਰ ਸਾਡੀ ਕਦਰ ਨਹੀਂ। ਯੂਰਪ ਵਾਲੇ ਸਾਨੂੰ ਵਹਿਸ਼ੀ ਸਮਝਦੇ ਨੇ। ਜੇ ਸਾਡੀਆਂ ਸ੍ਰੀਮਤਾਂ ਦੇ ਗਹਿਣੇ ਕਪੜੇ, ਝੁੰਡ ਵੇਖਦੇ ਨੇ ਤਾਂ ਉਹਨਾਂ ਨੂੰ ਤਮਾਸ਼ੇ ਦੇ ਸਾਂਗ ਈ ਸਮਝਦੇ ਨੇਂ। ਸਾਡੀ ਸੋਸ਼ਿਲ ਜਾਂ ਭਾਈਚਾਰਕ ਉਨਤੀ ਲਈ ਜ਼ਰੂਰੀ ਹੈ ਕਿ ਅਸੀ ਅਪਨੀ ਰਹਿਣੀ ਬਹਿਣੀ ਬਦਲੀਏ, ਤੇ ਇਹ ਗਲ ਤਦ ਈ ਹੋ ਸਕਦੀ ਏ ਜਦ ਇਸਤ੍ਰੀ ਜਾਤੀ ਨੂੰ ਕੈਦੋਂ ਕਢ ਅਜ਼ਾਦ ਕਰੀਏ। ਵੇਖੋ ਖਾਂ ਟਰਕੀ ਦਾ ਹਾਲ: ਕਮਾਲ ਪਾਸ਼ਾ ਨੇ ਇੱਕੋ ਵਾਰੀ ਪਰਦੇ ਵਿਚ ਢਕੀਆਂ ਹੂਰਾਂ ਨੂੰ ਮੇਮਾਂ ਬਣਾ ਦਿਤਾ। ਧਾਰਮਕ ਧੰਦੇ, ਕਾਜ਼ੀ ਮੁੱਲਾਂ ਸਭ ਕਢ ਦਿਤੇ। ਖਿਲਾਫ਼ਤ ਤੇ ਖ਼ਲੀਫ਼ੇ ਨੂੰ ਦੇਸ-ਨਿਕਾਲਾ ਦਿਤਾ। ਏਹ ਜੇ ਰਾਹ ਤ੍ਰੱਕੀ ਦਾ। ਜਿੰਨਾਂ ਚਿਰ ਹਿੰਦੀ ਵੀ ਅਪਨੇ ਦਿਲਾਂ ਨੂੰ ਹਥ ਵਿਚ ਫੜਕੇ ਹੌਸਲਾ ਕਰਕੇ ਇਨ੍ਹਾਂ ਭਾਈ-ਚਾਰਕ ਬੁਰਾਈਆਂ ਤੇ ਧਾਰਮਕ ਸੰਗਲਾਂ ਦੀ ਕੜੀ ਨੂੰ ਨਾ ਕਟਨ, ਉਨਤੀ ਦੂਰ।

ਬਿ: ਲਾ.--ਠੀਕ ਠੀਕ ਪਰ ਕੀ ਕਲੱਬ ਤੇ ਨਾਚ ਵੀ ਦੇਸ਼ ਸੁਧਾਰ ਦਾ ਅੰਗ ਹੈਣ ?

ਮਿ: ਮ:--ਹਾਂ ਜੀ, ਕਿਉਂ ਨਾਂ। ਵੇਖੋ ਖਾਂ ਸਾਰੇ ਯੂਰਪ ਤੇ ਅਮ੍ਰੀਕਾ ਵਿਚ ਇਹੋ ਕਲੱਬ ਜੀਵਨ, ਉਨ੍ਹਾਂ ਦੀ ਸਾਰੀ ਭਾਈ ਚਾਰਕ ਮਸ਼ੀਨ ਦਾ ਅਧਾਰ, ਜਾਂ ਚਲਾਨ ਵਾਲੀ ਤਾਕਤ ਏਹੀ ਕਲੱਬ ਹੈ। ਬਸ ਸਾਡੀ ਤ੍ਰੱਕੀ ਦਾ ਮੁਢ ਵੀ ਏਥੋਂ ਈ ਹੋਣਾ ਹੈ, ਜਿੰਨਾਂ ਚਿਰ ਮਿਲਕੇ ਬੈਠਨਾ, ਹਸਨਾ ਖੇਡਨਾ ਨਾ ਸਿਖੀਏ, ਤਦ ਤਕ ਕੌਮੀ ਪਿਆਰ

ਨਹੀਂ ਵਧਦਾ, ਵੇਖੋ ਖਾਂ, ਇਸ ਘਾਟੇ ਕਰਕੇ ਮਜ਼੍ਹਬੀ ਫਸਾਦ ਲੜਾਈਆਂ . ਇਕ ਦੂਜੇ ਦੇ ਨਾਲ ਸਿਰ-ਵਢਵਾਂ ਵੈਰ ਹੈ।

ਪ੍ਰੋ: ਮੈਹਰਾ:—ਪਿਆਰੀ ਸਾਵੀ! ਠੀਕ, ਬੜਾ ਸੋਹਣਾ ਲੈਕਚਰ ਏ। ਕੀ ਕਲੱਬ ਦਾ ਪ੍ਰਚਾਰ (ਪ੍ਰਾਪੇਗੈਂਡਾ) ਇਥੇ ਵੀ ਸ਼ੁਰੂ ? ਸਾਰੀਆਂ ਗਲਾਂ ਸੋਚ, ਪਰ ਪੈਸੇ ਕਿਥੋਂ ਆਉਣ ?

ਮਿ: ਮੈ:—ਪੈਸੇ, ਇਹ ਤੁਛ ਚੀਜ਼, ਹੱਥਾਂ ਦੀ ਮੈਲ। ਜਦ ਅਸੀਂ ਉੱਚੇ ਹੋਵਾਂਗੇ, ਸੁਤੰਤ੍ਰ ਹੋਵਾਂਗੇ; ਸਾਡਾ ਧਨ ਮਾਲ ਵੀ ਵਧੇਗਾ। ਅਸੀ ਵੀ ਅਮੀਰ ਹੋ ਜਾਵਾਂਗੇ। ਵੇਖੋ ਖਾਂ, ਅੰਗਰੇਜ਼ ਕੋਈ ਅਮੀਰ ਈ ਥੋੜੇ ਜੰਮੇ ਸਨ। ਅਕਬਰ ਦੇ ਵੇਲੇ ਇਨ੍ਹਾਂ ਦਾ ਕੀ ਹਾਲ ਸੀ ?

ਕ੍ਰਿ: ਲਾਲ:—ਪਰ ਸਾਡਾ ਤੇ ਉਥੇ ਪਹੁੰਚਦਿਆਂ ਤਕ ਦਿਵਾਲਾ।

ਮਿ: ਮੈ:—ਬਿਨਾਂ ਮੂਲ,ਵਿਆਜ ਕਿਥੋਂ ? ਹੁਣ ਖਰਚ ਫੇਰ ਨਫ਼ਾ। ਜੇ ਅਸਾਂ ਗਵਾਇਆ ਤਾਂ ਸਾਡੀ ਔਲਾਦ ਨਫ਼ਾ ਖੱਟੂ।

ਪ੍ਰੋ: ਮੈਹਰਾ:—ਯਾ ਨਫ਼ਾ ਖੱਟੂ ਜਾਂ ਦਿਵਾਲੀਆ ਹੋ ਭੀਖ ਮੰਗੂ।

ਮਿ: ਮੈਹਰਾ:—ਅਜ ਪਿਆਰੇ ਜੀ, ਤੁਹਾਨੂੰ ਕੀ ਹੋ ਗਿਆ ? ਖਵਰੇ ਦੋ ਬਿਲਾਂ ਨੇ ਸਿਰ ਭਵਾ ਦਿਤਾ। ਏਹ ਫਲਾਸਫੀ ਫੇਰ ਛਾਂਟਣੀ। ਪਹਿਲੋਂ ਚੀਜ਼ਾਂ ਦਾ ਬੰਦੋਬਸਤ ਕਰੋ, (ਮੁੜਦੀ ਜਾਂਦੀ ਗਿਚੀ ਭਵਾ) ਜ਼ਰੂਰ, ਜ਼ਰੂਰ। ਵੀਰ ਜੀ ਨਮਸਤੇ (ਅੰਦਰ ਚਲੀ ਜਾਂਦੀ ਏ, ਦੋਵੇਂ ਕੁਰਸੀ ਤੋਂ ਉਠ ਆਦਰ ਕਰਦੇ ਨੇ)

ਪ੍ਰੋ: ਮੈ:—ਯਾਰ ਅਖੀਂ ਵੇਖਿਆ ਤੇ ਕੰਨੀਂ ਸੁਣ ਲਿਆ ਈ ਨਾਂ। ਦਸ ਹੁਣ ਮੇਰਾ ਕੀ ਕਸੂਰ ? ਐਤਕੀ ਤਾਂ ਰੁਪੈ ਦਾ ਬੰਦੋਬਸਤ ਕਰੋ। ਫੇਰ ਕੁਝ ਵਿਉਂਤ ਸੋਚਾਂਗੇ।

ਲਾ: ਬ੍ਰਿ: ਲਾਲ:-(ਕੰਨ ਤੇ ਹੱਥ ਰੱਖ) ਬਸ ਯਾਰ ਬਸ। ਰਬ ਰੱਖੇ ਤੇ ਬੰਦਾ ਰਹੇ। ਚੰਗਾ ਮੈਂ ਜਾਂਣਾ ਆਂ। ਜੋ ਕੁਝ ਹੋ ਸਕਿਆ ਕਰਾਂਗਾ। ਨਮਸਤੇ। [ਕੁਰਸੀ ਤੋਂ ਉਠਦਾ ਹੈ

ਪ੍ਰੋ: ਮੈਹਰਾ.-(ਕੁਰਸੀ ਤੋਂ ਉਠ ਬੂਹੇ ਤਕ ਛਡਣ ਜਾਂਦਾ ਹੈ)ਭਰਾ ਜੀ,ਭੁਲਨਾ ਨਾ।(ਮੁੜ ਕੁਰਸੀ ਤੇ ਬੈਠ।ਬ੍ਰਿਜਲਾਲਦਾ ਜਾਨਾ।ਆਪਨੇ ਆਪ)ਬੇਸ਼ਕ ਫ਼ੈਸ਼ਨ ਬੜਾ ਮੈਂਹਗਾ ਪੈਂਦਾਹੈ।ਪਰ ਉਹ ਵੀ ਕੀਜ਼ਿੰਦਗੀ; ਰੁਪੈਆ ਬੈਂਕ ਵਿਚ ਬੰਦ ਤੇ ਆਪ ਹਟੀ ਬੈਹ ਗੋਦੜੀ ਤੇ ਉਮਰ ਗੁਜ਼ਾਰੀ, ਜਾਂ ਸ਼ਰਾਬ ਤੇ ਰੰਡੀ-ਬਾਜ਼ੀ ਵਿਚ ਰੁਪੈਆ ਗਵਾਇਆ। ਦਿਮਾਗ਼ੀ ਕੰਮ ਕਰਨ ਵਾਲਿਆਂ ਨੂੰ ਹਸਨਾ ਖੇਡਨਾ ਜ਼ਰੂਰੀ। ਕਲੱਬ-ਜੀਵਨ ਤੇ ਸਾਰੀਆਂ ਮੁਹੱਜ਼ਬ ਕੌਮਾਂ ਵਿਚ ਜ਼ਰੂਰੀ ਸਮਝਿਆਗਿਆ। ਮਜ਼ਦੂਰਾਂ ਦੀਆਂ ਵੀ ਕਲੱਬਾਂ, ਹਟਵਾਨੀਆਂ ਦੀਆਂ ਵੀ ਕਲੱਬਾਂ। ਪਰ ਕਲੱਬਾਂ ਕਰਕੇ ਕੋਈ ਕੌਮ ਨਹੀਂ ਉਜੜੀ। ਹਾਂ, ਸ਼ੁਰੂ ਸ਼ੁਰੂਵਿਚ ਖਰਚ ਹੁੰਦਾ ਈ ਏ (ਟਨ,ਟਨ,ਟਨ,ਘੜੀ ਵੇਖ) ਖਾਣੇ ਦਾ ਵੇਲਾ ਹੋਗਿਆ।

(ਉਠ ਕੇ ਅੰਦਰ ਚਲਾ ਜਾਂਦਾ ਹੈ)

ਪਰਦਾ।

ਝਾਕੀ ੨.

ਸਰਦਾਰ ਹਰਕਿਸ਼ਨ ਸਿੰਘ ਦੀ ਕੋਠੀ-ਇਕ ਵਡੇ ਕਮਰੇ (ਗੋਲ ਕਮਰੇ) ਵਿਚ ਮਿਸਟਰ ਸੁੰਦਰ ਸਿੰਘ ਤੇ ਉਸਦਾ ਮਿਤਰ ਪੰਡਤ ਕੇਵਲ ਕਿਸ਼ਨ ਕਿਚਲੂ ਬੈਠੇ ਹੈਨ। ਗੋਲ ਕਮਰਾ ਪੂਰੇ ਅੰਗ੍ਰੇਜ਼ੀ ਫੈਸ਼ਨ ਵਿਚ ਸਜਿਆ ਹੈ। ਇਕ ਬੇ ਵਿੰਡੋ (ਬਾਰੀ) ਸਾਮ੍ਹਣੇ ਬਾਗ਼ ਵਲ ਖੁਲਦੀ ਹੈ ਤੇ ਵੱਡਾ ਦਰਵਾਜ਼ਾ ਹਾਲ ਵਿਚ ਹੈ। ਕਮਰੇ ਵਿਚ ਕੀਮਤੀ ਗਲੀਚੇ ਵਿਛੇ ਹੈਨ, ਉਪਰ ਦੋ ਸੋਹਣੀਆਂ ਤਿਪਾਈਆਂ ਰੇਸ਼ਮੀ ਰਮਾਲਾਂ ਨਾਲ ਕਜੀਆਂ ਧਰੀਆਂ ਹੈਨ, ਜਿਨ੍ਹਾਂ ਤੇ ਚਾਂਦੀ ਦੇ ਚਮਕੀਲੇ ਫੁਲਦਾਨਾਂ ਵਿਚ ਫੁਲ ਸਜੇ ਹਨ। ਅੰਗੀਠੀ ਦੇ ਮੈਂਟਲ ਤੇ ਕਈ ਸੁੰਦਰ ਵਸਤਾਂ ਧਰੀਆਂ ਹੈਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵੱਡੀ ਤਸਵੀਰ ਸੋਹਣੇ ਚੌਖਟੇ ਵਿਚ ਅੰਗੀਠੀ ਦੇ ਉਪਰ ਲਟਕਦੀ ਹੈ। ਇਕ ਗਲ ਨੋਟ ਕਰਨ ਵਾਲੀ ਇਹ ਹੈ ਕਿ ਇਸ ਕਮਰੇ ਵਿਚ ਰਿਵਾਜ ਮੂਜਬ ਕੋਈ ਤਸਵੀਰ ਕਿਸੇ ਸੋਹਣੀ ਮੇਮ ਯਾ ਵਲੈਤੀ ਐਕਟ੍ਰਿਸ ਦੀ ਨਹੀਂ। ਹਾਂ ਭਾਰਤ ਦੇ ਬਹਾਦਰ ਪੁਰਸ਼:--ਜੀਕਨ ਅਕਬਰ, ਸੇਵਾ ਜੀ, ਮਹਾਰਾਜਾ ਰਣਜੀਤ ਸਿੰਘ ਦੀਆਂ ਤਸਵੀਰਾਂ ਦੀਵਾਰਾਂ ਨਾਲ ਜ਼ਰੂਰ ਲਟਕਦੀਆਂ ਹੈਨ। ਨਾਲ ਈ ਰਚਨਾਂ ਦੇ ਨਜ਼ਾਰਿਆਂ ਦੀਆਂ ਰੰਗੀਨ ਤਸਵੀਰਾਂ ਥਾਉਂ ਥਾਈਂ ਜ਼ਰੂਰ ਹੈਨ। ਛੋਟੇ ੨ ਸੁੰਦਰ ਚੋਖਟਿਆਂ ਵਿਚ ਆਪਣੇ ਘਰਦੇ ਮਰਦਾਂ, ਬੱਚਿਆਂ ਤੇ ਹੋਰ ਮਿਤਰਾਂ ਦੀਆਂ ਤਸਵੀਰਾਂ ਵੀ ਹੈਣ,ਪਰ ਇਸਤ੍ਰੀਆਂ ਦੀਆਂ ਨਹੀਂ।ਇਸ ਤੋਂ ਪਤਾ ਲਗਦਾਹੈ ਕਿ ਘਰਦਾ ਮਾਲਕ,ਅੱਜ ਕਲ ਦੇ ਫ਼ੈਸ਼ਨ ਅਨੁਸਾਰ ਚਲਣ ਵਾਲਾ ਤੇ ਹੈ, ਪਰ ਪਛਮੀ ਬੁਰਿਆਈਆਂ ਤੋਂ ਪਰੇ ਰਹਿੰਦਾ ਹੈ! ਤਸਵੀਰਾਂ ਦੀ ਚੋਣ ਦਸਦੀ ਹੈ ਕਿ ਉਸ ਦੇ ਮਨ ਦਾ ਝੁਕਾਓ ਦੇਸ਼ ਉੱਨਤੀ ਵਲ ਵੀ ਹੈ। ਇਕ ਵਡਮੁੱਲਾ ਪਿਆਨੋਂ ਤੇ ਇਕ ਪੈਰਾਂ ਦਾ ਹਾਰਮੋਨੀਅਮ ਵੀ ਰਖਿਆ ਹੈ। ਕਮਰੇ ਦੀ ਸਜਾਵਟ ਦਸਦੀ ਹੈ ਕਿ ਇਸ ਘਰ ਵਿਚ ਦੌਲਤ ਦੀ ਪ੍ਰਵਾਹ ਨਹੀਂ। ਕਿਉਂਕਿ ਇਕ ਸੈਟ ਸੋਫੇ ਤੇ ਕੁਰਸੀਆਂ ਦਾ ਖਾਸ ਵਲੈਤੀ ਬਣਿਆ ਹੋਇਆ ਨਵਾਂ ਈ ਆਇਆ ਦਿਸਦਾ ਹੈ ਅਤੇ ਹੋਰ ਵੀ ਕਿੰਨੀਆਂ ਵਸਤਾਂ ਨਵੀਆਂ ਵਲੈਤੋਂ ਆਈਆਂ ਪਈਆਂ ਹੈਨ।

ਮਿਸਟ੍ਰ ਸੁੰਦਰ ਸਿੰਘ, ਸਰਦਾਰ ਹਰਕਿਸ਼ਨ ਸਿੰਘ ਜੀ ਦਾ ਇੱਕੋ ਪੁਤਰ ਹੈ। ਥੋੜੇ ਦਿਨ ਈ ਹੋਏ ਵਲੈਤੋਂ ਪੜ੍ਹਕੇ ਵੱਡੀਆਂ ਡਿਗਰੀਆਂ ਲੈਕੇ ਬੈਰਿਸਟਰ ਬਣਕੇ ਆਇਆ ਹੈ। ਉਮਰ ਪੰਝੀ ਕੁ ਵਰ੍ਹੇ ਦੀ, ਲੰਮਾਂ ਜਵਾਨ, ਸ਼ਕਲ ਸੋਹਣੀ। ਇਕ ਕੀਮਤੀ ਸੂਟ ਪਾਈ ਬੈਠਾ ਹੈ। ਪੰਡਿਤ ਕਿਚਲੂ ਵੀ ਬੈਰਿਸਟਰ ਹੈਨ, ਇਹਨਾਂ ਨੂੰ ਆਇਆਂ ਵਰ੍ਹਾਕੁ ਹੋਗਿਆ। ਇਹ ਆਕਸਫੋਰਡ ਵਿਚ ਮਿਸਟਰ ਸਿੰਘ ਦੇ ਜਮਾਤੀ ਸਨ। ਕਿਚਲੂ,ਰਾਏ ਬਹਾਦਰ ਪੰਡਤ ਪ੍ਰਾਨ ਨਾਥ ਦੇ ਭਤੀਜੇ ਹੈਨ. ਅਰ ਉਹਨਾਂ ਦੇ ਘਰ ਈ ਪਲੇ। ਦੋਹਾਂ ਦਾ ਅਜੇ ਵਿਆਹ ਨਹੀਂ ਹੋਇਆ। ਦੋਵੇਂ ਬੇ ਵਿੰਡੋ ਵਿਚ ਗੱਦੀ ਵਾਲੀ ਸੀਟ ਤੇ ਬੈਠੇ ਬਾਗ਼ ਦੇ ਫੁਲਾਂ ਦੀ ਬਹਾਰ ਵੇਖਦੇ ਹੈਨ।

ਸਿੰਘ:--ਯਾਰ, ਜਿਸ ਦਿਨ ਦਾ ਆਯਾ ਹਾਂ,ਇਥੇ ਤੇ ਵਿਆਹ ਦੇ ਸੁਨੇਹੇ ਈ ਆਉਂਦੇ ਨੇ। ਖਵਰੇ ਸਾਡੇ ਦੇਸ ਵਿਚ

ਵਿਆਹ ਈ ਵਡੀ ਗਲ ਹੈ।

ਕਿਚਲੂ:-ਗਲ ਵੀ ਠੀਕ, ਹੁਣੇ ਪੜ੍ਹਕੇ ਵਲੈਤੋਂ ਆਇਓਂ। ਹੋਇਓਂ ਵੀ ਸੋਹਣਾ ਗੁਲਫ਼ਾਮ। ਧਨ ਦੀ ਪਰਵਾਹ ਨਹੀਂ। ਜਦ ਸਭ ਗਲਾਂ ਪੂਰੀਆਂ ਹੋਣ, ਤਾਂ ਪਰੀਆਂ ਕਿਉਂ ਨਾ ਡਿਗਣ। ਸਭ ਖੇਡ ਧਨ ਦੇ ਨੇਂ। ਅਸੀਂ ਬੈਰਿਸਟਰ ਬਨ ਆਏ। ਚਾਲੀ ਹਜ਼ਾਰ ਰੁਪੈਆ ਲਗ ਗਿਆ। ਵਰ੍ਹਾ ਆਇਆਂ ਹੋਇਆ। ਅਜੇ ਇਕ ਹਜ਼ਾਰ ਵੀ ਨਹੀਂ ਕਮਾਇਆ। ਹਾਂ ਪੰਜ ਛੇ ਸੋ ਦਾ ਮਾਹਵਾਰ ਖਰਚ ਜ਼ਰੂਰ ਹੈ। ਮੈਨੂੰ ਬੜੀ ਸ਼ਰਮ ਆਉਂਦੀ ਹੈ ਕਿ ਪਿਤਾ ਜੀ ਨੂੰ ਅਜੇ ਵੀ ਮੇਰੇ ਤੇ ਖਰਚ ਈ ਕਰਨਾ ਪੈਂਦਾ ਹੈ। ਪਰ ਕਰਾਂ ਕੀ?

ਸਿੰਘ:--ਤਾਂ ਇਹ ਕਾਨੂੰਨ ਦੀ ਪੜ੍ਹਾਈ ਐਵੇਂ ਈ ਜਾਂਦੀ ਜਾਪਦੀ ਏ।

ਕਿਚਲੂ:-ਨਹੀਂ, ਨਹੀਂ, ਹੌਲੀ ਹੌਲੀ ਮੇਹਨਤ ਕੀਤਿਆਂ ਸਭ ਠੀਕ ਹੋਸੀ। ਆਉਂਦਿਆਂ ਈ ਕਿਸੇ ਦਾ ਕੰਮ ਤਾਂ ਨਹੀਂ ਨਾ ਚਲ ਪੈਂਦਾ, ਤੇ ਵੇਖੋ ਨਾ ਇਸ ਪ੍ਰੋਫੈਸ਼ਨ ਵਿਚ ਭੀੜ ਭਾੜ ਕਿੰਨੀ ਏ, ਏਸੇ ਕਰਕੇ ਬੈਰਿਸਟਰ ਵਕੀਲ ਭੁੱਖੇ ਮਰਦੇ ਨੇਂ।

ਸਿੰਘ:—ਪਈ ਗਲ ਤੇ ਹੈ ਠੀਕ, ਪਰ ਬਹੁਤੇ ਹੋਣ ਵੀ ਤੇ ਬੁੱਧੂ। ਇੱਲ ਦਾ ਨਾਂ ਕੋਕੋ ਵੀ ਨਹੀਂ ਜਾਣਦੇ ਤੇ ਬਣੇ ਬੈਠੇ ਨੇ ਐਡਵੋਕੇਟ। ਵੇਖੋ ਖਾਂ ਕੇਨ ਰੋਡ ਤੇ ਮਿਸਟਰ ਬੈਹਲ। ਵੀਹ ਵਰ੍ਹੇ ਬੈਰਿਸਟਰੀ ਕਰਦਿਆਂ ਹੋਏ, ਪਰ ਅਜੇ ਤਕ (Revision) ਨਜ਼ਰ-ਸਾਨੀ ਤੇ ਅਪੀਲ ਦਾ ਫਰਕ ਨਹੀਂ ਜਾਣਦਾ।ਆਮਦਨ ਕੋਡੀ ਦੀ ਨਹੀਂ। ਦਲਾਲਾਂ ਦੇ ਸਿਰ ਨੂੰ ਦੁਆ ਦੇਨ। ਕਿਸੇ ਨੂੰ ਲਿਆ ਫਸਾਇਆ, ਤਾਂ ਕੁਝ ਦਿਨ ਗੁਜ਼ਾਰਾ ਚਲ ਗਿਆ। ਪਰ ਸੌਠ ਫ਼ੀ ਸਦੀ ਕਮਿਸ਼ਨ ਲੈ ਗਏ ਦਲਾਲ। ਸੋਹਰਿਆਂ ਦੇ ਸਿਰਾਂ ਨੂੰ ਦੁਆ ਦੇਵੇ, ਗਲ ਪੁਜੀ ਜਾਂਦੀ ਏ।

ਕਿਚਲੂ:-ਯਾਰ ਤੂੰ ਤੇ ਆਇਆ ਕਦ ਤੇ ਪੁਰਾਣਾ ਕਦ ਹੋਇਆ ! ਐਨੀਆਂ ਗਲਾਂ ਦੀ ਘੋਖ ਵੀ ਘੋਖ ਲਿਤੀ, ਤੇਰੀ ਤ੍ਰੱਕੀ ਵਿਚ ਤਾਂ ਸ਼ਕ ਹੀ ਨਹੀਂ।

ਸਿੰਘ:-(ਹਸਕੇ)ਵਾਹ,ਏਹਦੇ ਵਿਚ ਵੱਡਿਆਈ ਕਾਹਦੀ।ਸਾਡੀ ਕੋਠੀ ਵਿਚਰੈਂਹਦਾਹੈ,ਡੇਢਵਰ੍ਹਾ ਹੋਇਆ ਕਰਾਏਦਾ ਨਾਂ ਨਹੀਂ। ਰੋਜ਼ ਇਕਰਾਰ, ਕਲ ਕਲ ਕਰਦੇ ਏਹ ਦਿਨ ਆ ਗਏ।

ਕਿਚਲੂ:-ਕਰਾਰ ਤੇ ਸੱਚਾ ਈ ਕਰਦੇ ਨੇਂ,ਕਲ ਤੇ ਕਦੀਆਉਂਦਾ ਈ ਨਹੀਂ। ਕਲ ਆਵੇ ਤੇ ਦੇਨ !

ਸਿੰਘ:--ਠੀਕ ! ਜੇ ਪ੍ਰੋਫੈਸ਼ਨ ਦਾ ਏਹੀ ਹਾਲ ਰਿਹਾ ਤਾਂ ਮੈਂ ਤੇ ਪ੍ਰੈਕਟਿਸ ਨਹੀਂ ਕਰਨੀ, ਆਪਨੇ ਕਾਰੋਬਾਰ ਨੂੰ ਈ ਸਾਂਭਾਂਗਾ। ਮੇਰੇ ਪਿਤਾ ਜੀ ਦਾ ਵੀ ਇਹੀ ਖਿਆਲ ਹੈ।

ਕਿਚਲੂ:- ਹੈ ਵੀ ਠੀਕ ! ਜਦ ਘਰ ਦਾ ਕੰਮ ਐਨਾਂ ਹੋਵੇ ਤਾਂ ਵਕਾਲਤ ਦੀਆਂ ਝਖਾਂ ਮਾਰਨ ਦੀ ਕੀ ਲੋੜ। ਪਛਮੀ ਵਿਦਿਆ ਨੂੰ ਵਰਤਕੇ, ਤੁਸੀਂ ਅਪਨੇ ਕੰਮ ਨੂੰ ਦੂਣਾ ਤੀਣਾ ਕਰ ਸਕਦੇ ਹੋ, ਤੇ ਆਮਦਨ ਵਧਾ ਸਕਦੇ ਹੋ। ਮੁਸ਼ਕਲ ਤੇ ਹੋਈ ਸਾਡੇ ਜਿਹਾਂ ਨੂੰ।

ਸਿੰਘ:—ਪਰ ਤੁਹਾਨੂੰ ਵੀ ਕੀ ਪਰਵਾਹ ?ਪਿਤਾ ਜੀ ਦੀ ਪਿਨਸ਼ਨ ਮੁਰੱਬੇ,ਪਿੰਡ, ਚਾਇ ਦੇ ਬਾਗ, ਬਥੇਰੀ ਆਮਦਨ।

ਕਿਚਲੂ:-ਪਰ ਖਰਚ ਵੀ ਬਥੇਰੇ। ਵੇਖੋ ਇਕ ਹਾਈ ਸਕੂਲ ਚਲਦਾ ਹੈ। ਦੂਜੇ, ਪਿਤਾ ਜੀ ਅਪਨੇ ਈ ਖਿਆਲ ਦੇ ਮਨੁਖ ਹੈਨ, ਕਿਸੇ ਦੀ ਸਲਾਹ ਨਹੀਂ ਲੈਂਦੇ। ਅਪਨੇ ਏਜੰਟ ਮੁਖਤਾਰਾਂ ਦੇ ਹਥ। ਜ਼ਮੀਨਾਂ ਅਨਗੌਹਲੀ ਕਰਕੇ ਖਰਾਬ ਹੋ ਗਈਆਂ। ਲੋਕੀ ਮੁਰੱਬੇ ਵਿਚੋਂ ਹਜ਼ਾਰ ਅਠ ਸੋ ਕਮਾਂਦੇ ਨੇ, ਤੇ ਸਾਨੂੰ ਤਿੰਨ ਚਾਰ ਸੋ ਵੀ ਨਹੀਂ ਪੈਂਦਾ। ਤਿੰਨ ਪਿੰਡ ਹੈਨ ਰਿਆਸਤ ਪਟਿਆਲੇ ਵਿਚ, ਓਥੋਂ ਕੌਡੀ ਨਹੀਂ ਆਉਂਦੀ। ਬਸ ਏਹੀ ਹਾਲ ਹੋਰ ਬਾਗ ਜ਼ਮੀਨਾਂ ਦਾ। ਖੇਤੀ ਖਸਮਾਂ ਸੇਤੀ; ਜਦ ਆਪ ਧਿਆਨ੍ਹ ਨ ਦੇਨ ਤਾਂ ਬਣੇ ਕੀ ?

ਸਿੰਘ:--ਤਦ ਤੇ ਯਾਰ ਤੈਨੂੰ ਸਿਰਤੋੜ ਕੋਸ਼ਸ਼ ਕਰਨੀ ਚਾਹੀਏ, ਤੇਰੀ ਲਿਆਕਤ ਵਲ ਤਾਂ ਕੋਈ ਉਂਗਲ ਨਹੀਂ ਕਰ ਸਕਦਾ। ਢਿੱਗੀ ਨ ਢਾਹ, ਹੌਂਸਲਾ ਫੜ; ਤੇਰਾ ਕੰਮ ਜ਼ਰੂਰ ਚਲੇਗਾ। ਪਰ ਸੁਣਾ ਯਾਰ,ਤੂੰ ਵਿਆਹ ਵਿਊਹ ਦੀ ਕੀ ਠਰਾਈ?

ਕਿਚਲੂ:-ਅਜੇ ਤੇ ਨਹੀਂ।

ਸਿੰਘ:—ਕਿਸ ਤੇ ਅੱਖ ਹੈ?

ਕਿਚਲੂ:-ਤੁਸੀਂ ਅਪਨੀ ਦਸੋ, ਕੋਈ ਚੁਣੀ ਕਿ ਨਹੀਂ, ਸਾਡਾ ਕੀ?

ਸਿੰਘ:--ਅਜੇ ਤੇ ਨਹੀਂ, ਵਿਆਹ ਵੀ ਕੋਈ ਬਾਜ਼ਾਰ ਦੀ ਵਸਤ ਹੈ ਕਿ ਜਾ ਕੇ ਖਰੀਦ ਲਿਆਉਣੀ ਏ? ਏਹ ਉਮਰਾਂ ਦਾ ਸੰਬੰਧ,ਪਿਆਰ ਦਾ ਬਪਾਰ। ਇਸ ਤੇ ਜਿੰਨੀ ਸੋਚ ਵਿਚਾਰ ਹੋਵੇ ਥੋੜੀ। ਸਭ ਤੋਂ ਢੇਰ ਤੇ ਮਿਸਜ਼ ਮੈਹਰਾ ਪਿਛੇ ਪਈ ਹੈ। ਨਾਲ ਆਪਨੀ ਭੈਣ ਸਕੁੰਤਲਾ ਨੂੰ ਲਿਆਂਉਂਦੀ ਹੈ।

ਕਿਚਲੂ:-ਇਸ ਤੋਂ ਬਚਕੇ ਰੈਹਣਾ,ਇਹ ਬੜੀ ਬਲੌਂ ਜੇ! ਕਿਧਰੇ ਉਸਦੀ ਚਮਕ ਤੇ ਫ਼ੈਸ਼ਨ ਤੇ ਫਸ ਨਾ ਜਾਣਾ। ਘਰ ਘਰ ਦੀ ਬਿੱਲੀ ਜੇ। ਮਿਸਟਰ ਕਪੂਰ ਦੇ ਵੀ ਇਹ ਢੇਰ ਆਂਉਂਦੀ ਜਾਂਦੀ ਹੈ ਤੇ ਕਪੂਰ ਦਾ ਤੁਹਾਨੂੰ ਪਤਾ ਲਗ ਈ ਗਿਆ ਹੋਣਾ ਏ।

ਸਿੰਘ:--ਪਰ ਸਕੁੰਤਲਾ ਤਾਂ ਸੁਸ਼ੀਲ ਜਾਪਦੀ ਏ। ਪੜ੍ਹੀ ਲਿਖੀ ਵੀ ਚੰਗੀ ਹੈ, ਬੀ. ਏ. ਹੈ।

ਕਿਚਲੂ:-ਤੇ ਸ਼ਕਲ ਸੂਰਤ ਵੀ ਭੈਣ ਨਾਲੋਂ ਚੜ੍ਹਦੀ ਹੈ। ਪਰ ਕੀ ਪਤਾ, ਸੋਹਬਤ ਦਾ ਅਸਰ!

ਸਿੰਘ:--ਪਰ ਜ਼ਰੂਰੀ ਨਹੀਂ।

ਕਿਚਲੂ:—ਤੁਸੀਂ ਸਿਆਣੇ ਹੋ। ਹੋਰ ਕੌਣ?

ਸਿੰਘ—ਮਿਸ ਭੰਡਾਰੀ, ਹੁਣੇ ਬੀ. ਏ. ਕੀਤਾ ਸੂ। ਹੋਰ ਵੀ ਸਭ ਕੁਝ ਠੀਕ ਹੈ। ਪਰ ਮੈਂ ਅਜੇ ਇਸ ਟੱਟੇ ਵਿਚ ਨਹੀਂ

ਫਸਨਾ । ਰਤੀ ਅਪਨੀ ਸੁਰਤ ਸੰਭਾਲ ਲਵਾਂ । ਵਖਰਾ ਅੱਡਾ ਜਮੱਾ ਲਵਾਂ। ਫੇਰ ਘਰ ਵਾਲੀ ਵੀ ਢੂੰਢ ਲਵਾਂਗਾ। ਹਾਂ ਲਾਹੌਰ ਵਿਚ ਇਕ ਸੁਖਾਲ ਹੈ ਕਿ ਕਲੱਬ ਚੰਗੀ ਚਲਦੀ, ਘੰਟਾ ਦੋ ਘੰਟੇ ਜਾ ਜੀ-ਪ੍ਰਚਾਵਾ ਕਰ ਆਈਦਾ ਹੈ। ਮੈਂ ਤੇ ਵੇਖਕੇ ਹੈਰਾਨ ਹੋ ਗਿਆ ਕਿ ਲਾਹੌਰ ਦੀਆਂ ਤ੍ਰੀਮਤਾਂ ਨੂੰ ਪਛਮੀ ਫ਼ੈਸ਼ਨ ਕਿਹਾ ਫਬਦਾ ਹੈ! ਤ੍ਰੀਮਤਾਂ ਵਿਚ ਵੀ ਮਜ਼ੂਬੀ ਛੋਹ ਉਡ ਗਈ । ਇਹ ਤ੍ਰੱਕੀ ਦੀ ਨਿਸ਼ਾਨੀ ਹੈ।

ਕਿਚਲੂ.–ਰਤੀ ਕੁ ਹੋਰ ,ਤਜਰਬਾ ਹੋ ਲਵੇ,ਪਤਾ ਲਗੇਗਾ। ਮਜ਼ਹਬੀ ਫ਼ਸਾਦਾਂ ਦਾ ਅਜ ਕਲ ਤੇ ਕੋਈ ਹਿਸਾਬ ਈ ਨਹੀਂ । ਹਿੰਦੂ, ਮੁਸਲਮਾਨਾਂ ਦਾ ਸਿਰ-ਵਢਵਾਂ ਵੈਰੀ। ਵੱਡੇ ੨ ਲੀਡਰ ਪਾਗਲ । ਬਾਹਰੋਂ ਕੁਝ ਅੰਦਰੋਂ ਕੁੱਝ।

ਸਿੰਘ:–ਏਹੀ ਦੇਸ ਦੇ ਮੰਦ ਭਾਗ। ਪਰ ਇਸ ਦਾ ਕਾਰਨ ਕੀ?

ਕਿਚਲੂ.–ਕਾਰਨ ਦੋ ਹੇਨ। ਇਕ ਤੇ ਰੀਫ਼ਾਰਮ ਸਕੀਮ, ਹਿੰਦੂ, ਮੁਸਲਮਾਨਾਂ, ਸਿਖਾਂਨੂੰ ਵੱਖੋ ਵੱਖ ਪ੍ਰਤੀਨਿੱਧ ਕੌਂਸਲਾਂ ਤੇ ਅਸੈਂਬਲੀ ਵਿਚ ਘਲਨ ਦਾ ਅਧਿਕਾਰ। ਬੱਸ ਹਿੰਦੂ ਮੁਸਲਮਾਨ ਅੱਡ ੨ ਸੀਟਾਂ ਲਈ ਲੜਦੇ ਮਰਦੇ ਨੇ। ਦੂਜੀ ਗਲ ਇਹ, ਕਿ ਹਿੰਦੂ ਸਦੀਆਂ ਦੇ ਸੁੱਤੇ ਹੁਣ ਆਪਣੀ ਜਿਸਮਾਨੀ ਹਾਲਤ ਉੱਚੀ ਕਰਨ ਲਗ ਪਏ ਤੇ ਨਾਲ ਸ਼ੁਧੀ ਸ਼ੁਰੂ ਕਰ ਦਿਤੀ । ਇਧੋਂ ਲੜਾਈ ਫ਼ਸਾਦ ਸ਼ੁਰੂ ਹੋ ਪਏ।

ਸਿੰਘ:–(ਹੈਰਾਨ) ਕੀ ਇਹ ਵੀ ਕੋਈ ਲੜਨ ਦੇ ਕਾਰਨ ਹੈਨ ਜੋ ਮੁਸਲਮਾਨ ਚਾਹੇ ਕਰਨ, ਜੋ ਹਿੰਦੂ ਚਾਹੇ ਕਰਨ। ਲੜਨਾ ਕਾਸ ਨੂੰ ?

ਕਿਚਲੂ–ਮੂਰਖਤਾ।

ਸਿੰਘ:–ਮੇਰੇ ਖਿਆਲ ਵਿਚ ਸਾਰਾ ਘਾਟਾ ਵਿਦਿਆ ਦੇਣ ਦੇ ਤ੍ਰੀਕੇ ਦਾ ਹੈ। ਸਾਡੀ ਤਾਲੀਮ ਚੰਗੇ ਤ੍ਰੀਕੇ ਤੇ ਨਹੀਂ। ਸਾਰੀ ਦੀ ਸਾਰੀ ਪੜ੍ਹਾਈ ਦੀ ਵੇਉਂਤ ਬਦਲੀ ਜਾਏ

ਤਾਂ ਕੁਝ ਸੌਰੇ।

ਕਿਚਲੂ:–ਪਰ ਤਾਲੀਮ ਸਾਡੇ ਹਥ ਤੇ ਨਹੀਂ ਨਾਂ ਕਿ ਜੋ ਚਾਹੀਏ ਕਰੀਏ।

ਸਿੰਘ:–ਠੀਕ, ਜਦ ਹਿੰਦੁਸਤਾਨੀਆਂ ਦੀ ਅਵਾਜ਼ ਗੌਰਮੈਂਟ ਵਿਚ ਨਾ ਹੋਵੇ, ਉਨ੍ਹਾਂ ਫਿਰ ਕੁਝ ਸੌਰਣਾ ਨਹੀਂ।

ਕਿਚਲੂ:-ਇਹੀ ਤੇ ਰੋਣਾ ਕਾਂਗ੍ਰਸ ਦਾ ਹੈ। ਇਹੀ ਸ੍ਵੈਰਾਜ ਹੈ। ਹੁਣ ਸਾਡੇ ਵਜ਼ੀਰ ਵੀ ਹੈਨ, ਪਰ ਉਹ ਕਰਦੇ ਕੁਝ ਨਹੀਂ, ਜੋ ਹੈਨ ਬੇਬੱਸ।

ਸਿੰਘ.–ਹਾਂ,ਪਰ ਅੰਗਰੇਜ਼ੀ ਸੰਬੰਧ ਨਾਲ ਬੜੀਆਂ ਬਰਕਤਾਂ ਹੈਨ। ਵਜ਼ੀਰ ਜੇ ਚਾਹੁਣ ਤਾਂ ਬਥੇਰਾ ਕਰ ਸਕਦੇ ਹੈਨ ਪਰ ਜਦ ਕੌਂਸਲ ਵਿਚ ਮੈਂਬਰ। ਧਾਰਮਕ ਧੜੇਬੰਦੀ ਰਖਣ ਤਾਂ ਕੰਮ ਕੀ ਹੋਣਾ ਏ ?

ਕਿਚਲੂ:–ਠੀਕ, ਇਸੇ ਕਰਕੇ ਤੇ ਕਾਂਗਰਸ ਇਹ ਸੰਬੰਧ ਰਖਨਾਂ ਚਾਹੁੰਦੀਹੈ। ਉਹ ਅੰਗਰੇਜ਼ੀ ਸਲਤਨਤ ਵਿਚ ਦੀ ਸ੍ਵਰਾਜ ਚਾਹੁੰਦੀ ਹੈ।

ਸਿੰਘ.–ਪਰ ਹੁਣ ਤੇ ਦੁਨੀਆਂ ਵਿਚ ਮਜ਼ਦੂਰ ਪੇਸ਼ਾ ਵੱਧ ਰਿਹਾ ਹੈ ਦੁਨੀਆਂ ਵਿਚ ਲਾਲ ਖਤਰਾ ਵੀ ਵੱਧਦਾ ਜਾਂਦਾ ਹੈ।

ਕਿਚਲੂ.–ਪਰ ਹਿੰਦੁਸਤਾਨ ਇਸ ਤੋਂ ਅਜੇ ਸਾਫ ਹੈ।

ਸਿੰਘ –ਪਰ ਬੋਲਸ਼ਿਵਕਸ ਇਕ ਹੜ੍ਹ ਵਾਂਗੂ ਵਧੀ ਜਾਂਦੇ ਨੇ।

ਕਿਚਲੂ:-ਇਹ ਦੁਖੀ ਕੌਮਾਂ ਵਿਚ ਈ ਆਪਣਾ ਪੈਰ ਜਮਾ ਸਕਦੇ ਨੇ, ਸੁਤੰਤ੍ਰ ਕੌਮਾਂ ਵਿਚ ਨਹੀਂ। ਇਹ ਇਕ ਅਜ਼ਾਦੀ, ਸਖਸੀ ਅਜਾਦੀ ਵਖਾ, ਸੁਸੈਟੀ ਦਾ ਬੇੜਾ ਗਰਕ ਕਰਦੇ ਨੇਂ।

ਸਿੰਘ:–ਪਰ ਇਹਨਾਂ ਦਾ ਜੀਵਨ ਈ ਬਗਾਵਤ ਜਾਂ ਤਰਥੱਲੀ ਵਿਚ ਹੈ। ਜੇ ਅਰਾਮ ਤ ਅਮਨ ਹੋਵੇ ਤਾਂ ਇਹ ਕਿਥੇਂ ? ਇਹ ਜਗਤ ਵਿਚ ਕੁਦਰਤ ਦੇ ਨਿਯਮਾਂ ਦੇ ਵਿਰੁਧ ਅਸੂਲ ਚਲਾਣਾ ਚਾਹੁੰਦੇ ਹੈਨ।

ਕਿਚਲੂ:–ਇਹੀ ਤੇ ਖ਼ਤਰਾ ਹੈ। ਸਾਰੇ ਫ਼ਸਾਦ। ਘਰ ਘਰ ਖਤਰਾ,

ਅਮਨ ਦੂਰ, ਬਸ ਜਗ ਵਿਚ ਫਤੂਰ ਮਚਾਇਆ ਹੈ। ਬੁਰਛੇ-ਗਰਦੀ ਹੈ। ਮਜ਼ਦੂਰਾਂ ਦੇ ਹਮੈਤੀ ਬਣ ਜ਼ਿਮੀ-ਦਾਰਾਂ ਦਾ ਲਹੂ ਪੀਂਦੇ ਨੇ। ਇਹਨਾਂ ਦਾ ਰਾਜ ਤੇ ਬੰਦੂਕ ਦਾ ਰਾਜ ਹੈ। ਰੂਸ ਵਿਚ ਵੀ ਕੋਈ ਅਜ਼ਾਦ ਰਾਇ ਨਹੀਂ। ਬਸ ਜਿਹੜੇ ਬੋਲਸ਼ਵਿਕ ਹੈਨ, ਓਹੀ ਜ਼ੋਰੀਂ ਰਾਜ ਕਰਦੇ ਨੇਂ। ਹੋਰ ਕਿਸੇ ਨੂੰ ਬੋਲਨ ਨਹੀਂ ਦਿੰਦੇ।

ਸਿਘ:—ਪਰ ਹੁਣ ਤੇ ਡੈਮੋਕ੍ਰੇਸੀ ਮਰ ਚੁਕੀ। ਹਰ ਥਾਂ ਜ਼ੋਰ ਦਾ ਰਾਜ ਹੈ। ਜੇਹੜਾ ਜਬਰਦਸਤ ਹੋਇਆ, ਰਾਜ ਸੰਭਾਲ ਬੈਠਾ। ਲੋਕਾਂ ਦੀ ਕੀ ਮਜਾਲ ਬਿਰਕਣ। ਜੇ ਬਾਦਸ਼ਾਹ ਕਢੇ, ਤਾਂ ਜਿਸ ਜਮਾਤ ਹਥ ਰਾਜ ਆਇਆ, ਉਸ ਨੇ ਦੂਸ-ਰਿਆਂ ਨੂੰ ਮਾਰ ਮੁਕਾਇਆ। ਵੇਖੋ, ਇਟਲੀ ਵਿਚ ਮਸੋਲਨੀ; ਟਰਕੀ ਵਿਚ ਕਮਾਲ ਪਾਸ਼ਾ; ਸਪੇਨ ਵਿਚ ਡੀ ਰੀਵੇਰਿਆ; ਰੂਸ ਵਿਚ*ਲੈਨਿਣ ਤੇ ਬੋਲਸ਼ਵਿਕ। ਇਹ ਸਭ ਇਕ ਪਖੀ ਜਾਂ ਇਕ-ਪੰਥੀ ਰਾਜ ਹੈ। ਕਿਧਰੇ ਜ਼ਾਲਮ ਖੁਦਮੁਖਤਾਰ ਬਾਦਸ਼ਾਹ ਦੁਖ ਦਿੰਦੇ ਸਨ, ਕਿਧਰੇ ਹੁਣ ਇਹ ਜ਼ਾਲਮ ਜਮਾਤਾਂ। ਵੇਖੋ ਇਟਲੀ, ਟਰਕੀ, ਸਪੇਨ ਰੂਸ ਵਿਚ ਕੋਈ ਅਖਬਾਰ,ਕੋਈ ਮਨੁੱਖ ਆਪਣੇ ਖਿਆਲ ਹਕੂਮਤ ਕਰਨ ਵਾਲੀ ਜਮਾਤ ਦੇ ਵਿਰੁਧ ਨਹੀਂ ਦਸ ਸਕਦਾ। ਦਸੋ ਡੈਮੋਕ੍ਰੇਸੀ ਕਿਥੇ ਗਈ? ਪਾਰਲੀਮੈਂਟ ਦੀ ਚੋਣ ਤਲਵਾਰ ਦੇ ਸਾਏ ਹੇਠ ਹੁੰਦੀ ਹੈ। ਬਾਦਸ਼ਾਹ ਸੈਹਮੇ ਬੈਠੇ ਨੇ। ਮੁਲਕ ਦੀ ਅਵਾਜ਼ ਬੰਦ ਹੈ।

ਕਿਰਲ:—ਇਹ ਤੇ ਮੈਂ ਵੀ ਕਹਿੰਦਾ ਹਾਂ। ਪਰ ਮਜ਼ਦੂਰਾਂ ਤੇ ਗ਼ਰੀਬਾਂ ਦਾ ਉੱਚਾ ਕਰਨਾਂ ਵੀ ਜ਼ਰੂਰੀ ਹੈ।

ਸਿਘ:—ਠੀਕ,ਠੀਕ,ਦੁਨੀਆਂ ਦਾ ਸਾਰਾ ਮਾਲ ਹੁਣਵੱਡੇਰਧਨੀਆਂ ਦੇ ਪਾਸ ਹੈ। ਅਮਰੀਕਾ, ਇੰਗਲੈਂਡ, ਫਰਾਂਸ, ਜਰਮਨੀ, ਜਪਾਨ, ਇਹ ਸਭ ਧਨੀ ਮੁਲਕ ਹੈਨ। ਇਨ੍ਹਾਂ ਦਾ ਵੱਡਾ

* ਲੈਨਿਣ ਹੁਣ ਮਰ ਚੁਕਾ ਹੈ ਪਰ ਰਾਜ ਪ੍ਰਬੰਧ ਉਸੇ ਲੀਕ ਤੇ ਹੈ।

ਮੰਤਵ ਇਹ ਹੈ ਕਿ ਦੁਨੀਆਂ ਇਨ੍ਹਾਂ ਦੇ ਵਸ ਰਵ੍ਹੇ;ਇਨ੍ਹਾਂ ਦੀਆਂ ਹੀ ਬਣਾਈਆਂ ਵਸਤਾਂ ਖਰੀਦੇ। ਕਿਸੇ ਮੁਲਕ ਦੀ ਤਜਾਰਤ,ਦਸਤਕਾਰੀ ਤੇ ਕਾਰਖਾਨੇ ਨਾ ਵਧਣ। ਮਜੂਰਾਂ ਦੀ ਹਿਲ-ਜੁਲ ਦਾ ਮਤਲਬ ਹੈ ਕਿ ਸਾਰੇ ਵੰਡਕੇ ਛਕਣ। ਦਸੋ,ਫਿਰ ਦੋਹਾਂ ਦਾ ਮੇਲ ਕਿਥੋਂ? ਇਹੋ ਕਾਰਨ ਹੈ ਕਿ ਯੂਰਪੀਨ ਕੌਮਾਂ ਏਸ਼ੀਆ ਨੂੰ ਛਡਨਾਂ ਨਹੀਂ ਚਾਹੁੰਦੀਆਂ। ਇਹੀ ਸਭ ਫ਼ਸਾਦ ਦੀ ਜੜ੍ਹ। ਜਿੰਨਾਂ ਚਿਰ ਯੂਰਪ ਵਿਚ ਜ਼ੋਰ ਹੈ ਉੱਨਾਂ ਚਿਰ ਉਹ ਕਦੀ ਏਸ਼ੀਆ ਨੂੰ ਛਡਦਾ ਨਹੀਂ।

ਕਿਚਲੂ:-ਫਿਰ ਬਣੇ ਕੀ ?

ਸਿੰਘ:-ਏਸ਼ੀਆ ਆਪ ਆਪਣੇ ਆਪ ਨੂੰ ਇਖ਼ਲਾਕ ਤੇ ਤਾਲੀਮ ਵਿਚ ਯੂਰਪ ਤੋਂ ਉੱਚਾ ਕਰੇ।

ਕਿਚਲੂ:-(ਹੈਰਾਨੀ ਨਾਲ) ਕੀ ਤੁਹਾਡੇ ਖਿਆਲ ਵਿਚ ਯੂਰਪ ਇਖ਼ਲਾਕ ਵਿਚ ਏਸ਼ੀਆ ਨਾਲੋਂ, ਖਾਸ ਕਰ ਹਿੰਦੁਸਤਾਨ ਨਾਲੋਂ ਉੱਚਾ ਹੈ ?

ਸਿੰਘ:--ਹਾਂ।

ਕਿਚਲੂ: -ਕੀਕਨ ?

ਸਿੰਘ:-ਹਿੰਦੁਸਤਾਨ, ਚੀਨ ਗਲ ਕੀ ਕੁਲ ਏਸ਼ੀਆ ਵਿਚ ਕੌਮੀ ਜਾਂ ਮੁਲਕੀ ਇਖ਼ਲਾਕ ਘਟ ਹੈ। ਵਖਰੇ ਵਖਰੇ ਮਨੁੱਖਾਂ ਦਾ ਇਖਲਾਕ ਤੇ ਰੂਹਾਨੀਅਤ ਟੀਸੀ ਤੇ ਪੁਜੀ ਹੈ। ਜੀਕਨ ਮਹਾਤਮਾ ਗਾਂਧੀ ਦੇ ਨਾਲ ਦਾ ਮਨੁੱਖ ਦੁਨੀਆਂ ਵਿਚ ਨਹੀਂ ਮਿਲਨਾ। ਤੇ ਪਹਾੜਾਂ ਦੀਆਂ ਗੁਫ਼ਾਂ ਵਿਚ ਬੈਠੇ ਸਾਧੂ ਜੋਗੀਆਂ ਦੇ ਨਾਲ ਦਾ ਕੋਈ ਈ ਹੋਣਾ ਏ। ਸਿੱਖਾਂ ਜਿਹਾ ਧਰਮ-ਪਾਲ ਦੁਨੀਆਂ ਵਿਚ ਘਟ।ਪਰ ਫਿਰ ਜੇ ਸਾਰੇ ਦੇਸ਼ ਤੇ ਨਜ਼ਰ ਮਾਰੋ ਤਾਂ ਵੇਖੋ ਕਿ ਭ੍ਰਾ ਭ੍ਰਾ ਨਾਲ ਲੜਦਾ ਹੈ। ਮਰਦ ਤ੍ਰੀਮਤਾਂ ਤੇ ਜ਼ੁਲਮ ਕਰੀ ਬੈਠੇ ਨੇਂ। ਦੇਸ਼ ਉਜੜੇ ਤਾਂ ਉਜੜੇ, ਕੌਮ ਪਾਤਾਲ ਵਿਚ ਜਾਏ ਤਾਂ ਜਾਏ, ਪਰ ਇਕ ਔਹਦਾ ਮਿਲ ਜਾਏ। ਕੋਈ ਖਿਤਾਬ਼

ਮਿਲ ਜਾਏ।ਯੂਰਪ ਵਿਚ,ਕੌਮੀ ਇਖ਼ਲਾਕ ਉੱਚਾਹੈ।ਵੇਖੋ. ਦੁਨੀਆਂ ਵਿਚੋਂ ਗ਼ੁਲਾਮੀ ਬੰਦ ਕਰਾਈ,ਅੰਗ੍ਰੇਜ਼ੀ ਕੌਮ ਨੇ।

ਕਿਚਲੂ –ਇਹ ਤੇ ਠੀਕ ਹੈ, ਪਰ ਹੁਣ ਯੂਰਪੀ ਕੌਮਾਂ ਈ ਸਾਰੇ ਮੁਲਕ ਦਬਾਈ ਤੇ ਲੋਕਾਂ ਨੂੰ ਗ਼ੁਲਾਮ ਬਣਾਈ ਬੈਠੀਆਂ ਹਨ ਤੇ ਸਾਰੀ ਦੁਨੀਆਂ ਤੇ ਆਪਣਾ ਈ ਹੱਕ ਦਸ-ਦੀਆਂ ਹਨ। ਰਬ ਈ ਜਾਣੇ ਇਨ੍ਹਾਂ ਨੂੰ ਕਦ ਓਸ ਨੇ ਹੁਕਮ-ਨਾਮਾ ਲਿਖ ਦਿਤਾ !

ਸਿੰਘ:– ਦੁਨੀਆਂ ਵਿਚ ਹਮੇਸ਼ਾਂ ਜ਼ੋਰ ਦਾ ਬੋਲ-ਬਾਲਾ ਹੈ। ਪਰ ਜ਼ੋਰ ਨਾਲ ਇਖ਼ਲਾਕ–ਕੌਮੀ ਇਖ਼ਲਾਕ ਵੀ ਚਾਹੀਏ। ਪਰ ਸਾਡੇ ਵਿਚ ਕੁਝ ਵੀ ਨਹੀਂ। ਜਿੱਨਾਂ ਚਿਰ ਕੌਮੀ ਇਖ਼ਲਾਕ ਨਾਂ ਵਧੇ, ਬਣਨਾ ਕੁਝ ਵੀ ਨਹੀਂ।

ਕਿਚਲੂ:–ਪਰ ਦੁਨੀਆਂਦੇ ਦੁੱਖਾਂ ਦਾ ਕੀ ਇਲਾਜ?ਮਜੂਰੀ ਤੇ ਧਨ ਦਾ ਕੀਕਨ ਫੈਸਲਾ ਹੋਸੀ ?

ਸਿੰਘ:– ਇਸ ਦਾ ਇਲਾਜ ਤਾਂ ਦਸਿਆ (ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਵਲ ਇਸ਼ਾਰਾ ਕਰਕੇ) ਦਸਮ ਪਾਤਸ਼ਾਹ ਨੇਂ। ਆਪਣੇ ਆਪ ਨੂੰ ਸ਼ੇਰ ਬਨਾਵੇ। ਪਰ ਡਰਾਵੇ ਕਿਸੇ ਨੂੰ ਨਾਂ। 'ਭੈ ਕਾਹੂ ਕੋ ਦੇਤ ਨਹਿ ਨਾ ਭੈ ਮਾਨਤ ਆਨ' ਜੋ ਕੰਮ ਕਰੋ ਉਸ ਦੇ ਫਲ ਦੀ ਇੱਛਾ ਨਾ ਕਰੋ। ਜ਼ੋਰ ਹਕ ਹੈ, ਕਮਜ਼ੋਰੀ ਪਾਪ ਹੈ। ਸਾਨੂੰ "ਅਸੀਂ ਕੁਝ ਨਹੀਂ ਹਾਂ" ਦੀ ਫਲਾਸਫ਼ੀ ਨੇ ਮਾਰਿਆ।

ਕਿਚਲੂ:–ਇਹੀ ਗੀਤਾ ਦੀ ਸਿਖਿਆ ਹੈ। ਪਰ ਵਰਤੋਂ ਵਿਚ ਇਹ ਮੁਸ਼ਕਲ। ਜਦ ਫਲ ਦੀ ਇੱਛਾ ਨਹੀਂ, ਤਾਂ ਕੰਮ ਕੋਈ ਕਿਉਂ ਕਰੇ ?

ਸਿੰਘ:– ਗੀਤਾ ਦੀ ਸਿਖਿਆ ਤੇ ਤੁਸੀਂ ਇਹ ਸ਼ਕ ਕਰ ਸਕਦੇ ਹੋ, ਪਰ ਗੁਰੂ ਗੋਬਿੰਦ ਸਿੰਘ ਜੀ ਦੀ ਸਿਖਿਆ ਤਾਂ ਦਸਦੀ ਹੈ ਕਿ ਤੁਸੀਂ ਆਪਨੀਅਤ ਗੁਰੂ ਵਿਚ ਤੇ ਪੰਥ ਵਿਚ ਗਵਾ ਦਿਓ। ਕੰਮ ਕਰੋ ਗੁਰੂ ਦੀ ਖਾਤਰ, ਕੌਮ ਦੀ ਖਾਤਰ;ਇਹੀ ਆਪਣੀ ਖਾਤਰ ਹੈ! 'ਸੇਵਾ' ਸਿਖ ਦਾ

ਧਰਮ ਹੈ। ਸੋਸ਼ਿਲ ਧਰਮ ਹੈ। ਅਰ ਕੰਮ, ਸੇਵਾ ਦਾ ਪਰਤੱਖ ਅੰਗ ਹੈ। ਹੁਣ ਇਹ ਤੇ ਹੋਇਆ ਵਰਤੋਂ ਦਾ ਧਰਮ। ਦੁਖ ਸੁਖ ਰੱਬੀ ਰਜ਼ਾ ਮੰਨੋ। ਇਹ ਰੂਹਾਨੀ ਉਚ ਅਸੂਲ। ਏਹੀ ਕਰਮ ਯੋਗ। ਜਦ 'ਮੈਂ' ਦਾ ਗ਼ਰੂਰ ਗਿਆ ਤੇ ਆਪਣੇ ਆਪ ਨੂੰ ਗੁਰੂ ਪੰਥ ਦਾ ਅੰਗ ਤੇ ਸੇਵਕ ਜਾਤਾ, ਤਾਂ ਤੇ ਜੋ ਮੇਹਨਤ ਕੀਤੀ ਉਹ ਗੁਰੂ ਪੰਥ ਅਰਪਨ। ਗੁਰੂ, ਆਪ ਈ ਪੰਥ ਨੂੰ ਉਸ ਦਾ ਫਲ ਵੰਡੇਗਾ, ਤਾਂ ਤੇ ਮੇਹਨਤ ਨਿਸਫਲ ਨਾ ਗਈ। ਸਭ ਦੇ ਭਲੇ ਵਿਚ ਆਪਣਾ ਭਲਾ ਹੋਇਆ। ਇਹੀ ਦੁਨੀਆਂ ਦੀਆਂ ਸਭ ਔਕੜਾਂ ਦਾ ਹੱਲ। ਮੇਹਨਤ ਤੇ ਧਨ ਦੇ ਝਗੜੇ ਮਿਟਾਂਨ ਦਾ ਸੱਚਾ ਗੁਰ।

ਕਿਚਲੂ:—ਮੇਰੀ ਸਮਝ ਵਿਚ ਇਹ ਗੁਰ ਨਹੀਂ ਬੈਠਾ। ਰਤੀ ਖੋਲ੍ਹ ਕੇ ਸਮਝਾਵੋ। ਮੈਨੂੰ ਪਤਾ ਨਹੀਂ ਸੀ ਤੁਸੀਂ ਗਿਆਨੀ ਵੀ ਹੋ।

ਸਿੰਘ:— ਮਤਲਬ ਤੇ ਹੈ ਸਾਫ਼। ਵੇਖੋ ਨਾਂ, ਸੋਸ਼ਿਲਿਜ਼ਮ, ਕੌਮੋਨੀ-ਇਜ਼ਮ ਆਦਿ ਸਾਰੇ ਫਿਰਕੇ ਧਨ ਦੀ ਇਕ ਸਾਰ ਵੰਡ ਕਰਾਨਾ ਚਾਹੁੰਦੇ ਹੈਨ। ਪਰ ਇਸ ਗਲ ਨੂੰ ਅੱਖੋਂ ਓਹਲੇ ਕਰ ਦਿੰਦੇ ਹੈਨ ਕਿ ਹਰ ਇਕ ਮਨੁੱਖ ਵਿਚ ਧਨ ਪੈਦਾ ਕਰਨ ਦੀ ਤਾਕਤ ਵਖੋ ਵਖ ਹੈ। ਜੇ ਇਹ ਗਲ ਨਾ ਹੁੰਦੀ ਤਾਂ ਕੋਈ ਗਰੀਬ ਤੇ ਕੋਈ ਅਮੀਰ ਈ ਨਾ ਹੁੰਦਾ।

ਕਿਚਲੂ:—ਠੀਕ।

ਸਿੰਘ:—ਹੁਣ ਜੇ ਐਡੀਸਨ, ਫੋਰਡ, ਬਾਲਡਵਿਨ ਤੇ ਮਜ਼ੂਰਾਂ ਨੂੰ ਇਕੋ ਸ਼ਰੇਣੀ ਵਿਚ ਰਖੋ ਤਾਂ ਠੀਕ ਨਹੀਂ। ਸਭਨਾਂ ਨੂੰ ਚਾਰ ਰੁਪਏ ਰੋਜ਼ ਮਜ਼ੂਰੀ ਦੇਵੋ, ਤਾਂ ਫ਼ੋਰਡ ਨੂੰ ਕੀ ਗਰਜ਼ ਕਿ ਉਹ ਮੋਟਰਕਾਰਾਂ ਦੇ ਕੰਮ ਦੀ ਉਨਤੀ ਕਰੇ? ਐਡੀਸਨ ਨੂੰ ਕੀ ਲੋੜ ਨਵੀਆਂ ਕਾਢਾਂ ਕਢੇ? ਦਿਮਾਗ਼ ਵਿਚ ਉਹ ਤਾਕਤ ਹੈ ਜਿਸ ਨਾਲ ਧਨ ਪੈਦਾ ਹੁੰਦਾ ਹੈ। ਅੱਜਕਲ

ਦੀ ਵੰਡ ਵਿਚ ਦਿਮਾਗ਼ ਤੇ ਟੈਕਸ ਲਗਾ ਹੈ। ਸੁਣੀਂਦਾ ਹੈ ਕਿ ਬਸ ਬੋਲਸ਼ਵਿਕ ਹਥ ਵੇਖਦੇ ਨੇਂ ਕਿ ਕੰਮ ਕਰਦੇ ਕਰਦੇ ਰੀਢਾਂ ਪਈਆਂ ਨੇਂ ਕਿ ਨਹੀਂ। ਮਜ਼ੂਰ ਆਖਦੇ ਨੇ, ਕੰਮ ਥੋੜਾ ਕਰਾਓ ਪਰ ਪੈਸੇ ਢੇਰ ਦਿਓ। ਦਸੋ ਖਾਂ ਭਾਈ, ਜੇ ਏਹ ਗਲ ਹੋਈ ਤਾਂ ਆਪੇ ਮੁਲਕੀ ਦੌਲਤ ਪੈਦਾ ਕਰਨ ਵਿਚ ਘਾਟਾ ਪਿਆ। ਘਟ ਕੰਮ, ਢੇਰ ਮਜੂਰੀ। ਨਤੀਜਾ, ਸਭ ਚੀਜ਼ਾਂ ਮਹਿੰਗੀਆਂ। ਜਿਸ ਦਾ ਅਸਰ ਮੁੜ ਮਜ਼ੂਰਾਂ ਤੇ ਈ ਪੈਂਦਾ ਹੈ। ਜੇ ਸਾਰੇ ਕੰਮ ਕਰਨ ਪੂਰਾ, ਪਰ ਸਭ ਆਮਦਨ ਇਕ ਸਾਂਝੀ ਪੰਥ ਦੀ ਗੋਲਕ ਵਿਚ ਕੱਠੀ ਕੀਤੀ ਜਾਏ; ਅਰ ਫਿਰ ਕਿਸੇ ਨਿਯਮ ਅਨਸਾਰ ਹਰ ਇਕ ਦੀ ਦਮਾਗ਼ੀ ਹਾਲਤ ਤੇ ਮੇਹਨਤ ਅਨੁਸਾਰ ਵੰਡੀ ਜਾਏ, ਬਾਕੀ ਸਾਰੇ ਪੰਥ ਦੀ ਉਨਤੀ ਲਈ ਰਖੀ ਜਾਵੇ; ਫੇਰ ਕਿਸੇ ਨੂੰ ਕੋਈ ਸ਼ੰਕਾ ਨਹੀਂ ਹੋਣਾ ਚਾਹੀਦਾ। ਮਜ਼ੂਰ ਆਪਨੀ ਜ਼ਰੂਰਤ ਮੂਜਬ ਅਮੀਰ ਰਹਿਸਨ, ਤੇ ਢੇਰਾ ਧਨੀਆਂ ਦਾ ਧਨ. ਪੰਥ ਤੇ ਗਰੀਬਾਂ ਦੀ ਹਾਲਤ ਉੱਚੀ ਕਰਨ ਲਈ ਵੰਡਿਆ ਜਾਸੀ। ਕੁਲ ਦੌਲਤ ਸਾਰੇ ਪੰਥ ਵਿਚ ਵੰਡੀ ਜਾਸੀ। ਹੁਣ ਤੁਸੀਂ ਪੰਥ ਦੀ ਥਾਂ ਇਕ ਕੌਮ ਸਮਝੋ! ਅਰ ਗੁਰੂ ਦੀ ਥਾਂ ਸਰਕਾਰ ਯਾ ਹਕੂਮਤ।

ਕਿਚਲੂ:-ਹੁਣ ਪਤਾ ਲਗਾ। ਤਾਂ ਤੇ ਸਿਖ ਮਤ ਇਕ ਵੱਡਾ ਸੋਸ਼ਲਿਸਟ ਮਤ ਹੋਇਆ। ਪਰ ਹਕੂਮਤ ਦਾ ਨਾਂ ਈ ਕੁਝ ਚੁੱਭਦਾ ਜ਼ਰੂਰ ਹੈ।

ਸਿੰਘ --ਠੀਕ, ਹਕੂਮਤ ਪਦ ਠੀਕ ਨਹੀਂ। ਇਸਦਾ ਮਤਲਬ ਹੈ, ਪੰਥ ਦੇ ਪ੍ਰਬੰਧਕ ਯਾ ਸੇਵਕ; ਅਪਣਾ ਆਪ ਪੰਥ ਵਿਚ ਗਵਾ ਦੇਣਾ, ਆਪਣੀ ਹੰਗਤਾ ਗਵਾ ਪੰਥ ਦੀ ਤਾਕਤ ਵਧਾਨੀ। ਇਕ ਸਖ਼ਸੀ ਜੀਵ ਦੀ ਥਾਂ ਨੇਸਨਲ

ਜਾਂ ਪੰਖਰ ਜੀਵ ਜ਼ੋਰਦਾਰ ਜੀਵ ਪੈਦਾ ਕਰ ਦੇਣਾ।

[ਜ਼ਨਾਨੇ ਕਮਰਿਓਂ ਠਕ ਠਕ ਦੀ ਅਵਾਜ਼

(ਉਠਕੇ ਦਰਵਾਜ਼ੇ ਕੋਲ ਜਾ)ਆਓ ਭੈਣ ਜੀ,ਕੀ ਏ ?

[ਬਲਵੰਤ ਕੌਰ ਦਰਵਾਜ਼ੇ ਵਿਚ ਆਉਂਦੀ ਹੈ

ਬਲਵੰਤ ਕੌਰ—(ਹੌਲੀ) ਉਹ ਫੇਰ ਆਈਆਂ ਬੈਠੀਆਂ ਨੇਂ।

ਸਿੰਘ.—ਚੰਗਾ,ਰਤੀ ਠਹਿਰੋ।

[ਬਲਵੰਤ ਜਾਂਦੀ ਏ·

(ਮੁਸਕ੍ਰਾਕੇ) ਮਿਸਟਰ ਕਿਚਲੂ ! ਕੁਝ ਤੀਵੀਆਂ ਦਾ ਸੱਦਾ ਆ ਗਿਆ ਏ, ਤੁਸਾਂ ਮੁਆਫ਼ ਕਰਨਾਂ, ਮੈਂ ਰਤੀ ਅੰਦਰੋਂ ਹੋ ਆਂਵਾਂ।

ਕਿਚਲੂ: ਮੈਂ ਤੇ ਅਗੇ ਈ ਮਾਫ਼ੀ ਮੰਗਣ ਵਾਲਾ ਸਾਂ। ਮੈਂ ਹੁਣ ਜਾਂਦਾ ਹਾਂ। ਪਤਾ ਨਹੀਂ ਕੌਣ ਆਇਆ ਹੈ (ਮੁਸਕ੍ਰਾਕੇ ਅੱਖ ਦੇ ਇਸ਼ਾਰੇ ਨਾਲ) ਪਰ ਦਸੋ ਤੁਸੀਂ ਕਲੱਬ ਦੇ ਬਾਲ ਵਿਚ ਚਲੋਗੇ ?

ਸਿੰਘ:—(ਹਸਕੇ) ਪਰ ਲੇਡੀ ਕੇਹੜੀ ?

ਕਿਚਲੂ:—ਤੁਹਾਨੂੰ ਲੇਡੀਆਂ ਦਾ ਘਾਟਾ ? ਉਥੇ ਬਥੇਰੀਆਂ ਮਿਲ ਜਾਸਨ ਪਰ ਕਈ ਏਸੇ ਉਡੀਕ ਵਿਚ ਹੋਣਗੀਆਂ। ਚਲਨਾ ਜ਼ਰੂਰ ਜੇ।

ਸਿੰਘ.—ਹਾਂ ਠੀਕ, ਮੈਨੂੰ ਘਾਟਾ ਨਹੀਂ ਤੇ ਤੈਨੂੰ ਘਾਟਾ ਏ ? ਤੂੰ ਤੇ ਘਰ ਵਿਚ ਈ ਰੌਣਕ ਲੈ ਨ ਲੱਗੀ ਹੋਈ। ਅਜ ਚਾਹ ਏਥੇ ਆ ਪੀਣੀ ਫੇਰ ਅਕੱਠੇ ਈ ਕਲੱਬ ਵਿਚ ਚਲਾਂਗੇ।

ਕਿਚਲ.—ਮੈਨੂੰ ਕੰਮ ਬੜਾ ਨੇ।

ਸਿੰਘ—(ਘੜੀ ਵੇਖ)ਅਜੇ ਸਾਢੇ ਬਾਰਾਂ ਹੋਏ। ਚਾਰ ਸਾਢੇ ਚਾਰ ਘੰਟਿਆਂ ਵਿਚ ਤਾਂ ਦੁਨੀਆਂ ਦੇ ਕੰਮ ਮੁਕ ਸਕਦੇ ਨੇ। ਹਾਂ ਜੇ ਹੋਰ ਖਾਸ ਕੰਮ ਹੋਵੇ ਤਾਂ ਮੈਂ ਦਖਲ ਨਹੀਂ ਦਿੰਦਾ।

ਕਿਚਲ:—ਚੰਗਾ, ਮੈਂ ਆਉਣ ਦੀ ਕੋਸ਼ਸ਼ ਕਰਾਂਗਾ। (ਮੁਸਕ੍ਰਾਕੇ) ਕੋਈ ਖਾਸ ਪਾਰਟੀ ਤੇ ਨਹੀਂ ਨਾਂ ?

ਸਿੰਘ:—ਨਹੀਂ, ਖਾਸ ਪਾਰਟੀ ਕਾਹਦੀ! ਐਵੇਂ ਮਿਲਕੇ ਗੱਪਾਂ ਉਡਾਵਾਂਗੇ। ਨਾਲ ਮਿਸ ਦਰ ਨੂੰ ਲੈ ਆਉਣਾ, ਜ਼ਰੂਰ।

ਕਿਚਲੂ:—ਫੇਰ ਛੇੜ-ਖਾਨੀ ?

ਸਿੰਘ:—ਬਿਲਕੁਲ ਨਹੀਂ। ਜ਼ਰੂਰ ਆਉਣਾ।

[ਹੱਥ ਮਿਲੱਾ ਬੂਹੇ ਤਕ ਆਉਂਦਾ ਹੈ ਤੇ ਜਾਂਦਿਆਂ ਹਥ ਹਿਲੱਾ ਦੋਵੇਂ ਬਾਈ ਬਾਈ ਕਰਦੇ ਨੇ।

[ਜ਼ਨਾਨੇ ਕਮਰੇ ਵਲ ਜਾਂਦਾਹੈ ਤੇ ਫੇਰ ਦੋ ਮਿੰਟਾਂ ਪਿਛੋਂ ਆਉਂਦਾ ਹੈ। ਬੂਹੇ ਦਾ ਪਰਦਾ ਚੁਕਦਾ ਹੈ ਤੇ ਅੰਦਰ ਆਉਂਦੀਆਂ ਨੇ ਮਿਸਿਜ਼ ਮੈਹਰਾ, ਮਿਸ ਸਾਹਨੀ (ਸਕੁੰਤਲਾ)ਤੇ ਬੀਬੀ ਬਲਵੰਤਕੌਰ। ਸਜੇ ਹੋਏ ਕੋਚਾਂ ਤੇ ਬੈਠ ਜਾਂਦੀਆਂ ਨੇ।ਮਿਸਿਜ਼ ਮਹਰਾ ਤੇ ਸਿੰਘ ਇਕ ਕੋਚ ਉਤੇ ਤੇ ਬਲਵੰਤ ਕੌਰ ਤੇ ਸਕੁੰਤਲਾ ਸਾਮ੍ਹਣੇ ਦੂਜੇ ਕੋਚ ਤੇ]

ਸਿੰਘ:— ਧੰਨ ਭਾਗ, ਅਜ ਤੁਸਾਂ ਦਰਸ਼ਨ ਦਿਤੇ ਤੇ ਨਾਲੇ ਮਿਸ ਸਾਹਨੀ ਨੂੰ ਲਿਆ ਕੇ ਇਹ ਘਰ ਰੌਸ਼ਨ ਕੀਤਾ।

ਮਿ: ਮੈ:—(ਮੁਸਕ੍ਰਾਕੇ ਨਖਰੇ ਨਾਲ) ਇਹ ਤੇ ਸਭ ਐਵੇਂ ਦੀ ਵਡਿਆਈ ਹੈ! ਅਕਸਰ ਮਿਤਰ ਸਜਨ ਮਿਲਦੇ ਈ ਚੰਗੇ ਲਗਦੇ ਨੇ। ਜਿਸ ਦਿਨ ਦੇ ਤੁਸੀਂ ਵਲੈਤੋਂ ਆਏ ਓ ਸਾਡੀ ਸੁਸੈਟੀ ਵਿਚ ਚੰਨ ਚੜ੍ਹ ਗਿਆ ਹੈ। ਵਲੈਤ ਦੀ ਉੱਚੀ ਤੈਹਜ਼ੀਬ ਦੇ ਤੁਸੀਂ ਅਵਤਾਰ। ਅਜੇਹੇ ਮਨੁਖ ਈ ਭਾਈ-ਚਾਰਕ ਉਨਤੀ ਦੀ ਨੀਂਹ ਰਖਦੇ ਨੇਂ।

ਸਿੰਘ:—(ਸਿਰ ਨੀਵਾਂ ਪਾ, ਫੇਰ ਅਖਾਂ ਨਾਲ ਅੱਖਾਂ ਮਿਲੱਾ) ਕੀ ਮੈਂ ਸੀਸ਼ਾ ਹਾਂ ਜਿਸ ਵਿਚ ਤੁਸੀਂ ਅਪਨਾ ਅਕਸ ਵੇਖਦੇ ਓ ਕਿ ਅਪਨੇ ਗੁਣ ਮੇਰੀ ਰਾਹੀਂ ਪ੍ਰਗਟ ਕਰਨਾ ਚਾਹੁੰਦੇ ਓ ? ਵੇਖੋ ਖਾਂ ਤੁਹਾਡੇ ਨਾਲ, ਤੇ ਤੁਹਾਡੀ ਭੈਣ ਦੇ ਆਉਣ ਨਾਲ, ਇਹ ਕਮਰਾ ਵੀ ਰੌਸ਼ਨ ਹੈ। ਬਾਹਰ ਵੇਖੋ, ਸੂਰਜ ਵੀ ਬਦਲੀ ਹੇਠ ਲੁਕ ਕੇ ਕਹਿੰਦਾ ਹੈ: "ਮੇਰੀ ਹੁਣ ਕੀ ਲੋੜ"?

ਬਲਵੰਤ ਕੌਰ:—ਹਾਂ ਜੀ ਠੀਕ ਤੇ ਹੈ, ਮੇਰੀ ਭੈਣ ਸੁਕੰਤਲਾ ਤੇ ਸਚ ਮੁਚ ਸੂਰਜ ਨੂੰ ਮਾਤ ਕਰਦੀ ਏ।

ਸੁਕੁੰਤਲਾ:—(ਬਲਵੰਤ ਕੌਰ ਵਲ) ਤੇ ਤੁਸੀਂ ਸੁਖ ਨਾਲ ਮੈਥੋਂ ਹਰ

ਗਲ ਵਿਚ ਵਧਕੇ ਈ ਹੈ, ਪਰ ਭ੍ਰਾ ਹੋਰਾਂ ਤੁਹਾਡੀ ਤਾਰੀਫ਼ ਤੇ ਨਹੀਂ ਨਾਂ ਕਰਨੀ।

ਮਿ: ਮੈ:—ਏਹ ਗਲ ਸੋਸੈਟੀ ਦੇ ਨਿਯਮਾਂ ਦੇ ਵਿਰੁਧ ਹੈ। ਭ੍ਰਾ ਭੈਣ ਦੇ ਰੂਪ ਦੀ ਤਾਰੀਫ਼ ਨਹੀਂ ਕਰਦਾ। ਪਰ ਕਦੀ ਸੂਰਜ ਚੜ੍ਹਿਆ ਵੀ ਗੁੱਝਾ ਰਹਿੰਦਾ ਹੈ?

ਨੋਟ:—ਬੀਬੀ ਬਲਵੰਤ ਕੌਰ ਕੋਈ ਵੀਹਾਂ ਕੁ ਵਰ੍ਹਿਆਂ ਦੀ ਸੁੰਦਰ ਤੇ ਸਡੌਲ ਮੁਟਿਆਰ ਹੈ; ਬੀ. ਏ. ਪਾਸ,ਪਰ ਖਿਆਲਾਤ ਬੜੇ ਉੱਚੇ ਤੇ ਧਾਰਮਕ। ਭਾਈ-ਚਾਰਕ ਸੁਧਾਰ ਦੀ ਹਾਮੀ। ਪਰ ਪਛਮੀ ਫ਼ਜ਼ੂਲ ਚਮਕਾਰੇ ਦੇ ਵਿਰੁਧ। ਹਮੇਸ਼ ਸਲਵਾਰ,ਲੰਮਾਂ ਕੁਰਤਾ, ਦੁਪੱਟਾ ਪਹਿਨਦੀ ਹੈ ਅਰ ਇਸ ਵਿਚ ਸਜਦੀ ਵੀ ਚੰਗੀ ਹੈ। ਕਦੀ ਕਦੀ ਸਾੜ੍ਹੀ ਵੀ ਬੰਨ੍ਹਦੀ ਹੈ। ਕੰਨੀਂ ਕਾਂਟੇ ਤੇ ਹਥੀਂ ਕੰਙਣ। ਹੋਰ ਗਹਿਣਾ ਘਟ ਪਾਂਦੀ ਹੈ।

ਸ੍ਰੀ ਮਤੀ ਸਕੁੰਤਲਾ ਦੇਵੀ,ਇਹ ਵੀ ਬਲਵੰਤਕੌਰ ਦੀ ਹਮ-ਉਮਰ ਤੇ ਜਮਾਤਣ ਹੈ।ਪਰ ਫ਼ੈਸ਼ਨ ਵਿਚ ਆਪਣੀ ਵਡੀ ਭੈਣ ਦੀ ਚੇਲੀ,ਖਿਆਲਾਤ ਵੀ ਇਸਦੇ ਪਛਮੀ ਭਾਈ-ਚਾਰਕ। ਪੌਡਰ,ਕ੍ਰੀਮ ਦੀ ਚਾਹਵਾਨ, ਹਮੇਸ਼ ਚਮਕੀਲੇ ਕਪੜੇ ਪਾਂਦੀ ਤੇ ਸ਼ਿੰਗਾਰ ਦੀ ਦੇਵੀ ਹੈ। ਸ਼ਕਲ ਭੈਣ ਨਾਲੋਂ ਸੋਹਣੀ ਹੈ।

ਸਿੰਘ:—ਪ੍ਰਤੱਖ ਨੂੰ ਪਰਮਾਨ ਦੀ ਲੋੜ ਨਹੀਂ।

ਮਿ: ਮੈ:—ਤੁਸੀਂ ਕਲ ਕਲੱਬ ਨਹੀਂ ਆਏ ਤੇ ਨਾਂ ਈ ਭੈਣ ਹੋਰੀਂ?

ਸਿੰਘ:—ਮੈਂ ਤੇ ਕੁਝ ਬੀਮਾਰ ਸਾਂ।

ਬ: ਕੌ:—ਮੈਨੂੰ ਸਚ ਪੁੱਛੋ ਤਾਂ ਇਹ ਕਲੱਬ ਕੁਝ ਚੰਗਾ ਭਾਂਵਦੀ ਨਹੀਂ।

ਮਿ: ਮੈ:—ਵਾਹ ਨੀਂ ਵਾ। ਚੰਗੀ ਪੜ੍ਹੀ ਲਿਖੀ! ਤੁਸੀਂ ਤੇ ਭਾਈ-ਚਾਰਕ ਸੁਧਾਰ ਦੇ ਹਾਮੀ ਹੋ ਤੇ ਇਸ ਸੁਧਾਰ ਦੀ,ਕਲੱਬ-ਲਾਈਫ਼ ਪਹਿਲੀ ਪੌੜੀ ਹੈ।

ਸਕੁੰਤਲਾ:—ਠੀਕ, ਠੀਕ ਹੈ। ਜਦ ਪੜ੍ਹ ਲਿਖਕੇ ਵੀ ਅਸੀਂ ਸੰਗ ਕਰੀਏ ਤਾਂ ਘੁੰਡ ਕਢਕੇ ਘਰੀਂ ਕਿਉਂ ਨਾ ਬੈਠ ਰਹੀਏ!

ਬ: ਕੌ:—ਘੁੰਡ ਕਢਨ ਲਈ ਕੌਣ ਕਹਿੰਦਾ ਏ? ਮਰਦਾਂ ਨਾਲ ਮਿਲਨ ਦਾ ਵੀ ਡਰ ਕੋਈ ਨਹੀਂ। ਪੁਰਾਣੇ ਸਮਿਆਂ ਵਿਚ ਅਕਸਰ ਸਭ ਇਸਤ੍ਰੀ ਪੁਰਸ਼ ਇਕੱਠੇ ਰਹਿੰਦੇ ਬਹਿੰਦੇ ਈ ਸਨ, ਪਰ......

ਮਿ: ਮ:—ਪਰ ਕੀ ? ਅਸੀ ਕੀ ਵਧੀਕੀ ਕਰਨੀਆਂ ਹਾਂ ?

ਸਕੰ—ਸੁਣ ਲੈ ਨਾ ਭੈਣ ਹੋਰਾਂ ਦਾ ਲੈਕਚਰ। ਏਹ ਕਾਲਜ ਵਿਚ ਵੀ ਨਵੇਂ ਫੈਸ਼ਨ ਦੇ ਵਿਰੁਧ ਸਨ। ਤੇਰੇ ਵੇਖ ਲੈ ਸਲਵਾਰ ਤੇ ਪਸ਼ਤਨੀਆਂ ਵਾਲਾ ਭੇਸ ਧਾਰੀ ਬੈਠੇ ਨੇਂ।

ਬਾ: ਕੌ:—ਠੀਕ ਜੀ ਠੀਕ! ਮੈਂ ਤੇ ਹੋਈ ਨਾਂ ਸੂਹਾ ਪਸ਼ਤੂਨੀ, ਤੁਸੀਂ ਹੋਈਆਂ ਵਲੈਤਣਾਂ! ਮੈਂ ਆਪਣਾ ਦੇਸੀ ਪਣਾ ਤੇ ਨਹੀਂ ਨ ਛੱਡ ਦੇਣਾ। ਭਲਾ ਅਸ ਕਾਂ ਅਪਣੇ ਮਹਿਰਮਾਂ ਨਾਲ ਤਾਂ ਮਿਲੋ ਜੁਲੋ ਖੁਲੋ, ਪਰ ਪਰਾਏ ਮਰਦਾਂ ਨਾਲ ਨਚ ਟੁਰਨਾ: ਇਹ ਸਾਡੀ ਤਹਜ਼ੀਬੋਂ ਦੂਰ ਹੈ। ਪੁਰਾਣੇ ਹਿੰਦੂਆਂ ਦੀਆਂ ਇਸਤ੍ਰੀਆਂ ਇਹ ਨਹੀਂ ਸੀ ਕਰਦੀਆਂ। ਨਾਂ ਸਿਖ ਇਸਤ੍ਰੀਆਂ। ਇਤਹਾਸ ਗਵਾਹ ਹੈ ਪੁਰਾਤਨ ਇਸਤ੍ਰੀਆਂ ਵਿਦਿਆ, ਸੇਵਾ ਤੇ ਬਹਾਦਰੀ ਵਿਚ ਮਰਦਾਂ ਨਾਲੋਂ ਘਟ ਨਹੀਂ ਸਨ ਪਰ ਜੋ ਅਜ ਕਲ ਹੈ ਚਲੀ, ਓਹ ਓਦੋਂ ਨਹੀਂ ਸੀ। ਸੋਹੇ ਮਾਨੂੰ ਲੋੜ ਕਿਸ ਦੀ ਏ?

ਸਿੰਘ— ਜ਼ਮਾਨੇ ਦਾ ਭੇਦ।

ਸਕੰਤਲਾ—ਜ਼ਮਾਨਾ ਬਦਲ ਗਿਆ। ਤਹਜ਼ੀਬ ਬਦਲ ਗਈ। ਸਦੀਆਂ ਦੀਆਂ ਰੀਤਾਂ ਹੁਣ ਕਿਥੇ ਚੁਕਣ? ਤੁਸੀਂ ਤੇ ਮੁੜਕੇ ਵਦਕ ਸਮਿਆਂ ਨੂੰ ਮੋੜਾ ਪਾਓਗੇ?

ਮਿ: ਮੈ:—ਤਦ ਤੇ ਤੁਸੀਂ ਰਹਿਣੀ ਬਹਿਣੀ ਦੀ ਓਨਿਤਰ੍ਹਾਂ ਕਰ ਲਵੋ। ਭਲਾ ਕਲੱਬ ਵਿਚ ਕੀ ਪਇਆ ਈ?

ਬਾ: ਕੌ:—ਪਿਆਰੀ ਜੀ, ਤੁਸੀਂ ਮੇਰਾ ਭਾਵ ਨਹੀਂ ਸਮਝਿਆ। ਮੈਂ ਭਾਵੇਂ ਹਰ ਸੁਧਾਰ ਦੇ ਵਿਰੁਧ ਨਹੀਂ: ਨਾਂ ਹੀ ਪਛਮੀਂ ਚੰਗੇ ਗੁਣ ਗ੍ਰਹਿਣ ਕਰਨ ਤੋਂ। ਮਿਲ ਬੈਠਣਾ, ਜੀ ਪਰਚਾਨਾ, ਖੇਡਾਂ ਖੇਡਣੀਆਂ ਬੁਰੀਆਂ ਨਹੀਂ; ਜੋ ਸਿਹਤ ਨੂੰ ਦਰੁਸਤ ਰਖਦੀਆਂ ਹੈਨ। ਪਰ ਪਰਾਏ ਮਰਦਾਂ ਨਾਲ...

ਮਿ: ਮੈ:—ਕਹਿ ਦਿਓ, ਰੁਕ ਕਿਉਂ ਗਏ ਓ? ਆਖੋ, ਕੇ ਹਯਾਈ!

ਬਾ: ਕੌ:—(ਮੁਸਕ੍ਰਾਕੇ) ਮੈਂ ਤੇ ਇਹ ਨਹੀਂ ਨਾ ਆਖ ਸਕਦੀ। ਪਰ

ਇਸਤ੍ਰੀਆਂ ਲਈ ਅਜੇ ਚੰਗੀ ਨਹੀਂ।

ਮਿ. ਮੈ:–ਏਹੀ ਤੇ ਭੁੱਲ ਹੈ। ਸਾਡੇ ਖੁਲ੍ਹ ਵਰਤਨ, ਨਾਚ, ਬ੍ਰਿਜ ਆਦਿ ਨੂੰ ਅਨਪੜ੍ਹ ਲੋਕ ਬੇਹਿਯਾਈ ਹੀ ਆਖਦੇ ਨੇਂ। ਪਰ ਅਫ਼ਸੋਸ ਇਹ ਕਿ ਇਕ ਪੜ੍ਹੀ ਲਿਖੀ ਇਸਤ੍ਰੀ ਵੀ ਜੇਹੜੀ ਆਪ ਕਲੱਬ ਦੀ ਵਰਤੋਂ ਤੋਂ ਜਾਣੂੰ ਹੋਵੇ, ਅਜਿਹੇ ਖਿਆਲ ਰਖੇ, ਤਾਂ ਸਾਡੀ ਤ੍ਰੱਕੀ ਕਿਥੋਂ ?

ਬ: ਕੌ:–ਮੈਂ ਮੂੜ੍ਹ ਜੁ ਹੋਈ। ਤੁਸੀਂ ਹੋਈਆਂ ਸੁਘੜ। ਤਾਂਦੇ ਤੇ ਮੈਂ ਇਸ ਵਿਸ਼ੇ ਤੇ ਗਲ ਨਹੀਂ ਸਾਂ ਕਰਦੀ। ਤੁਸੀਂ ਗੁੱਸੇ ਤਿ ਨਾਂਹ ਨਾ ਹੋਵੇ। ਸਕੁੰਤਲਾ, ਤੂੰ ਤੇ ਗੁੱਸੇ ਨਹੀਂ ਨਾ ?

ਸਕੰਤਲਾ:–ਮਜਾਲ ਏ, (ਬਲਵੰਤ ਕੋਰ ਨੂੰ ਜੱਫੀ ਪਾ ਲੈਂਦੀ ਹੈ) ਮੈਂ ਤੇ ਜਾਣਨੀ ਆਂ ਤੁਸੀਂ ਭੈਣ ਜੀ ਨੂੰ ਜਾਣ ਕੇ ... ...

ਮਿ: ਮੈ:–(ਰਤੀ ਗੁੱਸੇ ਵਿਚ) ਹਾਂ ਮੈਂ ਫਿਟ ਜੁ ਹੋਈ।

ਸਕੁੰਤਲਾ:–(ਹਥ ਜੋੜ ਹੱਸਕੇ) ਬਖਸ਼ੋ, ਏਥੇ ਹਾਸੇ ਦਾ ਬਨਾਸਾ... ... ...

ਸਿੰਘ:–(ਹੱਸਕੇ) ਛਡੋ ਵੀ, ਤੁਸੀਂ ਕੇਹੜੇ ਝਗੜੇ ਵਿਚ ਪੈ ਗਈਆਂ! ਚਲੋ ਰਤੀ ਪਿਆਨੋ ਦੀ ਸੁਰ ਛੇੜੋ।

ਮਿ: ਮੈ:–(ਮੂੰਹ ਮੋੜ ਕੇ ਮੁਸਕ੍ਰਾਂਦੀ) ਕੀ ਤੁਸੀਂ ਸਚ ਈ ਜਾਣ ਲੀਤਾ ਸੀ! (ਬਲਵੰਤ ਨੂੰ ਜੱਫੀ ਪਾ) ਬੀਬੀ ਰਾਣੀ, ਰਤੀ ਸੁਣਾ ਨਾ, ਤੇਰੀ ਤੇ ਵਾਜੇ ਤੇ ਰਾਗ ਦੀ ਧੁਮ ਪਈ ਹੋਈ ਏ।

ਬ: ਕੌ:–ਮੇਰਾ ਤੇ ਕੁਝ ਜੀ ਸੁਖਾਲਾ ਹੈ, ਸਿਰ ਨਿੱਕੀ ੨ ਦਰਦ ਹੈ। ਸਕੁੰਤਲਾ ਈ ਰਤੀ ਖੇਚਲ ਕਰੇ, ਅੱਜ ਕਲ ਦੀਆਂ ਵਲੈਤੀ ਸੁਰਾਂ ਦੀ ਜਾਣੂੰ ਹੈ। ਤੇ ਤੁਸੀਂ ਵੀ ਤੇ ਕਿਸੇ ਤੋਂ ਘਟ ਨਹੀਂ ਹੋ!

ਸਿੰਘ:–(ਸਕੁੰਤਲਾ ਵਲ) ਤੁਸੀਂ ਈ ਕ੍ਰਿਪਾ ਕਰੋ।

ਮਿ: ਮੈ:–(ਸਕੁੰਤਲਾ ਨੂੰ ਅੱਖ ਨਾਲ ਇਸ਼ਾਰਾ ਕਰਦੀ ਹੈ, ਉਠ, ਸੰਗ ਕਾਹਦੀ ?

ਸਕੁੰਤਲਾ:–ਜੋ ਆਉਂਦਾ ਹੈ ਲੌ, ਪਰ ਠੱਠਾ ਨਾ ਕਰਨਾਂ। (ਬਲਵੰਤ ਵਲ, ਛੇੜੀਂ ਨਾਂ।

ਬ: ਕੌ:–ਹੁਣ ਨਖਰੇ ਨਾਂਹ ਖਾਂ ਕਰ। ਕਾਲਜ ਤੇ ਪਿਆਨੋ ਵਜਾਨ ਵਿਚ ਅਵਲ ਸੈਂ। ਮੇਰੇ ਸਿਰ ਪੀੜ ਨਾ ਹੁੰਦੀ ਤਾਂ ਮੈਂ ਦੇਸੀ ਸੁਰਾਂ ਸੁਣਾਂਦੀ। ਪਰ ਹੁਣ ਬੇਬਸ।

ਸਕੁੰਤਲਾ:–ਚੰਗਾ, ਜੇ ਗੁਣਾ ਮੇਰੇ ਤੇ ਈ ਪੈਂਦਾ ਹੈ। (ਉਠਕੇ ਪਿਆਨ ਵਲ ਜਾਂਦੀ ਹੈ। ਬ: ਕੌ: ਉਠਕੇ ਅੰਦਰ ਜਾਂਦੀ ਹੈ, ਸਿੰਘ ਆਪਣੀ ਥਾਂ ਤੋਂ ਰਤੀ ਉਠਕੇ ਆਦਰ ਕਰਦਾ ਹੈ)

ਮਿ: ਮੈ:–ਸਕੁੰਤਲਾ ਵਾਜੇ ਵਿਚ ਬੜੀ ਨਿਪੁੰਨ ਹੈ।

[ਪਿਆਨੋ ਵਜਦਾ ਹੈ। ਸਿੰਘ ਤੇ ਮਿਸਜ਼ ਮੈਹਰਾ ਪੈਰ ਮਾਰਦੇ ਨੇ]

ਸਿੰਘ:–ਸੱਚ-ਮੁਚ ਵਲੈਤ ਨਾਲੋਂ ਕਿਸੇ ਸੂਰਤ ਘਟ ਨਹੀਂ (ਇਕ ਸੋਹਣੀ ਸੁਰ ਤੇ)ਆਹ ਤਿ ਗ਼ਜ਼ਬ ਕਰ ਦਿਤਾ। (ਚੀਅਰਜ਼ ਦਿੰਦਾ ਹੈ)(ਸਕੁੰਤਲਾ ਮੁੜ ਤੇ ਤਕਕੇ ਸਿਰ ਝੁਕਾਦੀ ਹੈ,ਫੇਰ ਵਜਾਣ ਵਿਚ ਮਸਤ ਹੋ ਜਾਂਦੀ ਏ)

ਮਿ: ਮੈ:–(ਸਿੰਘ ਦੇ ਨੇੜੇ ਖਿਸਕ, ਤੇ ਸਿਰ ਨਾਲ ਸਿਰ ਜੋੜ) ਕਲੱਬ ਵਿਚ ਕੀ, ਲਾਹੌਰ ਵਿਚ ਵੀ ਇਸਦੇ ਨਾਲ ਦੀ ਪਿਆਨਿਸਟ (ਪਿਆਨੋ ਵਜਾਨ ਵਾਲੀ) ਘਟ ਏ।

ਸਿੰਘ–ਦਿਸਦਾ ਈ ਏ। (ਮਿਸਜ਼ ਹੋਰ ਅੱਗੇ ਹੁੰਦੀ ਏ। ਤੇ ਬਾਂਹ ਸਿੰਘ ਦੇ ਸਿਰ ਪਿੱਛੇ ਕੌਚ ਤੇ ਰਖਦੀ ਏ।) ਤੇ ਤੁਸੀਂ ਵੀ ਨਾਚ ਵਿਚ ਅਵਲ ਦਰਜੇ।

ਮਿ: ਮੈ:–(ਮੁੰਹ ਕੋਲ ਮੂੰਹ ਕਰ ਤੇ ਮੁਸਕ੍ਰਾ) ਤੁਹਾਡੀ ਵਡਿਆਈ। ਤੇ ਤੁਸੀਂ ਤ੍ਰੀਮਤਾਂ ਦੇ ਮਨ ਮੋਹਨ ਵਿਚ ਨਿਪੁੰਨ।

ਸਿੰਘ–ਕੀ ਸਚਮੁਚ ਮੈਂ ਤੁਹਾਡਾ ਜੀਅ ਮੋਹਿਆ, ਕਿ ਤੁਸੀਂ ਮਰਦ ਮੋਹਣੀਆਂ ਹੋ? ਸੁਨਾਵੋ 'ਬਾਲ' ਵਿਚ ਜਾਵੋਗੇ?

ਮਿ: ਮੈ:–ਜਾਣਾ ਤੇ ਹੈ, ਪਰ ਪ੍ਰੋਫੈਸਰ ਹੋਰੀ ਅਜ ਟੁਰ ਗਏ। ਇਕ ਹੀਰੇ ਦੀ ਬ੍ਰੋਚ ਲਈ ਆਖਿਆ ਸੀ। ਉਹ ਖਵਰੇ ਲਿਆਂਦੀ ਨੇ ਕਿ ਨਹੀਂ। (ਬਾਂਹ ਨਾਲ ਗਲਵਕੜੀ ਪਾਂਦੀ ਹੈ ਤੇ ਅੱਖਾਂ ਨਾਲ ਅੱਖਾਂ ਮਿਲਾ ਮੁਸਕ੍ਰਾਂਦੀ ਹੈ ਤੇ ਹਾਂ ਦੀ ਇੰਤਜ਼ਾਰ ਕਰਦੀਏ)।

ਸਿੰਘ–(ਮੁਸਕ੍ਰਾਕੇ) ਤੁਹਾਡੇ ਬਿਨਾ ਤੇ 'ਬਾਲ' ਦੀ ਰੌਣਕ ਈ ਨਹੀਂ ਲਗਣੀ। ਤੁਹਾਡਾ ਚਲਨਾ ਜ਼ਰੂਰ। ਬਚਾਂ, ਗਹਣਾਂ ਦਾ ਤੁਹਾਨੂੰ ਘਾਟਾ ਏ? ਆਪ ਤੋਂ ਆਪੇ ਆਂ ਜਾਣਗੀਆਂ।

ਕੀ ਮਿਸ ਸਾਹਨੀ ਜੀ ਵੀ ਚਲੇਗੀ ?

ਮਿ ਮੈਂ:-ਖਿਆਲ ਤੇ ਨਹੀਂ, ਪਰ ਜੇ ਆਖੋ, ਤਾਂ ਡਰ ਵੀ ਨਹੀਂ।

ਸਿੰਘ:—ਏਹ ਤੇ ਮਿਸ ਸਾਹਨੀ ਦੀ ਮਰਜ਼ੀ, ਕੀ ਉਹ ਨਾਚ ਜਾਣਦੇ ਨੇਂ।

ਮਿ: ਮੈਂ:-(ਹਰਾਨੀ ਨਾਲ) ਕਿਉਂ ਨਹੀਂ, ਹਰ ਗੁਣ ਵਿਚ ਨਿਪੁੰਨ ਏ। ਅਜ ਕਲ ਦੀ "ਤੈਹਜ਼ੀਬ" ਦੀ ਹਾਮੀ ਤੇ ਉੱਚੀ ਪਛਮੀ ਤੈਹਜ਼ੀਬ ਨੂੰ ਵਰਤੋਂ ਵਿਚ ਲਿਆਉਣ ਵਾਲੀ।

ਸਿੰਘ -(ਪਿਆਨੋ ਦੀਆਂ ਸੁਰਾਂ ਵਲ ਧਿਆਨ ਦੇ) ਵਾਹ ਵਾ, ਕੇਹਾ ਸੋਹਣਾ ਨਿਭਾਇਆ। ਇਹ ਸੁਰ ਬੜੀ ਮੁਸ਼ਕਲ ਏ, ਮੇਮਾਂ ਵੀ ਰਹਿ ਜਾਂਦੀਆਂ ਨੇਂ।

ਸਕੁੰਤਲਾ-ਤਕ ਕੇ ਮੁਸਕ੍ਰਾਂਦੀ ਏ।

ਮਿ. ਮੈਂ-ਸਕੁੰਤਲਾ, ਆ ਹੁਣ ਰਤੀ ਆਰਾਮ ਕਰ ਲੈ।
(ਸਕੁੰਤਲਾ ਉਠਕੇ ਕੋਚ ਤੇ ਆ ਬਹਿੰਦੀ ਹੈ)

ਸਿੰਘ--(ਸਕੁੰਤਲਾ ਵਲ ਗੌਹ ਨਾਲ ਤਕ ਤੇ ਮੁਸਕ੍ਰਾ) ਤੁਸੀ ਭੈਣਾਂ ਤਿ ਗੁਣਾਂ ਦੀਆਂ ਗੁਥਲੀਆਂ ਹੋ। ਵਲੈਤ ਭੁਲਾ ਦਿਤੀ। ਮੈਂ ਤੇ ਹੈਰਾਨ ਹਾਂ, ਪੰਜਾਬ ਵਿਚ ਐਨੀ ਤ੍ਰੱਕੀ!

ਮਿ. ਮੈ -ਹੁਣ ਤ੍ਰੱਕੀ ਦਾ ਜ਼ਮਾਨਾਂ। ਸਾਡਾ ਮੁਕਾਬਲਾ ਯੂਰਪੀਨਾਂ ਨਾਲ। ਜਿੰਨਾਂ ਚਿਰ ਵਧਕੇ ਨਾ ਵਖਾਈਏ, ਉਹ ਕਦਰ ਕਿਥੋਂ ਕਰਨ।

ਸਿੰਘ:--(ਸਕੁੰਤਲਾ ਵਲ) ਕਿਉਂ ਜੀ ਤੁਸੀ 'ਬਾਲ' ਵਿਚ ਚਲੋਗੇ ?

ਸਕੁੰਤਲਾ-(ਭੈਣ ਵਲ ਤਕ ਕੇ) ਅਗੇ ਕਦੀ ਗਈ ਤੇ ਨਹੀਂ। ਓਥੇ ਤੇ ਵਿਆਹੀਆਂ ਇਸਤ੍ਰੀਆਂ ਈ ਜਾਂਦੀਆਂ ਨੇ।

ਸਿੰਘ-- (ਮੁਸਕ੍ਰਾਕੇ) ਏ ਭੋਲੇ, "ਬਾਲ" ਤੇ ਸਭਨਾਂ ਲਈ ਖੁਲ੍ਹਾ। ਖਾਸ ਕਰ ਵਲੈਤ ਵਿਚ ਤੇ ਕਵਾਰੀਆਂ, ਤੇ ਕਵਾਰੇ ਢੇਰ ਜਾਂਦੇ ਨੇ। ਓਥੇ ਈ ਇਕ ਦੂਜੇ ਦੀ ਪਰਖ ਹੁੰਦੀ ਏ, ਦਿਲਾਂ ਦੇ ਸੌਦਿਆਂ ਦੀ ਮੰਡੀ, ਉਹੀ ਐਕਸਚੇਂਜ ਹੈ। (ਸਕੁੰਤਲਾ ਦੀਆਂ ਅੱਖਾਂ ਵਲ ਤਾੜੀ ਲਾ) ਤੁਸੀ ਤੇ 'ਬਾਲ' ਦੇ

ਸ਼ਿੰਗਾਰ ਓ, ਫਿਰ ਸੰਗ ਕਾਹਦੀ ?

[ਸਕੁੰਤਲਾ ਪਿਆਨੋ ਛਡ ਸਾਹਮਣੇ ਕੋਚ ਤੇ ਆ ਜਾਂਦੀ ਏ]

ਮਿ: ਮ –(ਉਠਕੇ) ਮੈਂ ਰਤੀ ਬੀਬੀ ਦੀ ਖ਼ਬਰ ਲੈ ਆਵਾਂ, ਵੇਖਾਂ ਸਿਰ ਪੀੜ ਨੂੰ ਆਰਾਮ ਆਇਆ ਕਿ ਨਹੀਂ ?[ਉਠਕੇ ਅੰਦਰਲੇ ਕਮਰੇ ਵਲ ਚਲੀ ਜਾਂਦੀ ਏ, ਤੇ ਜਾਣਕੇ ਸਕੁੰਤਲਾ ਨੂੰ ਅਕੱਲੀ ਛਡ ਜਾਂਦੀ ਹੈ]

ਸਿੰਘ ---ਮਿਸ ਸਾਹਨੀ ਜੀ, ਤੁਸਾਂ ਮੇਰੀ ਪੁੱਛ ਦਾ ਉੱਤ੍ਰ ਨਹੀਂ ਦਿਤਾ। ਕੀ ਮੇਰੀ ਗਲ ਨਹੀਂ ਭਾਂਵਦੀ ?

ਸਕੁੰਤਲਾ–(ਲਜੋਂਕੇ ਮੁਸਕ੍ਰਾਕੇ) ਨਹੀਂ ਤੁਹਾਡੀ ਗਲ ਕਿਸਨੂੰ ਬੁਰੀ ਲਗਦੀ ਏ। ਤੇ ਤੁਸੀ ਕਿਸਨੂੰ ਨਹੀਂ ਭਾਂਵਦੇ ?

ਸਿੰਘ—(ਮੁਸਕ੍ਰਾਕੇ) ਰਤੀ ਏਥੇ ਈ ਆ ਬੈਠੋ (ਸਕੁੰਤਲਾ ਉਠਕੇ ਸਿੰਘ ਦੇ ਕੋਚ ਤੇ ਜਾ ਬੈਠਦੀ ਏ।ਸਿੰਘ ਸਕੁੰਤਲਾ ਦੀਆਂ ਅੱਖਾਂ ਵਿਚ ਅੱਖਾਂ ਮਿਲਾਕੇ) ਤੁਸੀ ਤੇ ਸਚ ਮੁਚ ਦੀ ਸਕੁੰਤਲਾ ਹੋ। ਦੁਸ਼ਿਅੰਤ ਪੈਹਲੀ ਨਜ਼ਰੇ ਮੋਹਿਆ।

ਸਕੁੰਤਲਾ–ਤੁਸਾਂ ਚੰਗਾ ਵਰ ਦਿਤਾ। ਸਕੁੰਤਲਾ ਵਿਚਾਰੀ ਨੂੰ ਦੁਸ਼ਿਅੰਤ ਨੇ ਕਿੱਨੇ ਦੁਖ ਦਵਾਏ! ਕਿੰਨੇ ਦਰ ਭਵਾਏ। ਹਾਏ ਸਕੁੰਤਲਾ! ਏ ਮਰਦ ਬੜੇ ਬੇ-ਕਦਰੇ ਹੁੰਦੇ ਨੇਂ।

ਸਿੰਘ—ਸਾਰੇ ਦੁਸ਼ਿਅੰਤ ਨਹੀਂ। ਮੈਂ ਤੇ ਸਕੁੰਤਲਾ ਦੇ ਰੂਪ ਵਲ ਇਸ਼ਾਰਾ ਕੀਤਾ ਸੀ, ਨਾਂ ਕਿ ਉਸਦੇ ਭਾਗਾਂ ਵਲ। ਅਜਕਲ, ਬਦਲੇ ਸਮਿਆਂ ਵਿਚ ਤਾਂ ਉਹ ਪੁਰਾਤਨ ਅਨਗੈਹਲੀਆਂ ਤੇ ਭੁੱਲਾਂ ਹੋ ਈ ਨਹੀਂ ਸਕਦੀਆਂ।

ਸਕੁੰਤਲਾ--(ਮੁਸਕ੍ਰਾਕੇ) ਤੇ ਮੈਂ ਕਦ ਕਹਿਨੀ ਹਾਂ ਤੁਸੀ ਦੁਸ਼ਿਅੰਤ ਓ! ਤੁਸੀ ਤੇ ਮਿਸਟਰ ਸਿੰਘ ਈ ਹੋ ਨਾਂ।

ਸਿੰਘ—ਤੇ ਤੁਸੀ ਮਿਸ ਸਾਹਨੀ। ਨਾਵਾਂ ਵਿਚ ਕੀ ਏ। ਗਲ ਤੇ ਹੋਈ ਦਿਲਾਂ ਦੀ।

ਸਕੁੰਤਲਾ- ਦਿਲ ਤੇ ਐਵੇਂ ਤਿਲਕ ਜਾਂਦਾ ਹੈ। ਅਸਲੀ ਗਲ ਗੁਣਾਂ ਦੀ।

ਸਿੰਘ----ਅੱਖਾਂ ਦੀ ਸੰਞਾਣ ਤੇ ਦਿਲਾਂ ਦੀ ਪਛਾਣ ਅਗੇ ਗੁਣਾਂ

ਦੀ ਪਰਖ ਔਖੀ। ਪਿਆਰ ਦੀ ਖੇਡ ਵਖਰੀ। ਗੁਣ ਇਕ ਪਿਆਰ ਦਾ। ਨੈਣ ਵੇਖ ਦਿਲ ਨੂੰ "ਫੋਨ" ਕਰਦੇ ਨੇਂ। ਬੁੱਧੀ ਦਿਲ ਨੂੰ ਖਬਰ ਦਿੰਦੀ ਹੈ। ਬਸ ਇਹ ਦਿਲ ਈ ਪ੍ਰਧਾਨ। ਜਦ ਇਹ ਮਿਲੇ। ਫਿਰ ਕਿਸੇ ਦਾ ਕੀ?

ਸਕੁੰਤਲਾ:-ਦਿਲ ਦੀ ਵਿਚਾਰ ਤਜਰਬੇ ਤੇ ਵਰਤੋਂ ਨਾਲ ਵਧਦੀ ਏ।

ਸਿੰਘ-ਠੀਕ, ਵਰਤੋਂ ਦੀ ਵਰਤ ਕੇ ਸਮਝ ਪੈਂਦੀ ਹੈ। ਪਹਿਲੇਂ ਚਾਹ ਚਾਹੀਏ। ਜਿਨ੍ਹਾਂ ਵਿਚ ਚਾਹ ਨਹੀਂ, ਰਾਹ ਨਹੀਂ। (ਹਸ ਕੇ) ਸਕੁੰਤਲਾ ਜੀ! (ਹਥ ਜੋੜ) ਕੀ ਮੈਂ ਇਸ ਸ਼ਬਦ ਦੇ ਕਹਿਣ ਦਾ ਅਧਿਕਾਰੀ ਹਾਂ?

(ਸਕੁੰਤਲਾ ਅੱਖੀਆਂ ਉਚੀਆ ਕਰ,ਚੁਪ)

ਸਿੰਘ:-ਮੁਆਫ਼ ਰਖਣਾਂ। ਮਿਸ ਸਾਹਨੀ, ਦੱਸੋ ਤੇ ਸਹੀ, 'ਬਾਲ' ਦੀ ਕੀ ਸਲਾਹ ਹੈ। ਚਲ ਕੇ ਕਿਸੇ ਤੇ ਹੈਸਾਨ ਚੜ੍ਹਾਣਾ।

ਸਕੁੰਤਲਾ:-(ਮੁਸਕ੍ਰਾਕੇ) ਵੇਖੋ!

ਸਿੰਘ:-ਵਖਾਵੋ ਤੇ ਵੇਖੀਏ। ਚਲਨਾ ਜ਼ਰੂਰ।

ਸਕੁੰਤਲਾ --(ਅੱਖੀਆਂ ਨੀਵੀਆਂ ਪਾ) ਭ੍ਰਣ ਜੀ ਦੇ... ... ...

(ਆਉਂਦੀਆਂ ਨੇ ਮਿਸਜ਼ ਮੈਹਰਾ ਤੇ ਬਲਵੰਤ ਕੌਰ।
ਸਕੁੰਤਲਾ ਝਟ ਉਠ ਕੇ ਦੂਜੇ ਕੋਚ ਤੇ ਜਾ ਬਹਿੰਦੀ ਏ।

ਮਿਸਜ਼ ਮੈਹਰਾ:-ਵੇਖੋ ਖਾਂ, ਮੈਂ ਬੀਬੀ ਦੀ ਸਿਰ-ਪੀੜ ਠੀਕ ਕਰ ਲਿਆਈ ਨਾਂ! ਇਹ ਮੇਰੇ ਨਾਲ ਈ ਗੁੱਸੇ ਸਾਨ।

ਬਲਵੰਤ ਕੌਰ:--(ਮੁਸਕ੍ਰਾਕੇ) ਠੀਕ, ਸਚ ਈ ਬੋਲਦੇ ਓ, ਆਪਣੇ ਦਿਲਾਂ ਨੂੰ ਪੁੱਛੋ!

ਮਿਸਜ਼ ਮੈਹਰਾ:--ਹੁਣ ਆਗਿਆ ਬਖਸ਼ੋ। ਅਸੀਂ ਤੁਸਾਂ ਹੋਰਾਂ ਦਾ ਬੜਾ ਵਕਤ ਵੰਞਾਇਆ। ਇਹ ਤੇ ਖਬਰੇ ਕਹਿਣਗੇ ਪੰਜਾਬਣਾਂ ਮੂੜ੍ਹ ਈ ਹੈਨ। -

ਸਿੰਘ --(ਹਸ ਕੇ) ਤੁਹਾਡਾ ਮੁਕਾਬਲਾ ਤੇ ਮੇਮਾਂ ਵੀ ਕੀ ਕਰਨਾਂ ਏ? ਪਰ ਫੇਰ ਮਿਲਣਾ ਜ਼ਰੂਰ।

ਮਿਸਜ਼ ਮੈਹਰਾ:-(ਮੁਸਕ੍ਰਾਕੇ) ਵੇਖੀਏ, ਅਜੇ ਹੁਣ ਤੇ ਚੱਲੇ ਹਾਂ। ਫੇਰ, ਫੇਰ ਸਹੀ।

ਸਿੰਘ:-ਮਿਸ ਸਾਹਨੀ ਜੀ, ਤੁਹਾਨੂੰ ਮਿਲਕੇ ਮੇਰਾ ਚਿਤ ਬੜਾ ਪ੍ਰਸੰਨ ਹੋਇਆ। ਮੈਂ ਆਪਣੇ ਧੰਨਭਾਗ ਸਮਝਦਾ ਹਾਂ, ਤੁਸਾਂ ਦਰਸ਼ਨ ਦਿਤੇ। ਜੇ ਇਹ ਦਰਸ਼ਨ ਨਿੱਤ ਹੋਣ ਤਾਂ ਧੰਨ ਭਾਗ।

ਬਲਵੰਤ ਕੌਰ:-(ਮੁਸਕ੍ਰਾਕੇ) ਕਿਉਂ ਨਹੀਂ।

(ਮਿਸਜ਼ ਮੈਹਰਾ, ਸਕੁੰਤਲਾ ਜਾਂਦੀਆਂ ਨੇ।
ਬਲਵੰਤ ਕੌਰ ਤੇ ਸਿੰਘ ਬਾਹਰ ਛਡਨ ਜਾਂਦੇ ਨੇ।

[ਆਉਂਦੇ ਨੇ ਸ: ਹਰਕਿਸ਼ਨ ਸਿੰਘ ਜੀ। ਇਕ ਕੌਚ ਤੇ ਬੈਠ ਜਾਂਦੇ ਨੇ)

ਨੋਟ -ਸ ਸਾਹਿਬ ਦੀ ਉਮਰ ਸੱਠਾਂ ਦੇ ਕਰੀਬ ਹੈ। ਪਰ ਜੁੱਸਾ ਤਕੜਾ। ਅੰਗਰੇਜ਼ੀ ਫ਼ੈਸ਼ਨ ਵਿਚ ਰਹਿੰਦੇ ਹੈਨ। ਪਰ ਸੁਭਾ ਦੇ ਖੁਲ੍ਹੇ। ਲਿਆਕਤ ਮੰਨੀ ਪ੍ਰਮੰਨੀ।

ਹਰਕਿਸ਼ਨ ਸਿੰਘ:-ਅੱਜ ਤੇ ਢੇਰ ਥਕ ਗਏ। ਪਰ ਕੰਮ ਅਜੇ ਸਿਰ ਤੇ ਪਿਆ ਹੈ। ਸਚ ਏ ਜਿੱਨਾਂ ਕੰਮ ਦਾ ਖਲੇਰਾ, ਉੱਨਾਂ ਈ ਮਨ ਨੂੰ ਕਲੇਸ਼। ਲੋਕੀਂ ਸਮਝਦੇ ਨੇਂ ਧਨਵੰਤੇ ਸੁਖੀ ਹੈਨ, ਪਰ ਇਹ ਨਹੀਂ ਜਾਣਦੇ-

"ਲੱਖਾਂ ਵਾਲਿਆਂ ਲੱਖਰ ਸੰਸੇ ਸੌਣ ਨਾ ਦਿਨੇਂ ਰਾਤੀਂ।"

ਪਰ ਇਹ ਉਹਨਾਂ ਨੂੰ,ਜਿਨ੍ਹਾਂ ਨੂੰ ਸਮਝ ਨਹੀਂ। ਅਸੀਂ ਤੇ ਇਹ ਕੰਮ ਕਰਨੇਂ ਹਾਂ, ਦੇਸ ਖਾਤਰ। ਦੇਸ ਦੀ ਮਾਲੀ ਹਾਲਤ ਵਧਾਨ ਲਈ।ਪਛਮੀ ਕੀ ਕਰਦੇ ਨੇਂ। ਸਾਡੀ ਤੇ ਸਲਾਹ ਹੈ ਦੇਸ ਦੀ ਦਿਸ਼ਾ ਉੱਚ ਕਰਨ ਲਈ ਵੱਡਾ ਟ੍ਰਸਟ ਬਨਾਈਏ।

[ਚਪੜਾਸੀ ਆਉਂਦਾ ਹੈ

ਚਪੜਾਸੀ:-ਹਜ਼ੂਰ, ਸਟੈਨੋਗ੍ਰਾਫਰ ਹਾਜ਼ਰ ਏ।

ਹਰਕਿਸ਼ਨਸਿੰਘ:-(ਰਤੀ ਸੋਚਕੇ)ਜਾਓ ਇਥੇ ਈ ਬੁਲਾ ਲਿਆਓ. ਔਹ ਕੁਰਸੀ ਤੇ ਤਿਪਾਈ ਨੇੜੇ ਕਰ ਦਿਓ।

[ਚਪੜਾਸੀ ਜਾਂਦਾ ਹੈ

ਜਾਣਾ ਤੇ ਦਫ਼ਤਰ ਈ ਚਾਹੀਦਾ ਹੈ। [ਉਠਦਾ ਹੈ, ਆਉਂਦਾ ਏ ਸਟੈਨੋਗ੍ਰਾਫਰ। ਬੈਠ ਕੇ] ਚੰਗਾ ਐਥੇ ਈ ਬਹਿ ਜਾਵੇ।

[ਸਟੈਨੋ ਗ੍ਰਾਫਰ ਬਹਿ ਜਾਂਦਾ ਹੈ।

ਆਟੇ ਦੇ ਕਾਰਖਾਨਿਆਂ ਨੂੰ ਲਿਖ ਦਿਓ ਕਿ ਕਣਕ ਢੇਰ ਖਰੀਦਕੇ ਜਮ੍ਹਾਂ ਕਰ ਲੈਣ। ਸ਼ਕ ਪੈਂਦਾ ਹੈ ਕਿ ਫੇਰ ਲੜਾਈ ਨਾ ਛਿੜ ਜਾਏ। ਕਿਉਂ ਜੁ ਰੂਸ ਤੇ ਸਰਕਾਰ ਅੰਗਰੇਜ਼ੀ ਦਾ ਤਜਾਰਤੀ ਸਬੰਧ ਟੁਟ ਗਿਆ ਹੈ, ਤੇ ਚੀਨ ਜਾਪਾਨ ਦੀ ਲਗ ਪਈ।ਇਸ ਚਿੱਠੀ ਤੇ 'ਗੁਪਤ' ਦਾ ਨਿਸ਼ਾਨ ਦੇ ਦੇਣਾ।

ਸਟੈਨੋਗ੍ਰਾਫਰ:- (ਲਿਖ ਕੇ) ਜੀ ?

ਸੁਦਾਰ --ਹਾਂ ਇਹ ਵੀ ਲਿਖ ਦਿਓ ਕਿ ਖਰੀਦ ਇੱਕੋ ਵਾਰੀ ਨਾ ਕਰਨ,ਸਹਿਜੇ ੨ ਕਰਨ,ਕਿਧਰੇ ਭੌਾ ਈ ਨਾ ਚੜ੍ਹ ਜਾਏ।

[ਚਪਰਾਸੀ ਅੰਦਰ ਆਉਂਦਾ ਹੈ ਤੇ ਤਸ਼ਤ੍ਰੀ ਵਿਚ ਦੋ ਕਾਰਡ ਦਿੰਦਾ ਹੈ।

(ਪੜ੍ਹਕੇ) ਅੰਦਰ ਬੁਲਾ ਲਿਆਓ।

[ਚਪਰਾਸੀ ਜਾਂਦਾ ਹੈ

ਸੁਦਾਰ:-[ਅਗੇ ਵਧ ਕੇ ਬੂਹੇ ਕੋਲ ਜਾ]ਆਵੋ ਪੰਡਤ ਸਾਹਿਬ ਧੰਨ ਭਾਗ। ਆਹਾ, ਲਾਲਾ ਜੀ ਵੀ ਹੈਣ!

[ਪੰਡਤ ਚੁਨੀ ਲਾਲ ਰੈਨਾਂ ਤੇ ਲਾਲਾ ਇਜ਼ਤ ਰਾਇ ਆਉਂਦੇ ਨੇਂ, ਹਥ ਮਿਲੱਾ ਕੇ ਕੋਚ ਤੇ ਬਹਾਂਦੇ ਹੈਨ। ਤੇ ਆਪ ਇਕ ਗਦੇਲੇ ਵਾਲੀ ਕੁਰਸੀ ਤੇ ਬੈਠ ਜਾਂਦੇ ਨੇਂ, ਸਟੈਨੋਗ੍ਰਾਫਰ ਜਾਂਦਾ ਹੈ।

ਨੋਟ:-ਪੰਡਤ ਰੈਨਾ ਤੇ ਲਾਲਾ ਇਜ਼ਤ ਰਾਇ ਜੀ ਹਿੰਦ ਦੇ ਮਸ਼ਹੂਰ ਸਵਾਰਾਜਿਸਟ ਆਗੂ ਹੈਨ। ਦੋਹਾਂ ਦੀ ਉਮਰ ੬੦ ਕੁ ਸਾਲ ਦੇ ਕੋਲ ਕੋਲ ਜਾਪਦੀ ਏ। ਪੰਡਤ ਜੀ ਤਿ ਕਰਜ਼ਨ ਫੈਸ਼ਨ ਪਰ ਲਾਲਾ ਜੀ ਦੀਆਂ ਛੋਟੀਆਂ ਛੋਟੀਆਂ ਚਿਟੀਆਂ ਮੁੱਛਾਂ। ਦੋਹਾਂ ਖਦਰ ਦੇ ਕਪੜੇ ਤੇ ਟੋਪੀਆਂ ਪਾਈਆਂ ਹੋਈਆਂ ਹਨ।

ਪੰਡਿਤ ਰੈਣਾ- ਸੁਦਾਰ ਸਾਹਿਬ, ਤੁਸੀ ਤੇ ਬਪਾਰ ਵਿਚ ਪੈ ਪੈਸੇ ਕੱਠੇ ਕਰਨ ਤੇ ਲਕ ਬੱਧਾ ਹੈ। ਦੇਸ ਦਾ ਹਾਲ ਵੇਖੋ

ਹੁਣ ਕੀ ਹੈ ? ਖ਼ਸ ਹਰ ਥਾਂ ਲੜਾਈ ਫ਼ਸਾਦ । ਹਿੰਦੂ ਮੁਸਲਮਾਨ ਲੜ ਲੜ ਅਪਣੇ ਆਪ ਆਪਣੀ ਪੈਰੀਂ ਨੂੰ ਹਾੜਾ ਮਾਰ ਰਹੇ ਹਨ। ਹੁਣ ਸਵਰਾਜ ਕੇਹਾਂ ਦੂਰ ਚਲਾ ਗਿਆ। ਮਹਾਤਮਾਂ ਜੀ ਦਾ 'ਵਰ੍ਹੇ ਵਿਚ ਸ੍ਵਰਾਜ' ਤੇ ਖੰਭ ਲਾ ਸੁਰਗ ਨੂੰ ਉਡ ਗਿਆ । ਹੁਣ ਸੁਝਦਾ ਨਹੀਂ ਕੀ ਕਰੀਏ ? ਕਿਧਰੇ ਹਿੰਦੂ ਸਭਾ, ਕਿਧਰੇ ਮੁਸਲਿਮ ਲੀਗ। ਕਿਧਰੇ ਸੰਘਟਨ, ਕਿਧਰੇ ਤਨਜ਼ੀਮ। ਕਿਧਰੇ ਸੁਧੀ, ਕਿਧਰੇ ਤਬਲੀਗ। ਅਜ ਲਾਹੌਰ ਫ਼ਸਾਦ ਤੇ ਕਲ ਨਾਗਪੁਰ। ਪਰਸੋਂ ਪੂਨੇ ਤੇ ਚੌਥ ਲਖਨਊ। ਕੋਈ ਥਾਂ ਖਾਲੀ ਨਹੀਂ। ਹੁਣ ਸਾਈਮਨ ਕਮਿਸ਼ਨ ਨੇ ਕੁਝ ਫੇਰ ਕੱਠੇ ਬੈਠਣ ਸਿਖਾਇਆ ਪਰ ਕੋਈ ਦਿਨਾਂ ਲਈ ਈ ਜਾਪਦਾ ਹੈ, ਫੇਰ ਕੋਈ ਚਾਲ ਨਖੇੜ ਦਿਊ।

ਸ੍ਰਦਾਰ-- ਹਾਂ ਜੀ ਸਭ ਪਤਾ ਹੈ। ਪਰ ਜੋ ਹੁੰਦਾ ਹੈ ਈਸ਼੍ਵਰ-ਨੇਤ ਠੀਕ ਹੁੰਦਾ ਹੈ। ਇਸ ਦਾ ਵੀ ਦੇਸ ਨੂੰ ਲਾਭ ਈ ਹੋਣਾ ਏ। ਇਹ ਸਭ ਐਵੋਲਿਊਸ਼ਨ ਹੈ। ਉਨਤੀ ਦੀਆਂ ਪੌੜੀਆਂ ਹਨ।

ਲਾਲਾ-- ਵਾਹ ਜੀ, ਉਹ ਕੀਕਨ ?

ਸ੍ਰਦਾਰ --ਜਿਸ ਵੇਲੇ ਲੜ ਲੜ ਸਿਰ ਮੂੰਹ ਭੰਨ ਭਨੌਨਾ ਖ਼ੂਨ-ਖਰਾਬਾ ਕਰ ਥੱਕ ਕੇ, ਅੰਤ ਸੋਚਣਗੇ ਤੇ ਹਥ ਪਲੇ ਕੁਝ ਨਾ ਵੇਖਣਗੇ। ਘਰ ਬਰਬਾਦ, ਨਿਤ ਦਾ ਖਤਰਾ, ਸੁਖ ਉਡ ਜਾਏਗਾ, ਤਾਂ ਆਪੇ ਸਹ ਆਸੀ ਕਿ ਲੜਾਈ ਵਿਚ ਕੁਝ ਨਹੀਂ, ਸਿਵਾਏ ਬਰਬਾਦੀ ਦੇ।

ਪੰਡਤ:--ਤੁਹਾਡੀ ਫਲਾਸਫੀ ਤਾਂ ਠੀਕ ਹੈ ਕਿ ਲੜਾਈ ਹੋਣ ਦਿਓ, ਲੜ ਮਰਕੇ ਆਪੇ ਸਮਝਨਗੇ। ਤਾਂ ਤੇ ਭਾਰਤ ਡੁੱਬਾ। ਕੀ ਯੂਰਪ ਨੂੰ ਵੱਡੀ ਲੜਾਈ ਪਿਛੋਂ ਸਮਝ ਆਈ ? ਕੀ ਉਹ ਫੇਰ ਹੋਰ ਲੜਾਈ ਦੀਆਂ ਤਿਆ-ਰੀਆਂ ਵਿਚ ਨਹੀਂ ਏ ?

ਸ੍ਰਦਾਰ:--(ਹਸਕੇ) ਭਾਰਤ ਬਚਦਾ ਜੇ ਤੇ ਬਚਾ ਲਓ। ਹੁਣ ਤੇ ਦੋਹਾਂ

ਦੇ ਸਿਰ ਜਿੱਨ ਸਵਾਰ ਹੈ। ਇਹ ਜਿੱਨ ਲੜ ਮਰ ਕੇ ਹੀ ਲੱਥਗਾ।

ਲਾਲਾ:—ਇਸੇ ਜਿੱਨ ਦਾ ਤੇ ਝਾੜਾ ਕਰਨਾ ਹੈ।

ਪੰਡਤ:—ਸਮਝੌਤੇ ਦੀਆਂ ਕਮੇਟੀਆਂ ਬਨਾਈਆਂ ਨੇ, ਮਿਲੌਣੀ ਦੀ ਕੋਸ਼ਸ਼ ਕਰਦੇ ਹਾਂ।

ਸ੍ਰਦਾਰ:—ਤੁਸੀਂ ਐਨੇਂ ਸਿਆਣੇ ਹੋ, ਪੱਤ੍ਰਾਂ ਟਾਹਣੀਆਂ ਨੂੰ ਛੱਡੋ ਤੇ ਮੁੱਢ ਨੂੰ ਫੜੋ। ਮਰਜ਼ ਦੀ ਜੜ੍ਹ ਪੁੱਟੋ। ਐਵੇਂ ਉਪਰੇ ਨਿਸ਼ਾਨਾਂ ਵਲ ਨਾਂ ਤੱਕੋ। ਤਦ ਈ ਇਸ ਫ਼ਸਾਦ ਦਾ ਇਲਾਜ ਹੋਸੀ।

ਪੰਡਤ:—ਅਸੀਂ ਵੀ ਤੇ ਏਹੀ ਕਹਿਦੇ ਹਾਂ।

ਸ੍ਰਦਾਰ:—ਪਰ ਕਰਦੇ ਨਹੀਂ। ਦੁਨੀਆਂ ਦੇ ਸਭ ਲੜਾਈ ਫ਼ਸਾਦ ਦੀ ਜੜ੍ਹ ਹੈ, ਦੌਲਤ। ਜਿਸ ਪਾਸ ਧਨ ਨਹੀਂ ਓਹ ਦੂਸਰਿਆਂ ਪਾਸੋਂ ਖੋਹਣਾ ਚਾਹੁੰਦਾ ਹੈ। ਜਿਸ ਪਾਸ ਹੈ ਓਹ ਦਿੰਦਾ ਨਹੀਂ। ਏਹੀ ਕਾਰਨ ਵਡੀਆਂ ਕੌਮਾਂਦਾ ਹੀਣੀਆਂ ਕੌਮਾਂ ਨੂੰ ਦਬਾਈ ਰੱਖਣ ਦਾ ਹੈ। ਉਨ੍ਹਾਂ ਕੋਲੋਂ ਧਨ ਕਢਨਾ ਹੋਇਆ, ਮਜ਼ੂਰੀ ਕਰਾਣੀ ਹੋਈ। ਹੁਣ ਗ਼ਰੀਬ ਕੌਮਾਂ ਵੀ ਸੁਤੰਤ੍ਰ ਹੋਕੇ ਧਨ ਪੈਦਾ ਕਰਨਾ ਚਾਹੁੰਦੀਆਂ ਹਨ। ਵਡੀਆਂ ਰੋਕਦੀਆਂ ਨੇਂ। ਏਹੀ ਧਨ ਦੀ ਥੋੜ੍ਹ "ਬਗ਼ਾਵਤ", ਹਿਲ ਜੁਲ, ਤੇ ਤ੍ਰਥੱਲੀ(Revolution)ਦਾ ਕਾਰਨ ਬਣਦੀ ਹੈ! ਏਹੀ ਸੋਸ਼ਲਿਸਟ, ਬਾਲਸ਼ਵਿਕ, ਆਦਿ ਸੁਸਾਇਟੀਆਂ ਦੀ ਉਨਤੀ ਦਾ ਕਾਰਨ ਹੈ। ਜਿਸ ਮੁਲਕ ਪਾਸ ਧਨ, ਉਹੀ ਪ੍ਰਧਾਨ। ਸਭ ਉਸੇ ਵਲ ਵੇਖਦੇ ਹੈਨ। ਸੁ ਜੇ ਤੇ ਭਾਰਤ ਨੂੰ ਉਭਾਰਨਾਂ ਜੇ ਤਾਂ ਧਨ ਪੈਦਾ ਕਰੋ।

ਲਾਲਾ:—ਯਾਰ, ਤੂੰ ਤੇ ਆਪਣਾ ਈ ਲੈਕਚਰ ਛੇੜ ਬੈਠੋਂ। ਪਰ ਪ੍ਰਾਈ ਸ੍ਰਕਾਰ ਸਾਨੂੰ ਨਾਂ ਤੇ ਬਪਾਰ ਵਿਚ ਵਧਣ ਤੇ ਨਾਂ ਈ ਕਾਰਖ਼ਾਨਿਆਂ ਵਿਚ ਤ੍ਰਕੀ ਕਰਨ ਦਿੰਦੀ ਹੈ। ਧਨ ਵੀ

ਤਦ ਈ ਵਧੇਗਾ ਜਦ ਸ੍ਵਰਾਜ ਹੋਵੇਗਾ ।

ਸਰਦਾਰ:-ਇਹ ਤੇ ਕੁਝ ਹਦ ਤਕ ਠੀਕ ਹੈ। ਪਰ ਉੱਨਤੀ ਦਾ ਬਹੁਤ ਸਾਰਾ ਨਿਰਭਰ ਸਾਡੇ ਅਪਨੇ ਉਪਰਹੈ ! ਜੇ ਕਦੀ ਅਸੀਂ ਸਾਰੇ ਕੱਠੇ ਹੋਕੇ ਬਪਾਰ ਤੇ ਕਾਰਖਾਨਿਆਂ ਵਲ ਪੈ ਜਾਈਏ,ਨਾਲ ਈ ਜ਼ਿਮੀਂਦਾਰੇ ਨੂੰ ਵਧਾਈਏ,ਤਾਂ ਬਹੁਤ ਕੁਝ ਨੰਗ ਭੁਖ ਦੂਰ ਹੋ ਜਾਸੀ । ਜਦ ਭੁੱਖ ਗਈ ਤਾਂ ਲੜਾਈ ਦਾ ਕਾਰਨ ਘਟ ਹੋ ਜਾਸੀ।

ਲਾਲਾ:-ਠੀਕ, ਪਰ ਫੇਰ ਧਨ ਦੀ ਵੰਡ ਦਾ ਪੁਆੜਾ ।

ਸਰਦਾਰ -ਇਸ ਦਾ ਪਹਿਲੇ ਈ ਇਲਾਜ ਕਰ ਲਈਏ । ਪੂੰਜੀ ਸਾਂਝੀ। ਦੂਜਾ ਘਾਟਾ ਵਿਦਿਆ ਦਾ ਏ,ਤੇ ਤੀਜਾ ਭਾਈ-ਚਾਰਕ ਬੁਰੀਆਂ ਰਸਮਾਂ।

ਲਾਲਾ:-ਤੇ ਚੌਥਾ, ਰਬ ਨੂੰ ਭੁਲਕੇ ਪੱਛਮੀ ਝੂਠੀ ਚਮਕ ਦੇ ਮੁਰੀਦ ਬਣਨਾ।

ਸਰਦਾਰ:-ਠੀਕ। ਹੁਣ ਸਾਨੂੰ ਸਭ ਤੋਂ ਪਹਿਲਾਂ ਦੇਸ ਦੇ ਲੋਕਾਂ ਨੂੰ ਵਿਦਿਆ ਵਿਚ ਸਾਵਧਾਨ ਕਰਨਾ, ਬਪਾਰ, ਕਾਰਖਾਨੇ ਬਣੱਾ ਜ਼ਮੀਨਾਂ ਦੀ ਤਾਕਤ ਵਧਾ, ਧਨ ਵਧਾਨਾ ਚਾਹੀਦਾ ਹੈ। ਸਰਕਾਰ ਵੀ ਸ਼ਰਮੋਂ-ਕੁਸ਼ਰਮੀ ਇਸ ਵਿਚ ਮਦਦ ਦਿੰਦੀ ਹੈ। ਇਹ ਵੇਲਾ ਹੱਥੋਂ ਨਹੀਂ ਗਵਾਣਾ ਚਾਹੀਏ। ਨਾ-ਮਿਲਵਰਤਨ ਹੋ ਚੁਕੀ। ਸਾਰੇ ਕੌਮ ਮਿਲਕੇ ਸੌਰਦੇ ਹੈਨ, ਰੁੱਸਿਆਂ ਨਹੀਂ।

ਪੰਡਤ:-ਸਾਨੂੰ ਬੱਚਤ ਦੇ ਤ੍ਰੀਕੇ ਸੋਚਣੇ ਚਾਹੀਏ। ਫ਼ਜ਼ੂਲ-ਖ਼ਰਚੀ ਕੌਮ ਦੀ ਮੌਜੂਦਾ ਹਾਲਤ ਵਿਚ ਪਾਪ ਹੈ। ਐਸ਼ ਇਸ਼ਰਤ ਬੰਦ ਕਰਨੀ ਚਾਹੀਏ।

ਲਾਲਾ:-ਭੁਖਿਆਂ ਤੇ ਗ਼ੁਲਾਮਾਂ ਵਿਚ ਐਸ਼ ਇਸ਼ਰਤ ਕੀ ? ਜਿਥੇ ਕ੍ਰੋੜਾਂ ਆਦਮੀ ਢਿਡ ਭਰ ਕੇ ਰੋਟੀ ਨਹੀਂ ਖਾਂਦੇ । ਵੇਖ ਖਾਂ ਯੂਰਪ ਤੇ ਅਮ੍ਰੀਕਾ, ਐਸ਼ ਤੇ ਸ਼ਾਨ ਤੇ ਓਥੇ ਹੈ। ਅਸਾਂ ਨੰਗਿਆਂ ਨ੍ਹਾਉਣਾ ਕੀ ਤੇ ਨਚੋੜਨਾ ਕੀ ?

ਸਰਦਾਰ-ਇਹ ਗਲ ਸੁਣਨ ਵਾਲੀ ਨਹੀਂ ਜੇ। ਅੱਜ ਕਲ ਦੇ ਨੌਜਵਾਨਾਂ ਦਾ ਕੀ ਕਹਿਣਾ। ਵੇਖੋ ਕਲੱਬਾਂ, ਹੋਟਲਾਂ, ਨਾਚਾਂ ਵਿਚ ਰੁਪਿਆ ਪਾਣੀ ਵਾਂਗੂੰ ਰੁੜ੍ਹਾਂਦੇ ਨੇਂ। ਤਾਲੀਮ, ਉੱਚੀ ਵਲੈਤੀ ਤਾਲੀਮ ਤੇ ਉਲਟ ਪਈ। ਖਰਚ ਵਧ ਗਏ, ਆਮਦਨਾਂ ਘਟ। ਪਛਮੀ ਖਿਆਲਾਤ ਵੀ ਸਾਡੀ ਪੁਰਾਣੀ ਤਹਿਜ਼ੀਬ ਦੀ ਜੜ੍ਹੀਂ ਤੇਲ ਦਿੰਦੇ ਨੇ। ਰੀਸੋ ਰੀਸੀ ਪਛਮੀ ਚਮਕ ਦੀ ਬੁਰਿਆਈ, ਜਿਸ ਦਾ ਨਾਂ ਹੈ ਫ਼ੈਸ਼ਨ, ਸਭ ਵਿਚ ਫੈਲਦੀ ਜਾਂਦੀ ਹੈ।

ਪੰਡਿਤ:-ਠੀਕ, ਪਰ ਕਲੱਬ ਤੇ ਨਾਚ ਵੀ ਮਨ ਦਾ ਉਤਸ਼ਾਹ ਵਧਾਂਦੇ ਨੇਂ, ਥੱਕੇ ਮਾਂਦਿਆਂ ਦਾ ਜੀਅ ਪ੍ਰਚਾਂਦੇ ਨੇਂ। ਇਹ ਹਾਸੇ ਖੇਡਾਂ ਵੀ ਜੀਵਨ ਦਾ ਇਕ ਵੱਡਾ ਹਿੱਸਾ ਹੈਨ।

ਲਾਲਾ:-ਇਹ ਤੇ ਆਪਣੀ ਹਡ-ਬੀਤੀ ਸੁਣਾਂਦੇ ਨੇਂ। ਪਰ ਧੰਨ ਨੇਂ ਇਹ। ਜਦੋਂ ਵੇਖਿਆ ਕਿ ਦੇਸ ਦੁਖੀ ਹੈ, ਸਭ ਅਰਾਮ ਛਡ ਬੈਠੇ। ਉਹ ਐਸ਼ ਦੇ ਸਾਮਾਨ ਬਸ! ਕਿਉਂ ? ਇਸ ਲਈ ਕਿ **ਐਸ਼ ਕੇਵਲ ਸੁਤੰਤ੍ਰ ਕੌਮਾਂ ਦਾ ਸ਼ਿੰਗਾਰ ਹੈ।**

ਸਰਦਾਰ.-ਏਹੀ ਤੇ ਮੈਂ ਵੀ ਕਹਿਨਾਂ ਹਾਂ, ਸੁਤੰਤ੍ਰ ਹੋਕੇ ਜੋ ਮਰਜ਼ੀ ਏ ਕਰੋ। ਐਸ ਵੇਲੇ ਕੌਡੀ ੨ ਬਚਾਵੋ, ਤੇ ਆਪਣੇ ਗ਼ਰੀਬ ਭਰਾਵਾਂ ਭੈਣਾਂ ਨੂੰ ਉੱਚਾ ਕਰੋ। ਜਦ ਗ਼ਰੀਬੀ ਜਾਵੇਗੀ, ਤਦ ਸਾਡੀ ਆਤਮਕ ਤੇ ਜਿਸਮਾਨੀ ਜ਼ਿੰਦਗੀ ਵੀ ਉੱਚੀ ਹੋ ਜਾਵੇਗੀ। ਸਵਰਾਜ ਆਪੇ ਆ ਜਾਵੇਗਾ। ਫੇਰ ਜੋ ਮਰਜ਼ੀ ਏ ਕਰਨਾਂ। ਏਹੀ ਰੋਗ ਤੇ ਮੇਰੇ ਘਰ ਵੀ ਵੜੀ ਜਾਂਦਾ ਹੈ।

ਪੰਡਿਤ:-ਇਹੀ ਤੇ ਮਹਾਤਮਾ ਜੀ ਦਾ ਆਸ਼ਾ ਹੈ ਕਿ ਸਰੂੰਚ ਕਰੋ, ਸ਼ਾਨ ਛਡੋ। ਖਦਰ ਪਾਉ ਤਾਂ ਕ੍ਰੋੜਾਂ ਦੀ ਬਚਤ ਹੈ। ਵੇਖੋ, ਸਾਡੇ ਦੇਸ਼ ਵਿਚ ਪੁਰਾਣੇ ਸਮਿਆਂ ਨਾਲੋਂ ਦਸ ਗੁਣਾਂ ਵਧ ਪੈਦਾਵਾਰ ਹੈ। ਪਰ ਅਸੀਂ ਫੇਰ ਵੀ ਗਰੀਬ, ਖਾਣ ਨੂੰ ਨਹੀਂ ਲਭਦਾ।

ਸਰਦਾਰ:–ਸਭ ਪੈਦਾਵਾਰ ਬਾਹਰ ਜਾਂਦੀ ਹੈ, ਸਾਡੇ ਜੋਗਾ ਕਾਫ਼ੀ ਦਾਣਾ ਨਹੀਂ ਰਹਿੰਦਾ।

ਪੰਡਿਤ:–ਪਰ ਬਾਹਰਲੇ ਵੀ ਤੇ ਮੁਲ ਦੇਕੇ ਖਰੀਦਦੇ ਹਨ। ਉਹ ਧਨ ਕਿਥੇ ਜਾਂਦਾ ਹੈ? ਕੌਣ ਡਾਕਾ ਮਾਰਦਾ ਹੈ?

ਲਾਲਾ:–ਵਲੈਤੀ ਐਸ਼ ਦੇ ਸਾਮਾਨ ਖਰੀਦਨ ਵਿਚ।

ਪੰਡਿਤ:–ਬਸ ਏਹੀ ਕਾਰਨ ੲੈ ਸਾਡੀ ਗਰੀਬੀ ਦਾ।

ਸਰਦਾਰ:–ਇਨ੍ਹਾਂ ਕਾਰਨਾਂ ਨੂੰ ਦੂਰ ਕਰਨ ਲਈ ਤਿ ਮੈਂ ਵੀ ਕਹਿੰਦਾ ਹਾਂ।

ਪੰਡਤ:–ਇਹਨਾਂ ਵਿਚਾਰਾਂ ਨੂੰ ਹੁਣ ਛੱਡੋ। ਹੁਣ ਤੇ ਬੂਹੇ ਆਏ ਖਤਰੇ ਦਾ ਇਲਾਜ ਸੋਚੋ। ਏਕਤਾ ਕੀਕਨ ਹੋਵੇ?

ਸਰਦਾਰ:–ਜਦ ਸ਼ਕ ਦੂਰ ਹੋਵੇ। ਦਿਲ ਸਾਫ਼ ਹੋਣ। ਜਦ ਤੁਸੀਂ "ਡੈਮੋਕ੍ਰੇਸੀ" (ਲੋਕਾਸ਼ਾਹੀ) ਆਖਦੇ ਓ, ਤਾਂ ਜਿਥੇ ਮੁਸਲਮਾਨ ਵਧ ਹੈਨ ਉਹ ਗੁਰਨਮੈਂਟ ਵਿਚ ਪ੍ਰਧਾਨ ਹੋਣ ਤੇ ਜਿਥੇ ਹਿੰਦੂ ਨੇ ਉਥੇ ਉਹ। ਵੇਖੋ, ਸਭ ਥਾਂ ਵਧੀਕ ਗਿਣਤੀ ਵਾਲੇ ਈ ਰਾਜ ਕਰਦੇ ਨੇਂ।

ਲਾਲਾ:–ਅਸੂਲ ਤੇ ਠੀਕ ਹੈ। ਪਰ ਵਰਤੋਂ ਵਿਚ ਮੁਸਲਮਾਨ ਹਿੰਦੂਆਂ ਨੂੰ ਤੰਗ ਕਰਦੇ ਨੇਂ। ਵੇਖੋ ਸਰਹੱਦੀ ਸੂਬਾ।

ਸਰਦਾਰ:–ਭੋਲਿਓ, ਇਹ ਤਕਲੀਫ਼ਾਂ ਕੋਈ ਦਿਨਾਂ ਦੀਆਂ ਮਹਿਮਾਨ ਹਨ। ਜਦ ਹਿੰਦੂਆਂ ਵੀ ਭਾਜੀ ਮੋੜਕੇ ਦਿਤੀ ਤਾਂ ਆਪੇ ਹਿੰਦੂ ਮੁਸਲਮਾਨ ਮਿਲ ਵਰਤਣਗੇ। ਇਹ ਸਭ ਬੇ-ਸਮਝੀ ਦਾ ਕਾਰਨ ਹੈ। ਤੇ ਕੁਝ ਉਨ੍ਹਾਂ ਲੀਡਰਾਂ ਦਾ ਕਸੂਰ–ਨਹੀਂ ਜਤਨ–ਜਿਨ੍ਹਾਂ ਦੀ ਲੀਡਰੀ ਤਦ ਤਕ ਈ ਏ, ਜਦ ਤਕ ਧਾਰਮਕ ਫ਼ਸਾਦ ਹਨ।

ਪੰਡਤ:–ਅਸੀ ਹੁਣ ਸਭ ਕੰਮ ਛਡ ਕੇ ਪਹਿਲੇ ਏਕਤਾ ਦਾ ਪ੍ਰਚਾਰ ਕਰਨੇਂ ਹਾਂ ਤੇ ਇਸ ਬੁਰਛਾ-ਗਰਦੀ ਨੂੰ ਹਟਾਨੇ ਹਾਂ। ਏਕਤਾ ਫ਼ੰਡ ਲਈ ਧਨ ਚਾਹੀਏ। ਇਸ ਕਰਕੇ ਆਪ ਪਾਸ ਆਏ।

ਸੂਦਾਰ:–(ਹਸਕੇ)ਫੇਰ ਓਹੀ ਧਨ ਦੇ ਪੁਆੜੇ। ਮੇਰੀ ਵਲੋਂ ਦਸ ਹਜ਼ਾਰ ਇਸ ਵੰਡ ਲਈ ਹਾਜ਼ਰ ਹੈ।

ਪੰਡਤ ਤੇ ਲਾਲਾ:– (ਖੁਸ਼ੀ ਨਾਲ) ਥੈਂਕਯੂ, ਥੈਂਕਯੂ, ਸੂਦਾਰ ਸਾਹਿਬ।

ਲਾਲਾ:–ਕਮਾਈ ਵੰਡ ਕੇ ਛਕਨੀ ਚਾਹੀਏ।

ਪੰਡਤ:–ਨਹੀਂ ਤੇ ਫੇਰ ਉਹ..........ਖੋਹ ਲੈ ਜਾਸਨ।

(ਨਾਲ ਦੇ ਕਮਰੇ ਵਿਚੋਂ ਪਿਆਨੋ ਦੀ ਆਵਾਜ਼)

ਆਹਾ! ਇਹ ਕੌਣ ਪਿਆਨੋ ਵਜਾਂਦਾ ਹੈ?

ਸੂਦਾਰ:–ਮੇਰੀ ਕਾਕੀ।

ਪੰਡਤ:–ਬਹੁਤ ਸੋਹਣਾ ਵਜਾਂਦੀ ਹੈ। ਸੁਖ ਨਾਲ ਤੁਹਾਡਾ ਕਾਕਾ ਵੀ ਤੇ ਵਲੈਤੋਂ ਆ ਗਿਆ। ਖਿਆਲਾਤ ਕਹੇ ਸੂ?

ਸੂਦਾਰ–ਜੀ ਹਾਂ। ਏਥੇ ਈ ਹੈ, ਖਿਆਲਾਤ ਜਿਹੇ ਵਲੈਤੋਂ ਆਇਆਂ ਦੇ ਸ਼ੁਰੂ ਸ਼ੁਰੂ ਵਿਚ ਹੁੰਦੇ ਹੈਨ।

ਲਾਲਾ:–ਰਤੀ ਨੌ-ਜਵਾਨਾਂ ਨੂੰ ਫ਼ੈਸ਼ਨਾਂ ਤੋਂ ਬਚਾਈ ਰਖਨਾ ਖਾਸ ਕਰ ਪਛਮੀ ਚਮਕਦੀਆਂ ਬੁਰਿਆਈਆਂ ਤੋਂ।

ਪੰਡਤ:–ਏਹਨਾਂ ਨੂੰ ਕੀ ਸਮਝਾਨਾ?

ਸੂਦਾਰ:–ਮੈਂ ਤੁਹਾਨੂੰ ਕਾਕੇ ਨੂੰ ਮਿਲਾਂਦਾ ਹਾਂ। ਤੁਸੀਂ ਰਤੀ ਮਤ ਦੇ ਜਾਓ।

ਪੰਡਤ–ਮੈਨੂੰ ਤੇ ਕਾਕੇ ਨੂੰ ਮਿਲ ਕੇ ਬੜੀ ਖੁਸ਼ੀ ਹੋਵੇਗੀ। ਹੁਣ ਇਨ੍ਹਾਂ ਨੌਜਵਾਨਾਂ ਨੇ ਈ ਦੇਸ ਦੇ ਕੰਮ ਸੰਭਾਲਨੇ ਨੇਂ।

ਲਾਲਾ:–ਅਸੀ ਤੇ ਬੁੱਢੇ ਕਬਰ ਵਿਚ ਪੈਰ ਲਟਕਾਈ ਬੈਠੇ ਹਾਂ।

(ਸੂਦਾਰ ਘੰਟੀ ਦਾ ਬਟਨ ਦਬਾਂਦਾ ਹ,ਨੌਕਰ ਆਉਂਦਾ ਹੈ)

ਸੂਦਾਰ:–ਜਾਵੋ ਕਾਕੇ ਜੀ ਨੂੰ ਕਹੋ, ਏਧਰ ਆਉਣ। ਸਾਰੇ ਯਾਦ ਕਰਦੇ ਨੇਂ। (ਨੌਕਰ ਦਾ ਸਿਰ ਨਿਵਾਂ ਚਲੇ ਜਾਣਾ)

ਲਾਲਾ:–ਏਹਨਾਂ ਦਾ ਕਾਕਾ ਬੜੀ ਉੱਚੀ ਵਿਦਿਆ ਹਾਸਲ ਕਰਕੇ ਆਇਆ ਹੈ ਤੇ ਕਾਕੀ ਵੀ ਉਤਮ ਖਿਆਲਾਂ ਵਾਲੀ ਗ੍ਰੈਜੂਏਟ ਹੈ।

ਪੰਡਤ:—ਤਦ ਤੇ ਧਨ ਭਾਗ।

[ਮਿਸਟਰ ਸਿੰਘ ਦਾ ਆਉਣਾ, ਪਿਤਾ ਦਾ ਦੋਹਾਂ ਨਾਲ ਜਾਣ ਪਛਾਣ ਕਰਾਣਾ, ਤੇ ਸਾਹਮਣੇ ਕੁਰਸੀ ਤੇ ਕਾਕੇ ਦਾ ਬੈਠ ਜਾਣਾ]

ਮੈਨੂੰ ਬੜੀ ਚਾਹ ਸੀ ਤੁਹਾਨੂੰ ਮਿਲਾਂ।

ਸਿੰਘ:—ਬੜੀ ਕਿਰਪਾ ਹੈ।

ਪੰਡਤ.—ਹੁਣ ਦੇਸ ਦਾ ਕੰਮ ਤੁਸਾਂ ਈ ਮਲਨਾ ਹੈ। ਤੁਸੀ ਵਲੈਤੋਂ ਨਵਾਂ ਚਾਨਣ ਲੈਕੇ ਆਏ। ਉਸ ਚਾਨਣੇ ਨੂੰ ਆਪਣੇ ਦੇਸ ਦੀ ਲੋੜ ਅਨੁਸਾਰ ਵਰਤਨਾ ਹੈ। ਚਾਨਣ ਢੇਰ ਤੇਜ਼ ਹੈ। ਗਲੋਬ ਲਾਕੇ ਕੰਮ ਕਰੋ। ਨਹੀਂ ਤੇ ਅੱਖਾਂ ਖਰਾਬ। ਸਮਝ ਗਏ ਨਾਂ ਮਤਲਬ?

ਸਿੰਘ:—ਜੀ ਕੁਝ ਕੁਝ। ਸਾਡੇ ਦੇਸ ਦੀ ਉਨਤੀ ਤਦ ਈ ਏ ਕਿ ਅਸੀ ਸੁਤੰਤ੍ਰ ਕੌਮਾਂ ਵਾਂਗੂ ਆਪਣੀ ਵਰਤੋਂ, ਰਹਿਣੀ ਬਹਿਣੀ ਤੇ ਕਹਿਣੀ ਕਰ ਲਈਏ।ਵੇਖੋ ਖਾਂ ਕਮਾਲਪਾਸ਼ਾ ਨੇ ਟਰਕੀ ਨੂੰ ਕੀਕਨ ਉੱਚਾ ਕੀਤਾ। ਰੀਫ਼ਾਰਮ,ਕਾਨੂੰਨ ਦੇ ਜ਼ੋਰ ਨਾਲ ਇਕ-ਦਮ ਕਰ ਦਿਤੀ। ਤੇ ਸਾਡੇ ਵਿਆਹ ਦੀ ਉਮਰ ਵਧਾਣ ਵਿਚ ਵੀ ਸੌ ਝਗੜੇ ਤੇ ਸੌ ਫ਼ਸਾਦ ਅਸੈਂਬਲੀ ਵਿਚ ਹੁੰਦੇ ਹੈਨ।

ਪੰਡਤ—ਜੀ ਹਾਂ, ਸਚ ਏ ਪਰ ਕਮਾਲ ਪਾਸ਼ਾ ਨੇ ਪਹਿਲੋਂ ਟਰਕੀ ਆਜ਼ਾਦ ਕਰਾਈ। ਫੇਰ ਰੀਸ ਕੀਤੀ। ਏਸੇ ਤਰ੍ਹਾਂ ਤੁਸੀ ਵੀ ਕਰੋ।

ਸਿੰਘ:—ਇਸ ਕੰਮ ਲਈ ਇਸਤ੍ਰੀ ਤੇ ਪੁਰਸ਼ ਦੋਵੇਂ ਈ ਸਾਂਝੀ ਕੋਸ਼ਸ਼ ਕਰਨ। ਜੇ ਇਕ ਹਿੱਸਾ ਮਨੁਖ ਦਾ ਨੀਵਾਂ ਰਿਹਾ ਤਾਂ ਸਾਰਾ ਮਾਨੁਖ ਉੱਚਾ ਨਹੀਂ ਹੋ ਸਕਦਾ।

ਪੰਡਤ:—ਠੀਕ। ਇਸਤ੍ਰੀ ਜਾਤੀ ਦੀ ਉਨਤੀ ਸਭ ਤੋਂ ਜ਼ਰੂਰੀ ਹੈ ਤਦੇ ਤੇ ਲੋਕ ਸਾਨੂੰ ਮੇਹਣੇ ਮਾਰਦੇ ਨੇ।

ਸਿੰਘ—ਇਸੇ ਕਰਕੇ, ਪਰਦਾ ਦੂਰ, ਵਿਦਿਆ ਦਾ ਇਸਤ੍ਰੀਆਂ ਵਿਚ ਪ੍ਰਚਾਰ। ਉਨ੍ਹਾਂ ਦਾ ਮਰਦਾਂ ਨਾਲ ਹਰ ਕੰਮ ਵਿਚ

ਸ਼ਾਮਲ ਹੋਣਾ ਜ਼ਰੂਰੀ ਹੈ।

ਪੰਡਤ:–ਪਰ ਬਿਲਕੁਲ ਪਛਮੀ ਸਾਂਗ ਨਹੀਂ ਬਣਨਾ। ਪਛਮੀ ਤਹਿਜ਼ੀਬ, ਭਾਰਤ ਦੀ ਤਹਿਜ਼ੀਬ ਨਾਲੋਂ ਅੱਡ ਹੈ। ਸਾਡੀ ਕਲੱਬ ਦੀ ਜ਼ਿੰਦਗੀ ਪੱਛਮੀ ਤ੍ਰੀਕੇ ਨਾਲੋਂ ਵਖ ਚਾਹੀਏ।

ਸਿੰਘ:–ਮੁਆਫ਼ ਰਖਨਾ, ਕਲੱਬ-ਜੀਵਨ ਤੇ ਸਾਡੇ ਦੇਸਾਂ ਵਿਚ ਸੀ ਈ ਨਹੀਂ। ਤੀਵੀਂ ਮਰਦ ਇਕੱਠੇ ਬੈਠਦੇ ਈ ਨਹੀਂ ਸੀ। ਇਹ ਪਛਮੀ ਦੇਸਾਂ ਦਾ ਈ ਮੇਵਾ ਹੈ। ਹੁਣ ਏਸ਼ੀਆ ਵਿਚ ਵੀ ਇਸਦੇ ਬੂਟੇ ਲੱਗੇ। ਪਰ ਲਾਂਦਿਆਂ ਈ ਲੋਕਾਂ ਦੀ ਮੁਖ਼ਾਲਫ਼ਤ ਦਾ ਕੀੜਾ। ਲਗ ਗਿਆ। ਇਸਨੇ ਵਧਨਾ ਕਿਥੋਂ ?

ਲਾਲਾ:–ਤੀਵੀਂ ਮਰਦ ਪੁਰਾਣੇ ਸਮਿਆਂ ਵਿਚ ਹਮੇਸ਼ ਇਕੱਠੇ ਰਹਿੰਦੇ ਸਨ। ਨਾਚ ਵੀ ਸਨ, ਕਲੱਬਾਂ ਸਨ, ਪਰ ਤ੍ਰੀਕੇ ਹੋਰ ਸਨ। ਕਾਕਾ ਜੀ, ਤੁਸੀ ਬੇਸ਼ਕ ਇਕੱਠੇ ਮਿਲੋ ਜੁਲੋ। ਪਰ ਦੋ ਗੱਲਾਂ ਦਾ ਧਿਆਨ ਰਖੋ।

ਸਿੰਘ:–ਫੁਰਮਾਓ ?

ਲਾਲਾ:–ਭਾਰਤ ਨਿਵਾਸੀਆਂ ਜਾਂ ਪੂਰਬੀ ਕੌਮਾਂ ਦੀ ਤਹਿਜ਼ੀਬ ਦਾ ਕੇਂਦਰ ਹੈ 'ਆਤਮਾ'। ਤੇ ਪਛਮੀ ਕੌਮਾਂ ਦਾ ਕੇਂਦਰ 'ਧਨ' ਤੇ "ਮਾਦਾ"। ਇਸ ਕਰਕੇ ਕੋਈ ਗਲ ਧਰਮੋਂ ਗਿਰਾਨ ਵਾਲੀ ਨਾ ਹੋਵੇ।

ਦੂਜੀ ਗਲ ਖਿਆਲ ਰਖਨ ਵਾਲੀ ਇਹ ਹੈ ਕਿ ਪਛਮੀ ਲੋਕ ਅਮੀਰ ਤੇ ਅਸੀ ਗਰੀਬ। ਆਪਣਾ ਵਿਤ ਵੇਖਕੇ ਖਰਚ ਕਰੀਏ ਤਾਂ ਈ ਚੰਗਾ ਹੈ।

ਸਿੰਘ:–ਧਰਮ ਤੇ ਇਕ 'Undefined' ਬੇਥੱਵੀ ਵਸਤੂ ਹੈ। ਜਿਸਦਾ ਸਿਰ ਪੈਰ ਕੁਝ ਨਹੀਂ। ਕੋਈ ਕੁਝ ਤੇ ਕੋਈ ਕੁਝ ਆਖਦਾ ਹੈ। ਇਸ ਗਲ ਦਾ ਨਿਰਨਾ ਕਰਨ ਲਈ ਉਮਰ ਘਟ। ਉਮਰਾਂ ਗਵਾਕੇ ਵੀ ਪਤਾ ਨਹੀਂ ਲਗਦਾ।

ਲਾਲਾ:-- ਮਰਾ ਮਤਲਬ ਇਖ਼ਲਾਕੀ ਧਰਮ ਦਾ ਹੈ। ਪਤਿਬ੍ਰਤਿ ਤੇ ਇਸਤ੍ਰੀ-ਬ੍ਰਤਿ ਧਰਮ ਦਾ ਖਿਆਲ ਰਖਨਾ ਚਾਹੀਏ। ਪੱਛੋਂ ਵਲੋਂ ਇਸਤ੍ਰੀ-ਭਰਤਾ ਦੇ ਧਰਮ ਤੋੜਨ ਵਾਲੀ ਹਨੇ੍ਰੀ ਚਲ ਰਹੀ ਹੈ, ਉਸ ਤੋਂ ਬਚੋ।

ਸ੍ਰਦਾਰ --ਬੜੀ ਸਖਤ ਹਨੇ੍ਰੀ ਹੈ। ਜੇਹੜੀ ਵਿਆਹ-ਆਸ਼੍ਰਮ ਦੇ ਰੁੱਖ ਨੂੰ ਜੜ੍ਹੋਂ ਉਖੇੜਨਾ ਚਾਹੁੰਦੀ ਹੈ।

ਪੰਡਤ:—ਹੁਣ ਤੇ "ਮਲਕੀਯਤ" ਤੇ "ਵਿਆਹ" ਦੇ ਵਿਰੁਧ ਤੂਫ਼ਾਨ ਹੈ। ਏਹ ਨਵੀਂ ਰੋਸ਼ਨੀ, ਨਹੀਂ ਮਾਦੇ ਦੀ ਰਗੜ ਤੋਂ ਪੈਦਾ ਹੋਈ ਹੋਈ ਬਿਜਲੀ ਦਾ ਤੂਫ਼ਾਨ ਹੈ। ਅਗੇ ਤੇ ਪੂਰਬ ਨੂੰ ਪਛਮ ਨੇ ਜ਼ੋਰ ਨਾਲ ਫ਼ਤਹ ਕੀਤਾ। ਹੁਣ ਪਛਮੀ ਤਹਿਜ਼ੀਬ ਤੇ ਪੂਰਬੀ ਤਹਿਜ਼ੀਬ ਦਾ ਟਾਕਰਾ ਹੈ। ਜਿਤ ਹਾਰ ਦੇਸ ਦੇ ਬਚਿਆਂ ਦੇ ਹੱਥ। ਇਸ ਟਾਕਰੇ ਤੋਂ ਭਾਂਬੜ ਮਚਨੇ ਹੈਨ।

ਸਿੰਘ --(ਸੋਚਾਂ ਵਿਚ ਡੁਬਾ) ਆਪ ਦਾ ਫ਼ਰਮਾਨਾ ਵਿਚਾਰ ਯੋਗ ਹੈ।

ਲਾਲਾ:--(ਘੜੀ ਵੇਖ) ਵੇਲਾ ਹੋ ਗਿਆ। ਚਲੋ ਹੁਣ ਚਲੀਏ।

ਪੰਡਤ:—(ਉਠਕੇ)[ਮਿ: ਸਿੰਘ ਨਾਲ ਸਾਰੇ ਹਥ ਮਿਲਾਂਦੇ ਨੇ] (ਸਿੰਘ ਵਲ) ਆਪਦਾ ਬਹੁਤ ਬਹੁਤ ਧੰਨਵਾਦ ਹੈ। ਆਪ ਨੂੰ ਮਿਲਕੇ ਤੇ ਬੜਾ ਈ ਜੀ ਪ੍ਰਸੰਨ ਹੋਇਆ। ਆਪ ਤੋਂ ਬੜੀਆਂ ੨ ਆਸਾਂ ਨੇ। (ਸਿੰਘਸਿਰਨਿਵਾਂਦਾ ਹੈ) ਸਭ ਬਾਹਰ ਜਾਂਦੇ ਨੇ।

(ਆਉਂਦੀਆਂ ਨੇ ਬਲਵੰਤ ਕੌਰ ਤੇ ਮਿਸ ਗਰੇ।

ਨੋਟ:– ਮਿਸਜ਼ ਗਰੇ ਕੋਈ ੩੫ ਕੁ ਵਰ੍ਹੇ ਦੀ ਵਿਧਵਾ ਮੇਮ ਹੈ। ਕੈਪਟਨ ਗਰੇ ਲੜਾਈ ਵਿਚ ਮਾਰਿਆ ਗਿਆ ਸੀ। ਡੇਢ ਸੌ ਮਹੀਨੇ ਤੇ ਬਲਵੰਤ ਕੌਰ ਨੂੰ ਵਾਜਾ ਸਿਖਾਂਦੀ ਹੈ।

ਬਲਵੰਤ ਕੌਰ:--ਸ਼ੁਕਰ ਏ ਕਮਰਾ ਖਾਲੀ ਹੋਇਆ। ਆਵੋ ਦਸ ਕੁ ਮਿੰਟ ਪਿਆਨੋ ਵਜਾ ਲਈਏ। ਫੇਰ ਚਾਹ ਦਾ ਵੇਲਾ ਹੋ ਜਾਣਾ ਏ। (ਪਿਆਨ ਵਜਾਂਦੀ ਏ)

ਮਿ: ਗਰੇ:–ਮਿਸ ਸਾਹਿਬ, ਹੁਣ ਤੇ ਤੁਸੀਂ ਪਿਆਨੋ ਵਿਚ ਤਾਕ ਹੋ ਗਈਆਂ, ਹੁਣ ਤੇ ਸਕੁੰਤਲਾ ਦਾ ਮੁਕਾਬਲਾ ਕੀ,ਜਿਸ ਨਾਲ ਚਾਹਵੇ ਮੁਕਾਬਲਾ ਕਰ ਲਵੇ।

ਬਲਵੰਤ –(ਸਿਰ ਨਿੰਵਾ) ਇਹ ਸਭ ਤੁਹਾਡੀ ਈ ਕਿਰਪਾ ਦਾ ਨਤੀਜਾ ਹੈ।

ਮਿ: ਗਰੇ:– ਨਹੀਂ ਤੁਹਾਡੀ ਮੇਹਨਤ ਤੇ ਅਕਲ ਦਾ ਚਮਤਕਾਰਾ ਹੈ।

[ਮਿ: ਸਿੰਘ ਪੁਛਕੇ ਅੰਦਰ ਆਉਂਦਾ ਹੈ, ਮਿਸਜ਼ ਗਰੇ ਨੂੰ ਸਿਰ ਨਿੰਵਾ ਸਲਾਮ ਕਰਦਾ ਹੈ।

ਮਿਸਜ਼ ਗਰੇ:–(ਸਲਾਮ ਮੰਨ,ਮੁਸਕ੍ਰਾਕੇ) ਹੁਣ ਤੁਹਾਡੀ ਭੈਣ ਪਿਆਨੋ ਤੇ ਰਾਗ ਵਿਚ ਬੜੀ ਤਾਕ ਹੋ ਗਈ ਏ।

ਸਿੰਘ–ਸਭ ਤੁਹਾਡੀ ਮੇਹਰਬਾਨੀ ਤੇ ਮੇਹਨਤ ਦਾ ਨਤੀਜਾ। ਅਜ ਪੰਡਤ ਹੋਰੀਂ ਵੀ ਏਥੇ ਬੈਠੇ ਤਾਰੀਫ਼ ਕਰਦੇ ਸਨ।

ਮਿਸਜ਼ ਗਰੇ–ਹਲਾ, ਪੰਡਤ ਵੀ ਅੰਗ੍ਰੇਜ਼ੀ ਰਾਗ ਜਾਣਦੇ ਨੇਂ ?

ਬਲਵੰਤ–(ਖੁਸ਼ ਹੋਕੇ) ਸਚ ਮੁਚ ? ਮੈਂ ਤੇ ਆਪਣੇ ਕਮਰੇ ਵਿਚ ਛੋਟਾ ਪਿਆਨੋ ਵਜਾਂਦੀ ਸਾਂ।

ਸਿੰਘ–––ਤੇ ਮੈਂ ਝੂਠ ਕਾਹਨੂੰ ਕਹਿਣਾਂ ਏ। ਪੰਡਤ ਜੀ ਤੋਂ ਵਧੀਕ ਕਿਸ ਨੇ ਅੰਗ੍ਰੇਜ਼ੀ ਫ਼ੈਸ਼ਨ ਵਰਤਨੇ ਨੇ। ਇੰਗਲੈਂਡ ਤੇ ਫ਼ਰਾਂਸ ਵਿਚ ਏਹਨਾਂ ਜਿੰਨੀ ਵਾਕਫ਼ੀ ਕਿਸੇ ਦੇਸੀ ਦੀ ਨਹੀਂ ਹੋਣੀ। ਜੇ ਉਹ ਵਲੈਤੀ ਰਾਗ ਤੇ ਪਿਆਨੋ ਦੇ ਜਾਣੂ ਨਾ ਹੋਣ ਤਾਂ ਹੋਰ ਕਿਸਨੇ ਹੋਣਾਂ ਏ ?

ਬਲਵੰਤ–ਮੈਂ ਅਵਾਜ਼ ਤੇ ਸੁਨਦੀ ਸਾਂ, ਪਰ ਪਿਆਨੋ ਵਿਚ ਰੁੱਝੀ, ਸਮਝ ਨਾ ਪਈ। ਉਹ ਕੀਕਣ ਆਏ ਸਨ; ਤੁਸੀਂ ਗਏ ਸਉ, ਦਸੋ ਕੀ ਗਲ ਬਾਤ ਹੋਈ ?

ਸਿੰਘ:––ਇਤਫ਼ਾਕ ਕਮੇਟੀ ਬਨਾਣ ਦੇ ਝਗੜੇ ਵਿਚ। ਬੜੀਆਂ ਗਲਾਂ ਹੋਈਆਂ, ਉਹਨਾਂ ਨੂੰ ਈ ਤੇ ਮੈਂ ਅਜੇ ਸੋਚਦਾ ਹਾਂ। ਪੰਡਤ ਤੇ ਲਾਲਾ ਜੀ ਦਾ ਖਿਆਲ ਹੈ ਕਿ ਸਾਨੂੰ ਅੰਗ੍ਰੇਜ਼ੀ ਚਮਕਦੇ ਫ਼ੈਸ਼ਨਾਂ ਦੇ ਪਿਛੇ ਅਜੇ ਨਹੀਂ ਪੈਣਾਂ ਚਾਹੀਦਾ। ਸਾਡਾ ਧਿਆਨ ਅਜੇ ਕੇਵਲ ਸ੍ਵਰਾਜ ਵਲ

ਹੋਣਾ ਚਾਹੀਏ।

ਮਿਸਜ਼ ਗਰੇ—ਸਚ ਹੈ, ਅੰਗ੍ਰੇਜ਼ੀ ਫ਼ੈਸ਼ਨ, ਚਮਕੀਲੇ ਰੰਗਾਂ ਵਾਲੇ ਹੈਨ। ਇਹ ਸੁਖ ਦੇ ਕਾਰਨ ਨਹੀਂ। ਪਰ ਏਹ ਸ੍ਵਰਾਜੀ ਸ੍ਵਰਾਜ ਲੈਕੇ ਕੀ ਕਰਸਨ ? ਅੰਗ੍ਰੇਜ਼ਾਂ ਬਿਨਾਂ ਏਹਨਾਂ ਦੀ ਸਹੈਤਾ ਕੌਣ ਕਰਸੀ ? ਮੁਸਲਮਾਨ ਪਠਾਣ ਜਾਂ ਜਾਪਾਨੀ ਆ ਦਬਾਉਨਗੇ। ਤਾਂ ਹਿੰਦੂ ਹੋਰ ਦੁਖ ਉਠਾਣਗੇ।

ਸਿੰਘ—ਸ੍ਵਰਾਜ ਦਾ ਮਤਲਬ ਇਹ ਨਹੀਂ, ਕਿ ਅੰਗ੍ਰੇਜ਼ਾਂ ਨਾਲ ਸਾਕ ਟੁਟ ਜਾਵੇਗਾ।

ਮਿਸਜ਼ ਗਰੇ:—ਤਾਂ ਹੋਰ ਕੀ ?

ਸਿੰਘ:—ਅਸੀਂ ਕੈਨੇਡਾ,ਆਸਟ੍ਰੇਲੀਆ ਵਾਂਗੂ ਆਜ਼ਾਦੀ ਚਾਹੁੰਦੇ ਹਾਂ। ਅੰਗ੍ਰੇਜ਼ੀ ਸਲਤਨਤ ਦਾ ਅਸਲੀ ਅੰਗ ਬਣਨਾ ਚਾਹੁੰਦੇ ਹਾਂ। ਹੁਣ ਸਾਰੇ ਸਾਨੂੰ ਗੁਲਾਮਾਂ ਵਾਂਗੂ ਜਾਣਦੇ ਨੇਂ। ਅਫ਼ਰੀਕਾ ਵਿਚ ਕੀ, ਅਮ੍ਰੀਕਾ ਵਿਚ ਕੀ, ਸਾਨੂੰ ਨੀਵਾਂ ਤੇ ਕਾਲਾ ਜਾਣ ਵੜਨ ਨਹੀਂ ਦਿੰਦੇ। ਹੋਰ ਅਨੇਕ ਔਖਿਆਈਆਂ ਨੇਂ। ਉਹਨਾਂ ਨੂੰ ਦੂਰ ਕਰਨਾ ਚਾਹੁੰਦੇ ਹਾਂ। ਆਜ਼ਾਦ ਹਿੰਦ, ਸਲਤਨਤ ਦੀ ਢੇਰ ਸੇਵਾ ਕਰ ਸਕਦਾ ਹੈ।

ਮਿਸਜ਼ ਗਰੇ—ਇਹ ਮੰਗ ਤੇ ਠੀਕ ਹੈ। ਪਰ ਵਲੈਤ ਵਿਚ ਭੁਲੇਖਾ ਇਹ ਪਿਆ ਹੈ, ਕਿ ਹਿੰਦੁਸਤਾਨ ਸਾਡੀ ਸਲਤਨਤ ਵਿਚੋਂ ਅਡ ਹੋਣਾ ਚਾਹੁੰਦਾ ਹੈ। ਬਾਗੀ ਹੋਣਾ ਚਾਹੁੰਦਾਹੈ।

ਸਿੰਘ:—ਕੂੜ।

ਮਿਸਜ਼ ਗਰੇ:—ਤਦ ਤੇ ਮੇਰਾ ਸਕ ਦੂਰ ਹੋਇਆ।

ਸਿੰਘ:—ਕ੍ਰਿਪਾ ਕਰਕੇ ਇਹ ਦਸੋ ਕਿ ਵਲੈਤੀ ਫ਼ੈਸ਼ਨ ਦੇ ਵਿਆਹ ਵਿਚ ਸੁਖ ਹੈ ਕਿ ਨਹੀਂ ?

ਮਿਸਜ਼ ਗਰੇ:—ਸੁਖ ਓਥੇ ਜਿਥੇ ਜੀ ਮਿਲੇ ਹੋਣ,ਤੇ ਵਿਆਹ ਕੇਵਲ ਬਾਹਰਲੇ ਰੰਗ ਤੇ ਸੁਹੱਪਣ ਨੂੰ ਵੇਖਕੇ ਨਾ ਹੋਯਾ ਹੋਵੇ।ਹੁਣ ਤੇ ਜੁਆਨ ਮੁਟਿਆਰਾਂ ਤੇ ਗਭਰੂ, ਸਿਰਫ ਰੂਪ, ਰੰਗ ਤੇ

ਫ਼ੈਸ਼ਨ ਤੇ ਮਰਦੇ ਨੇ। ਗਲ ਕੀ ਉਨ੍ਹਾਂ ਦਾ ਪਿਆਰ ਵੀ ਰੰਗ ਵਾਂਙੂ ਫਿਕਾ ਪੈ ਜਾਂਦਾ ਹੈ। ਵਰ੍ਹੇ ਦੇ ਵਿਚ ਵਿਚ ਈ ਕਲੇਸ਼ ਪੈਂਦਾ ਹੋ ਜਾਂਦਾ ਹੈ। ਮਰਦ ਕਿਧਰੇ, ਤੇ ਤੀਵੀਂ ਕਿਧਰੇ ਭਟਕਦੇ ਨੇ। ਅਸੂਲੋਂ ਢ ਹ, ਕਚੈਹਰੀ ਦਾ ਬੂਹਾ ਭੰਨਦੇ ਨੇ, ਗ੍ਰਹਿਸਤ ਦੇ ਖਿਆਲ ਨਾਲ ਭਾਰਤ ਦੀ ਰੀਤੀ ਚੰਗੀ ਹੈ। ਪਿਆਰ ਅਟੱਲ ਧਾਰਮਕ ਧਾਗੇ ਨਾਲ ਬੱਧਾ ਜਾਂਦਾ ਹੈ। ਇਸ ਵਿਚ ਕੁਝ ਕੁਝ ਬੁਰਿਆਈਆਂ ਵੀ ਹੈਣ।

ਬਲਵੰਤ--ਮੇਰਾ ਵੀ ਤੇ ਏਹੀ ਖਿਆਲ ਹੈ, ਕਿ ਸਾਡਾ ਪੁਰਾਤਨ ਤ੍ਰੀਕਾ ਚੰਗਾ ਹੈ। ਅਜ ਕਲ ਦੀ ਚਾਲ ਚੰਗੀ ਨਹੀਂ। ਪਰਦਾ ਨਾ ਹੋਵੇ, ਵਿਦਿਆ ਹੋਵੇ। ਕੁੜੀ ਮੁੰਡੇ ਵੇਖਕੇ ਵਿਆਹ ਕੀਤਾ ਕਰਨ। ਸਭ ਅੰਗਾਂ ਦੀ ਪੜਤਾਲ ਕਰਕੇ। ਪਰ ਜ਼ਾਤ ਪਾਤ ਦਾ ਵਿਚ ਦਖ਼ਲ ਨਾ ਹੋਵੇ।

ਸਿੰਘ:--- ਏਹ ਖਿਆਲ ਤੇ ਪਛਮ ਵਿਚ ਵੀ ਹੋਗਿਆ। ਜਿਸਨੂੰ "Eugenics" ਆਖਦੇ ਨੇ; ਜਿਸਮਾਨੀ ਤੇ ਮਾਨਸਕ ਹਾਲਤਾਂ ਵੇਖਕੇ ਵਿਆਹ ਕਰਨਾ ਚਾਹੀਏ।

ਮਿਸਜ਼ ਗਰੇ --ਏਹ ਤੇ ਕੋਈ ਕੋਈ ਕਰਦਾ ਹੈ। ਬਾਕੀ ਤੇ ਸਭ ਰੰਗ ਤੇ ਫ਼ੈਸ਼ਨ ਦੇ ਨਸ਼ੇ ਵਿਚ ਮਸਤ, ਫਸ ਜਾਂਦੇ ਨੇ, ਪਿਛੋਂ ਪਛਤਾਂਦੇ ਨੇ। ਇਸੇ ਦੁਖ ਕਰਕੇ ਅਮ੍ਰੀਕਾ ਤੇ ਯੂਰਪ ਵਿਚ, ਵਿਆਹ ਦੀ ਰਸਮ ਹੀ ਹਟਾਣ ਨੂੰ ਫਿਰਦੇ ਨੇ। ਸਾਰੇ ਏਹੀ ਰੌਲਾ ਹੈ,ਕਿ ਵਿਆਹ ਦੇ ਬੰਧਨ ਦੂਰ। ਤੀਵੀਂ ਮਰਦ ਅਪਨੀ ਮਰਜ਼ੀ ਅਨੁਸਾਰ ਥੋੜੇ ਚਿਰ ਲਈ ਸਾਕ ਕਰ ਲਿਆ ਕਰਨ। ਫੇਰ ਛਡ ਦਿਤਾ।

ਬਲਵੰਤ -- ਹੈਰਾਨ ! ਤਾਂ ਤੇ ਗ੍ਰਹਿਸਤ ਆਸ਼ਰਮ ਗਿਆ। ਮੁਤਾਜ ਹੋਗਿਆ।

ਸਿੰਘ:----(ਸੋਚਾਂ ਵਿਚ)ਏਹ ਤੇ ਜ਼ਰੂਰੀ ਹੈ ਕਿ ਨਵੀਂ ਤੈਹਜ਼ੀਬ, ਪੁਰਾਨਾ ਕਾਰਖਾਨਾ ਬਦਲੇ। ਨਵੇਂ ਖਿਆਲ ਆਉਣ।

ਬਲਵੰਤ --ਪਰ ਸਾਨੂੰ ਨਵੀਂ ਵਸਤ ਛਾਂਟਕੇ ਜਾਚਕੇ ਗ੍ਰਹਿਣਕਰਨੀ

ਚਾਹੀਦੀ ਏ।

ਮਿਸਜ਼ ਗਰੇ:-ਇਹ ਜ਼ਰੂਰੀ ਹੈ। ਸਾਰੀਆਂ ਪਛਮੀ ਸੋਸ਼ਲ ਰਸਮਾਂ ਠੀਕ ਨਹੀਂ।

[ਚਪਰਾਸੀ ਕਾਰਡ-ਤਸ਼ਤਰੀ ਲਈ ਆਉਂਦਾ ਏ।

ਸਿੰਘ —(ਕਾਰਡ ਵੇਖਕੇ) ਆਉਣ।

(ਬੈਹਰਾ ਜਾਂਦਾ ਹੈ। ਪੰਡਿਤ ਕਿਚਲੂ ਤੇ ਮਿਸ ਦਰ ਆਉਂਦੇ ਨੇ।)

[ਸਿੰਘ ਉਠਕੇ ਆਦਰ ਕਰ ਅੰਦਰ ਲਿਆਉਂਦਾ ਹੈ। ਬਲਵੰਤ ਕੌਰ ਉਠਕੇ ਮਿਸ ਦਰ ਤੇ ਪੰਡਤ ਨਾਲ ਹਥ ਮਿਲਾਂਦੀ ਹੈ। ਤੇ ਫੇਰ ਦੋਹਾਂ ਦੀ ਮਿਸਜ਼ ਗਰੇ ਨਾਲ ਜਾਣ-ਪਛਾਣ ਕਰਾਂਦੀ ਹੈ। ਕੋਚਾਂ ਤੇ ਬਿਠਾਂਦੀ ਹੈ]

ਪੰਡਤ ਕਿਚਲੂ —ਅੱਜ ਤੇ ਰੌਣਕ ਹੈ।

ਸਿੰਘ:—ਤੁਹਾਡੇ ਆਇਆਂ।

ਮਿਸਜ਼ ਗਰੇ:—(ਘੜੀ ਵੇਖਕੇ) ਮੈਨੂੰ ਹੁਣ ਛੁਟੀ ਬਖਸ਼ੋ।

ਬਲਵੰਤ:—ਮਾਫ਼ ਰਖਣਾ ਤੁਹਾਨੂੰ ਅੱਜ ਦੇਰ ਹੋ ਗਈ।

(ਸਿੰਘ ਉਠਕੇ ਵਿਦਾ ਕਰਦਾ ਹੈ, ਕਿਚਲੂ ਵੀ ਆਪਨੀ ਥਾਂ ਤੋਂ ਰਤੀ ਉਠਦਾ ਏ ਆਦਰ ਲਈ। ਮਿਸਜ਼ ਗਰੇ ਸਿਰ ਨਿਵਾ ਜਾਂਦੀ ਏ)

ਅੱਜ ਤੇ ਮੇਰਾ ਜੀ ਬੜਾ ਖੁਸ਼ ਹੈ। ਭੈਣ ਜੀ ਆਏ।

ਨੋਟ:—ਮਿਸ ਦਰ(ਰਾਜਦੁਲਾਰੀ) ਬਲਵੰਤ ਕੌਰ ਦੀ ਹਾਣ ਤੇ ਉਸ ਦੀ ਜਮਾਤਨ ਹੈ। ਬੀ. ਏ. ਪਾਸ,ਰੰਗ ਮੇਮਾਂ ਨਾਲੋਂ ਵਧ ਗੋਰਾ। ਸੁਹੱਪਣ ਵਿਚ ਸਭ ਤੋਂ ਚੜ੍ਹਕੇ। ਗੁਲਾਬੀ ਸਾੜ੍ਹੀ ਵਿਚ ਬੜੀ ਸੋਹਣੀ ਲਗਦੀ ਏ। ਇਸ ਦਾ ਪਿਤਾ ਪੰਡਤ ਇਕਬਾਲ ਨਰੈਣ ਦਰ ਵਕੀਲ ਸੀ, ਛੋਟੇ ਹੁੰਦੇ ਦੀ ਸੁਰਗਵਾਸ ਹੋ ਗਿਆ। ਇਸ ਦੀ ਪਾਲਨਾਂ ਤੇ ਵਿਦਿਆ ਰਾਏ ਬਹਾਦਰ ਪੰਡਤ ਪ੍ਰਾਨ ਨਾਥ ਜੱਜ ਦੀ ਨਜ਼ਰ ਹੇਠਾਂ ਹੋਈ। ਰਾਏ ਬਹਾਦਰ ਮਜ਼ਬੀ ਤੇ ਮੁਲਕੀ ਖਿਆਲਾਤ ਵਿਚ ਅਜ਼ਾਦ ਹੋਨ। ਇਸੇ ਕਰਕੇ ਨੌਕਰੀ ਵਿਚ ਅਫ਼ਸਰਾਂ ਨਾਲ ਬਣੀ ਨਹੀਂ। ਆਪਣੀ ਧੁਨ ਦੇ ਪੱਕੇ। ਕਿਸੇ ਦੀ ਸੁਣਦੇ ਨਹੀਂ। ਸੋਸ਼ਲ ਅਜ਼ਾਦੀ ਦੇ ਮੁਢ ਤੋਂ ਈ ਹਾਮੀ। ਆਪਨੀ ਕੋਈ ਧੀ ਨਹੀਂ ਸੀ। ਇਸ ਕੁੜੀ ਰਾਜ-ਦੁਲਾਰੀ ਨੂੰ ਧੀ ਕਰਕੇ ਪਾਲਿਆ)

ਰਾਜ ਦੁਲਾਰੀ:—(ਹੱਸਕੇ) ਤੁਹਾਨੂੰ ਮਿਲਕੇ ਮੇਰੇ ਮਨ ਦਾ ਕੰਵਲ ਖਿੜ ਗਿਆ।

ਬਲਵੰਤ:-ਤੇਰਾ ਚੰਨ ਜਿਹਾ ਮੁਖੜਾ ਵੇਖ ਮੇਰੇ ਮਨ ਦਾ ਚਕੋਰ ਮਸਤ ਹੋ ਗਿਆ।

ਸਿੰਘ:-ਇਥੇ ਤੇ ਕਵਿਤਾ ਦਾ ਰੰਗ ਬੱਝਨ ਲੱਗਾ ਹੈ।

ਬਲਵੰਤ:-ਤੁਹਾਨੂੰ ਪਤਾ ਨਹੀਂ ਮੇਰੀ ਭੈਣ ਕਵੀ ਵੀ ਹੈ! ਡਰਾਮਾ-ਟਿਸਟ ਤੇ ਐਕਟ੍ਰਿਸ, ਸਭ ਗੁਣਾਂ ਤੋਂ ਭਰਪੂਰ। ਇਸ ਦੇ 'Acting' ਸ੍ਵਾਂਗ ਭਰਨ ਦੀ ਤੇ ਲਾਹੌਰ ਵਿਚ ਧੁੰਮ ਹੈ। ਤੁਸੀਂ ਕਦੀ ਕਾਲਜ ਦਾ ਨਾਟਕ ਵੇਖਿਆ ਨਹੀਂ ਨਾਂ।

ਰਾਜ:-ਇਹ ਝੂਠੀ ਵਡਿਆਈ। ਬਲਵੰਤ ਦਾ ਐਕਟਿੰਗ ਤੇ ਮੇਰੀ ਪਿਕਫੋਰਡ "Mary Pickford" ਨੂੰ ਮਾਤ ਕਰਦਾ ਹੈ। ਹਸਾ ਹਸਾ ਢਿੱਡੀਂ ਪੀੜਾਂ ਪਾਂਦੀ ਹੈ।

ਪੰਡਤ:-ਛਡੋ, ਕੀ ਗੱਲਾਂ ਲੈ ਬੈਠੀਆਂ ਓ। ਕਾਲਜ ਦੀਆਂ ਕਾਲਜ ਰਹੀਆਂ।

ਸਿੰਘ:-ਮੈਨੂੰ ਤੇ ਇਹਨਾਂ ਗੱਲਾਂ ਵਿਚ ਬੜਾ ਸੁਆਦ ਆਉਂਦਾ ਹੈ। ਹਾਂ, ਪਰ ਤੈਨੂੰ ਕਾਲਜ ਛਡਿਆਂ ਚਿਰ ਹੋਇਆ। ਬੈਹਰਾ! (ਬੈਹਰਾ ਆਉਂਦਾ ਹੈ)
ਜਾਓ, ਚਾਇ ਇਸ ਜਗ੍ਹਾ ਲਗਾਓ।

[ਬੈਹਰਾ ਜਾਂਦਾ ਹੈ

ਕਿਚਲੂ:-ਅੱਜ ਪੰਡਤ ਰੈਨਾਂ ਜੀ ਚਕਰ ਚੜ੍ਹੇ ਹੋਏ ਸਨ।

ਸਿੰਘ:-ਏਥੇ ਵੀ ਆਏ ਸਨ, ਦਸ ਹਜ਼ਾਰ ਲੈ ਗਏ ਨੇਂ।

ਰਾਜ ਦੁਲਾਰੀ:-ਕੀ ਤੁਸੀਂ ਮਿਲੇ ਸਉ ?

ਸਿੰਘ:-ਹਾਂ ਮੈਂ ਤੇ ਮਿਲਿਆਂ।

ਬਲਵੰਤ:-ਮੈਨੂੰ ਪਤਾ ਨਾ ਲਗਾ, ਨਹੀਂ ਤੇ ਮੈਂ ਵੀ ਮਿਲਦੀ। ਭਰਾ ਹੋਰਾਂ ਨੂੰ ਬੜੀ ਚੰਗੀ ਸਿਖਿਆ ਦੇ ਗਏ ਨੇਂ।

ਰਾਜ:-(ਸਿੰਘ ਵਲ) ਦਸੋ ਖਾਂ ਕੀ?

ਸਿੰਘ:-ਕੀ? ਕੀ ਦਸਾਂ ਕੀ? ਸੌ ਚੂਹਾ ਖਾ ਕੇ ਬਿਲੀ ਹਜ ਨੂੰ ਚਲੀ। ਆਪਣੇ ਵੇਲੇ ਪੂਰੇ ਯੂਰਪੀਨ ਬਣੇ ਰਹੇ। ਹੁਣ ਨਿੰਦਨ ਲਗ ਪਏ।

ਕਿਚਲੂ:-ਸੋਹਬਤ ਦਾ ਅਸਰ।

ਰਾਜ:–ਮਹਾਤਮਾ ਜੀ ਦੀ ਕਰਾਮਾਤ। ਕਿ ਪਰਪੱਕ ਪਛਮੀ ਫ਼ੈਸ਼ਨ ਦੇ ਪੁਤਲਿਆਂ ਨੂੰ ਖੱਦਰ ਚਾ ਪਵਾਇਆ।

ਬਲਵੰਤ:-.ਰਾਜ ਛਡ ਫਕੀਰੀ ਮਲੀ, ਦੇਸ ਖਾਤਰ! ਧਨ ਹੈ ਉਹ ਮਨੁੱਖ! ਅਸੀਂ ਐਸ਼ਾਂ ਤੇ ਸੁਸੈਟੀ ਦੇ ਸੁਖ ਭੋਗਦੇ ਹਾਂ, ਤੇ ਉਹ ਕਸ਼ਟ ਸਹਾਰਦੇ। ਕਿਸ ਖਾਤਰ। ਸਾਡੀ?

ਸਿੰਘ:--(ਹੱਸਕੇ) ਲੀਡਰੀ ਦੀ।

ਬਲਵੰਤ:--ਕੂੜ! ਦੇਸ਼ ਭਗਤੀ, ਦੇਸ਼ ਸੇਵਾ ਦੀ।

ਸਿੰਘ:-.ਭੈਣ ਜੀ ਤੁਸੀਂ ਕੀ ਜਾਣੋਂ।ਲੀਡਰੀ ਦੇ ਬੜੇ ਸਵਾਦ ਨੇਂ ਇਹ ਵੀ ਰਾਜ ਵਾਕੂੰ ਛਡਨ ਤੇ ਜੀ ਨਹੀਂ ਚਾਹੁੰਦਾ। ਇਸੇ ਲੀਡਰੀ ਦੇ ਦੁਮਛੜੇ ਨੇ ਸਾਡੇ ਦੇਸ ਵਿਚ ਫ਼ਸਾਦ ਪਵਾਇਆ।

ਬਲਵੰਤ:–ਅਕ੍ਰਿਤ-ਘਣਤਾ।

ਸਿੰਘ:–ਤੂੰ ਉਲਟ ਸਮਝੀ, ਮੈਂ ਮਹਾਤਮਾ ਜੀ, ਪੰਡਤ ਜੀ, ਮਾਲਵੀ ਜੀ,ਹਕੀਮ ਜੀ ਜਾਂ ਬਾਬੇ ਜੀ ਵਰਗੇ ਲੀਡਰਾਂ ਬਾਬਤ ਨਹੀਂ ਆਖਦਾ। ਉਹ ਤੇ ਹੈਨ ਸੇਵਕ, ਸੇਵਾ ਉਹਨਾਂ ਦਾ ਧਰਮ। ਮੇਰਾ ਮਤਲਬ ਉਨ੍ਹਾਂ ਲੋਕਾਂ ਤੋਂ ਹੈ, ਜਿਹੜੇ ਲੀਡਰੀ ਦੀ ਕੰਧ ਦੇ ਓਹਲੇ ਲੋਕਾਂ ਨੂੰ ਲੁਟਦੇ ਹੈਨ। ਹਿੰਦੂ ਮੁਸਲਮਾਨਾਂ ਦੇ ਫ਼ਸਾਦ ਦੇ ਜ਼ਿਮੇਵਾਰ ਅਜਿਹੇ ਲੀਡਰ ਈ ਹੈਨ।

ਰਾਜ:–ਛਡੋ ਇਹ ਬਹਿਸ। ਦਸੋ, ਪੰਡਤ ਜੀ ਨੇ ਸਿਖਿਆ ਕੀ ਦਿਤੀ?

ਸਿੰਘ:-.ਫ਼ੈਸ਼ਨ ਦੇ ਬਰਖਿਲਾਫ਼।

ਰਾਜ:-.ਨਹੀਂ ਕੁਝ ਹੋਰ ਵੀ ਕਿਹਾ ਹੋਸੀ, ਮੈਂ ਉਹਨਾਂ ਨੂੰ ਜਾਣਨੀ ਹਾਂ।

ਬਲਵੰਤ:--ਵੀਰ ਜੀ ਦਸਦੇ ਨਹੀਂ। ਕਿਉਂ? ਇਨ੍ਹਾਂ ਦੇ ਮਤਲਬ ਦੀ ਨਹੀਂ? ਪੰਡਤ ਜੀ ਤੇ ਲਾਲਾ ਜੀ ਨੇਂ ਇਹ ਕਹਿਆ ਕਿ ਸੁਸੈਟੀ, ਕਲੱਬ-ਜੀਵਨ ਤੇ ਪਛਮੀ ਫ਼ੈਸ਼ਨ ਬੇਸ਼ਕ ਕਰੋ, ਪਰ ਪਹਿਲੋਂ ਸੁਤੰਤ੍ਰ ਹੋ ਲਵੋ। ਗੁਲਾਮ

ਕੌਮਾਂ ਲਈ ਪਹਿਲੇ ਆਪਣੀ ਉੱਨਤੀ ਜ਼ਰੂਰੀ ਹੈ। ਗਰੀਬਾਂ ਨੂੰ ਉੱਚਾ ਕਰੋ। ਧਨ,ਐਸ਼ ਤੇ ਸ਼ਾਨ ਵਿਚ ਨਾ ਗਵਾਵੋ। ਹੋਰਨਾਂ ਮੁਲਕਾਂ ਦੇ ਘਰ ਨਾ ਭਰੋ । ਜਦ ਸੁਤੰਤ੍ਰ ਹੋਵੋ ਫੇਰ ਜੋ ਮਰਜ਼ੀ ਏ ਕਰੋ।

ਰਾਜ:–ਤੇ ਇਸ ਵਿਚ ਬੁਰਾ ਕੀ ?

ਕਿਹਲੂ–ਕੁਝ ਨਹੀਂ। ਕਲੱਬ ਬੰਦ ਕਰਾਵੋ। 'ਨਾਚ' ਬਾਲ ਬਸ !

ਕਿਚਲੂ:–ਅਪਨੀ ੨ ਸਮਝ ਏ ਨਾਂ। ਯੂਰਪ ਤੇ ਅਮ੍ਰੀਕਾ ਵਿਚ ਤੀਵੀਂ-ਮਰਦ ਦੇ ਸਬੰਧ ਉਤੇ ਸਿਆਣਿਆਂ ਨੇ ਨਵੀਂ ਰੌਸ਼ਨੀ ਪਾਈ ਹੈ।ਹੁਣ ਉਹ ਪੁਰਾਣੇ ਢਕੌਂਸਲੇ ਤੇ ਨਿਰਾ ਵਿਸ਼ਵਾਸ ਵਾਲਾ ਸਬੰਧ ਠੀਕ ਨਹੀਂ ਜਾਪਦਾ। ਜਦ ਇਸਤ੍ਰੀ,ਰਚਨਾਂ ਵਿਚ ਮਨੁੱਖ ਦੇ ਬਰਾਬਰ ਹਿੱਸਾ ਲੈਣ ਲਈ ਲੋਚਦੀ ਹੈ, ਤਾਂ ਜ਼ਰੂਰੀ ਹੈ ਕਿ ਮਨੁੱਖ ਦੀਆਂ ਔਕੜਾਂ ਵੀ ਸਵ੍ਹੇ। ਕੰਮ ਕਰੇ ਕਮਾਵੇ । ਅੱਗੇ ਸੀ ਇਕ ਕਮਾਵੇ ਤੇ ਟਬਰ ਖਾਵੇ । ਪਰ ਹੁਣ ਜਦ ਕਿ ਮਹਿੰਗ ਈ ਦੀ ਹਦ ਹੋ ਗਈ, ਵਸੋਂ ਵਧਦੀ ਗਈ ਤਾਂ ਹਰ ਇਕ ਨੂੰ ਪੇਟ-ਪੂਰਣਾਂ ਲਈ ਕੰਮ ਕਰਨਾਂ ਪੈਂਦਾ ਹੈ। ਇਸ ਇਸਤ੍ਰੀ ਜਾਤੀ ਦੇ ਸਵਾਲ ਨੂੰ ਹੁਣ ਅਸੀਂ ਪੁਰਾਣੀ ਨਜ਼ਰ ਨਾਲ ਨਹੀਂ ਵੇਖ ਸਕਦੇ।

ਬਲਵੰਤ–ਠੀਕ ਤੇ ਹੈ। ਪਰ ਸਾਡੇ ਪੂਰਬੀ ਦੇਸ਼ਾਂ ਦੀ ਰਹਿਣੀ ਬਹਿਣੀ ਅਜੇ ਪੱਛਮ ਵਾਂਗੂੰ ਨਹੀਂ ਹੋਈ । ਸਾਰੇ ਖਰਚ ਦੇ ਵਾਧੇ, ਫ਼ੈਸ਼ਨ ਕਰਦੇ ਹੈਨ। ਪਹਿਲੇ ਇਕ ਆਦਤ ਪਾਈ ਫਿਰ ਉਸ ਦੇ ਪੂਰਾ ਕਰਨ ਲਈ ਧਨ ਦੀ ਲੋੜ ਹੋਈ। ਭਲਾ ਦਸੋ ਖਾਂ, ਰਤੀ ਆਪ ਈ ਵਿਚਾਰ ਕਰ ਲਵੋ ਕਿ ਪਛਮੀ ਫ਼ੈਸ਼ਨ ਤੇ ਰਹਿਣੀ-ਬਹਿਣੀ ਦੀਆਂ ਕਿੰਨੀਆਂ ਕੁ ਵਸਤਾਂ ਹੈਨ ਜੋ ਇਕ ਸੁੱਚੇ ਜੀਵਨ ਲਈ ਜ਼ਰੂਰੀ ਹੈਨ। ਜੇ ਇਹ ਫ਼ੈਸ਼ਨਦਾਰ ਚਮਕੀਲੀਆਂ ਰਸਮਾਂ ਅਸੀਂ ਆਪਣੇ ਵਿਚ ਨਾਂ ਲਿਆਈਏ ਤਾਂ ਸਾਨੂੰ ਹੋਰ ਅਡੰਬਰ ਦੀ ਕੀ ਲੋੜ !

ਕਿਚਲੂ:--ਗਲ ਤੇ ਹੈ ਠੀਕ। ਪਰ ਹੁਣ ਤੇ ਮੋਟਰ ਰੇਲ, ਹਵਾਈ ਜਹਾਜ਼ਾਂ, ਤਾਰ, ਬੇਤਾਰ ਨੇ ਪੈਂਡੇ ਦਾ ਨਾਸ ਕਰ ਦਿਤਾ। ਹੁਣ ਕੋਈ ਦੇਸ਼ ਆਪਣੇ ਆਪ ਨੂੰ ਹੋਰ ਦੇਸਾਂ ਦੀ ਛੋ ਤੋਂ ਬਚਾ ਨਹੀਂ ਸਕਦਾ। ਹੁਣ ਤੇ ਸਾਰੀ ਦੁਨੀਆਂ ਇਕ ਟਬਰ ਵਾਂਗੂ ਹੋ ਜਾਣੀ ਏ।

ਰਾਜ -ਪਰ ਮੈਨੂੰ ਤੇ ਸੁਫਨਾਂ ਈ ਜਾਪਦਾ ਹੈ। ਨਾ ਟਬਰ ਵਾਲਾ ਪਿਆਰ, ਨਾ ਇਕੱਠ। ਇਕ ਕੌਮ ਦੂਈ ਦੀ ਵੈਰੀ।

ਮਿਸ਼:-ਨਹੀਂ ਕਿਚਲੂ ਜੀ ਦਾ ਮਤਲਬ ਰਹਿਣੀ-ਬਹਿਣੀ ਦਾ ਹੈ। ਵੇਖੋ ਸਾਰਾ ਯੂਰਪ, ਅਮ੍ਰੀਕਾ ਇਕੋ ਜਿਹੇ ਹੋ ਗਏ। ਇਸ ਵਿਚ ਡਰ ਵੀ ਕੀ ਹੈ। ਜਦ ਸਾਰੇ ਦੇਸਾਂ ਦੀ ਰਹਿਣੀ-ਬਹਿਣੀ ਇਕ ਹੋ ਗਈ, ਛੋ ਉਡ ਗਈ ਤਾਂ ਦੂਰ ਦੂਰ ਦੇ ਸਫਰ ਵਿਚ ਕਿਸੇ ਨੂੰ ਤਕਲੀਫ ਨਾ ਹੋਸੀ। ਸਭ ਥਾਂ ਘਰ ਵਾਂਗ ਭਾਵਸੀ।

ਬਲਵੰਤ ---ਮੇਰਾ ਮਤਲਬ ਇਹ ਹੈ ਕਿ ਜੇ ਪੂਰਬੀ ਦੇਸ ਵੀ ਆਪਣੀ ਤਹਿਜ਼ੀਬ ਵਖਰੀ ਈ ਰਖਨ, ਤਾਂ ਕੀ ਡਰ ਹੈ। ਪਰ ਜੇ ਉੱਚ ਜੀਵਨ ਹੋਵੇ ਤਾਂ ਦੁਨੀਆਂ ਕਦਰ ਕਰੇ। ਸਾਧਾਰਨ ਜੀਵਨ ਈ ਉੱਚੀ ਸੋਚ ਪੈਦਾ ਕਰਦਾ ਹੈ। ਸਾਨੂੰ ਪਛਮੀਆਂ ਦੇ ਗੁਣ ਲੈਣੇ ਚਾਹੀਏ, ਜੀਕਣ ਜਥੇਬੰਦੀ, ਵਕਤ ਦੀ ਪਾਬੰਦੀ, ਨਿਯਮ ਅਨੁਸਾਰ ਚਲਨਾ। ਇਹ ਗੱਲਾਂ ਪਛਮ ਤੋਂ ਲਵੋ।

ਕਿਚਲੂ:-ਤੁਸੀਂ ਗੱਲਾਂ ਤੇ ਸਭ ਠੀਕ ਕਰਦੀਆਂ ਓ,ਪਰ ਤੁਹਾਡੇ ਫ਼ੈਸ਼ਨ ਘਟ ਨੇਂ ?

ਬਲਵੰਤ:-ਠੀਕ,ਇਹ ਬੁਰਿਆਈ ਵੀ ਵੇਖਾ-ਵੇਖੀ ਆਈ। ਸਾਡਾ ਕਸੂਰ। ਜੇ ਸਾਡੇ ਦੇਸ ਵਿਚ ਵੀ ਕੋਈ ਕਮਾਲਪਾਸ਼ਾ ਜੰਮੇਂ, ਹੁਕਮ ਕਰੇ, ਬਸ ਕੀਮਤੀ ਪੋਸ਼ਾਕਾਂ ਬੰਦ, ਇਕ ਵਰਦੀ ਮੁਕਰਰ ਹੋ ਜਾਏ, ਸਸਤਾ ਕਪੜਾ ਚਾਹੇ ਖਦਰ ਚਾਹੇ ਕੁਝ ਹੋਰ, ਤਾਂ ਊਚ ਨੀਚ ਦੀ ਰੀਸ ਬੰਦ ਹੋਵੇ। ਖਰਚ ਘਟ ਜਾਨ। ਸਭ ਸੁਖੀ ਵਸਣ।

ਸਿੰਘ:----ਖਿਆਲ ਤੇ ਠੀਕ ਹੈ . ਫੇਰ ਸਤਿਜੁਗ ਆ ਜਾਏ। ਪਰ ਹੁਣ ਮੁਸ਼ਕਲ। ਬੁਢੀ ਹੁਣ ਦੇਰ ਤ੍ਰੱਕੀ ਕਰ ਚੁਕੀ ਹੈ,ਹੁਣ ਤੇ(Modern Girl) ਨਵੀਂ ਇਸਤ੍ਰੀ ਦਾ ਪ੍ਰਭਾਵ ਹੈ। ਪਛਮੋਂ ਤੁਰ ਪੂਰਬ,ਸਵਾਰੀ ਆਈ ਕਿ ਆਈ।

ਰਾਜ:---- ਜਦ ਮਰਦਾਂ ਦਾ ਇਹ ਖ਼ਿਆਲ ਤਾਂ ਸਾਡੀ ਕੀ ਵਟੀ ਜਾਣੀ ਏ। ਜੋ ਖੇਹ ਓਥੇ ਉਡਦੀ ਹੈ ਇਥੇ ਵੀ ਉਡੂ। ਰਤੀ ਸੋਚੋ ਤੇ ਸਹੀ. ਸਾਡੇ ਦੇਸ ਵਿਚ ਪਛਮੀ ਵਰਤੋਂ ਦੀ ਕੀ ਲੋੜ? ਓਥੇ ਤੇ ਇਸਤ੍ਰੀਆਂ ਨੂੰ ਪੇਟ ਪਾਲਣ ਲਈ ਮਰਦਾਂ ਦਾ ਟਾਕਰਾ ਕਰਨਾ ਪੈਂਦਾ ਹੈ, ਇਸ ਕਰਕੇ ਹਰ ਇਸਤ੍ਰੀ,ਮਰਦ ਈ ਬਣਨਾ ਚਾਹੁੰਦੀ ਹੈ। ਜੇਹੜੀਆਂ ਬਿਨ ਪਤੀ ਦੇ ਆਜ਼ਾਦੀ ਭੋਗਦੀਆਂ ਨੇਂ, ਉਨ੍ਹਾਂ ਨੂੰ ਵੇਖੋ ਵੇਖੀ ਹੋਰ ਵੀ ਉਹੀ ਆਜ਼ਾਦੀ ਚਾਹੁੰਦੀਆਂ ਨੇ। ਪਰ ਸਾਡੇ ਤੇ ਇਹ ਸਵਾਲ ਨਹੀਂ, ਤੇ ਰੱਬ ਨਾ ਕਰੇ ਕਦੀ ਆਵੇ।

ਸਿੰਘ:---ਠੀਕ ਇਥੇ ਤੇ ਮਰਦਾਂ ਨੂੰ ਇਸਤ੍ਰੀ ਨਸੀਬ ਨਹੀਂ ਹੁੰਦੀ, ਜੇ ਵਿਆਹੇ ਜਾਨ ਤਾਂ ਵਡਭਾਗੀ ਸਦਾਣ, ਸਾਰੇ ਇਸਤ੍ਰੀ ਨੂੰ ਰਾਜ ਤੇ ਬਹਾਲਨ ਦੀ ਕੋਸ਼ਸ਼ ਕਰਦੇ ਨੇਂ। ਆਪਣੇ ੨ ਵਿਤ ਮੂਜਬ।

ਬਲਵੰਤ:--ਵੀਰ ਜੀ ਤੁਸੀਂ ਸਚ ਆਖਦੇ ਓ। ਵਲੈਤ ਵਿਚ ਤੇ ਤ੍ਰੀਮਤਾਂ ਦਾ ਮੁਕਾਬਲਾ ਹੋਇਆ ਮਰਦਾਂ ਨਾਲ। ਤਦੇ ਸਿਰਮੁੰਨੀਆਂ ਬਣੀਆਂ।ਮਰਦਾਂ ਵਾਂਗੂੰ ਵਾਲ ਕਟਾਏ,ਕਪੜੇ ਦੀ ਸੰਗੁਚ ਐਨੀ ਕਿ ਨੰਗੇਜ ਤਕ ਕਜਨਾ ਮੁਸ਼ਕਲ। ਓਧਰ ਮਰਦਾਂ ਨੇ ਦਾੜ੍ਹੀ ਮੁਛ ਮੁਨਾ ਤ੍ਰੀਮਤਾਂ ਵਾਂਗੂ ਚਿਹਰਾ ਬਨਾਇਆ,ਕੁਦਰਤ ਦਾ ਰੰਗ ਵਟਾਇਆ। ਦਸੋ ਇਹ ਤੇ ਹੈ ਪਛਮੀ ਸਭਤਾ, ਜੇਹੜੀ ਸਾਡੇ ਵੀ ਆ ਵੜੀ। ਇਥੇ ਵੀ ਸ਼ਿੰਗਲ ਸ਼ੁਰੂ ਹੋਇਆ। ਵੇਖਿਆ ਈ ਜੇ ਨਾਂ ਫ਼ੈਸ਼ਨ ਦੀ ਪੁਤਲੀ ਨੂੰ।

ਕਿਰਲੂ:-ਗਲ ਤੇ ਸਚ ਕਹੀ। ਮਰਦਾਂ ਦੀ ਖਾਹਸ਼ ਤੀਵੀਂ ਜਿਹਾ ਸੁਹੱਪਨ ਲੈਣ ਦੀ ਏ। ਤੇ ਤੀਵੀਂ ਦੀ ਚਾਹ ਮਰਦ

ਵਾਂਗੂੰ ਦੋਵਨ ਭਜਨ ਦੀ। ਤਦੇ ਤੇ ਹੁਣ ਪਛਾਣ ਵਿਚ ਟਪਲਾ ਲਗਦਾ ਹੈ।

ਰਾਜ:--ਤਦੇ ਤੇ ਨਵੇਂ ਪਦ 'ਹੀ ਮੈਨ' (He man) ਤੇ 'ਸ਼ੀ ਮੈਨ' (She man) ਵਰਤੋਂ ਵਿਚ ਆਏ।

ਬਲਵੰਤ:--ਤੁਸੀਂ ਅੰਗਰੇਜ਼ੀ ਮੈਗਜ਼ੀਨਾਂ ਪੜ੍ਹਦੇ ਈ ਓ। ਇਸ ਨਵੇਂ ਫ਼ੈਸ਼ਨ ਨੂੰ ਕੋਈ ਮਰਦ ਪਸੰਦ ਤੇ ਨਹੀਂ ਕਰਦੇ।

ਸਿੰਘ:--ਮਰਦਾਂ ਦੀ ਕੀ ਵਟੀ ਦੀ ਏ, ਲੋਕਾ-ਸ਼ਾਹੀ ਹੋਈ। ਤ੍ਰੀਮਤਾਂ ਨੂੰ ਮਰਦਾਂ ਵਾਂਗੂੰ ਰਾਜਸੀ ਹਕ ਹਾਸਲ। ਜਿਨ੍ਹਾਂ ਦੀ ਵੋਟ ਵੱਧ ਉਨ੍ਹਾਂ ਦਾ ਰਾਜ। ਰਤੀ ਅੱਗੇ ੨ ਵੇਖੋ ਕੀ ਹੁੰਦਾ ਏ।

ਕਿਰਲੂ:--(ਰਾਜ ਵਲ) ਤੁਸਾਂ ਤੇ ਗੁਟਕੋ। ਤੁਹਾਡਾ ਰਾਜ ਆਉਣ ਵਾਲਾ ਹੈ।

ਬਲਵੰਤ:--ਨਾ ਵੀਰ ਜੀ, ਇਹ ਰਾਜ ਯੂਰਪ ਤੇ ਅਮ੍ਰੀਕਾ ਨੂੰ ਈ ਰਬ ਬਖਸ਼ੇ।

ਕਿਰਲੂ:--ਪਰ ਇਹ ਤੁਹਾਡੇ ਵਸ ਦੀ ਗਲ ਥੋੜੀ ਏ।

ਰਾਜ:--ਡਰ ਇਹ ਹੈ, ਕਿ ਕਿਧਰੇ ਅਮ੍ਰੀਕਾ ਦੇ ਜੱਜ ਮੈਡਮੈਨ ਦੇ ਮਸਲੇ ਦਾ ਪ੍ਰਚਾਰ ਨਾ ਸ਼ੁਰੂ ਹੋ ਜਾਵੇ, ਕਿ ਵਿਆਹ ਦੀ ਲੋੜ ਨਹੀਂ। ਮੁੜ ਪਸ਼ੂ ਬਣ ਜਾਵੇ।

ਬਲਵੰਤ:--ਵਾਹਿਗੁਰੂ! ਵਾਹਿਗੁਰੂ!! ਸਚ ਮੁਚ ਇਨ੍ਹਾਂ ਪਛਮੀਆਂ ਦੀ ਮਤ ਮਾਰੀ ਗਈ ਹੈ!

ਕਿਰਲੂ:--ਤੁਸੀਂ ਫੇਰ ਭੁਲਦੀਆਂ ਹੋ। ਅਸਲੀ ਮੰਤਵ ਨੂੰ ਅੱਖੋਂ ਉਹਲੇ ਕਰ ਦਿੰਦੀਆਂ ਹੋ। ਪੂਰਬ ਵਿਚ ਵਿਆਹ ਦਾ ਮੁਖ-ਮੰਤਵ ਹੈ ਸੰਤਾਨ ਵਧਾਉਣਾ। ਪਛਮ ਵਿਚ ਇਹ ਮੰਤਵ ਨਹੀਂ। ਉਥੋਂ ਦਾ ਖ਼ਿਆਲ ਹੈ, ਇਸਤ੍ਰੀ ਮਰਦ ਦਾ ਮਿਲਕੇ ਸੁਖ ਜੀਵਨ ਨਿਭਾਉਣਾ। ਦੋਹਾਂ ਆਸ਼ਿਆਂ ਦਾ ਬੜਾ ਭੇਦ ਹੈ। ਇਥੇ ਕੇਵਲ ਮਸ਼ੀਨ ਵਾਂਗੂੰ ਕੰਮ ਕਰਨਾ। ਉਥੇ ਸੁਤੰਤ੍ਰ ਤੇ ਸੁਖ ਜੀਵਨ ਬਿਤਾਨਾ।

ਰਾਜ:--ਇਹੀ ਨਵੀਂ ਰੋਸ਼ਨੀ ਹੈ ਨਾਂ। ਗ੍ਰਿਹਸਤ ਆਸ਼ਰਮ ਤਾਂ

ਗਿਆ ਢੱਠੇ ਖੂਹ ਵਿਚ।ਜਿਥੇ ਸੰਬੰਧ ਕੇਵਲ ਦੇਹ ਤੇ ਪੰਜ ਇੰਦਰਿਆਂ ਦਾ ਹੋਇਆ ਉਥੇ ਗ੍ਰਿਹਸਤ ਕਿਥੇ ?

ਕਿਚਲੂ:–ਮੈਂ ਤੇ ਅੱਗੇ ਕਹਿ ਚੁਕਾ ਹਾਂ, ਧਰਮ, ਕੇਵਲ ਵਿਸ਼ਵਾਸ ਵਾਲੇ ਧਰਮ ਦੇ ਢਕੌਂਸਲੇ ਹੁਣ ਨਹੀਂ ਚਲਦੇ । ਤੁਸੀਂ ਪਛਮ ਜਾਵੋ ਤਾਂ ਤੁਹਾਡੀ ਸਮਝ ਵਧੇ।

ਰਾਜ:–(ਮੂੰਹ ਵਟਕੇ)ਕੀ ਇਨ੍ਹਾਂ ਗੱਲਾਂ ਬਿਨਾਂ ਅਸੀਂ ਮਰ ਚਲੇ ਹਾਂ?

ਬਲਵੰਤ.–ਨਹੀਂ। ਕਲੱਬ ਜਾਵੋ, ਹਸੋ ਖੇਡੋ। ਪਰ ਫਜ਼ੂਲ-ਖਰਚੀ ਨਾ ਕਰੋ! ਤੇ ਨਾਂ ਈ ਧਰਮ ਨੂੰ ਲਾਜ ਲਾਵੋ।

ਕਿਚਲੂ:–ਜਦ ਤਕ ਅਸੀਂ ਤਹਿਜ਼ੀਬ ਵਿਚ ਉਚੀਆਂ ਕੌਮਾਂ ਨੂੰ ਮੁਖ ਰਖਕੇ ਉਨ੍ਹਾਂ ਦੀ ਰਹਿਣੀ-ਬਹਿਣੀ ਨਾ ਸਿਖਾਂਗੇ, ਤਦ ਤਕ ਸਾਡਾ ਜਗਤ ਵਿਚ ਕਦਰ ਨਹੀਂ ਹੋਣਾ। ਦੇਸ਼ ਉਨਤੀ ਦੀ ਜਾਚ ਵੀ ਤਦ ਈ ਆਵੇਗੀ।

ਰਾਜ:–ਨਹੀਂ, ਇਹ ਤਰੀਕਾ ਠੀਕ ਨਹੀਂ। ਇਹ ਘੋੜੇ ਅੱਗੇ ਗਡੀ ਦਾ ਲਾਣਾ ਹੈ। ਪਹਿਲੋਂ ਸੁਤੰਤਰ ਹੋਵੋ। ਫੇਰ ਰੀਸ ਕਰੋ।

ਬਲਵੰਤ–ਕਲੱਬ ਤੇ ਇਕ ਪਾਸੇ ਰਹੀ, ਸਾਡੇ ਵਿਚ ਤੇ ਹੋਰ ਬੁਰੀਆਂ ਰਸਮਾਂ ਵੜਨ ਲਗੀਆਂ ਨੇ।

ਸਿੰਘ–ਹੁਣ ਮਰਦ-ਤੀਵੀਂ ਦੇ ਨਾਚ ਨੂੰ ਬੁਰਾ ਆਖਦੇ ਨੇ। ਇਹ ਨਹੀਂ ਜਾਣਦੇ ਕਿ ਨਾਚ ਭਾਰਤ ਦੀ ਈ ਕਾਢ ਹੈ। ਵੇਖੋ ਸ਼ਾਸਤ੍ਰ। ਸ਼ਿਵ ਤੇ ਪਾਰਬਤੀ ਦਾ ਨਾਚ। ਕ੍ਰਿਸ਼ਨ ਦੀ ਰਾਸ ਲੀਲ੍ਹਾ ਤੇ ਮਸ਼ਹੂਰ ਈ ਹੈ।

ਰਾਜ:–ਠੀਕ, ਪਰ ਓਪਰੇ ਮਰਦ ਨਾਲ ਤੀਵੀਆਂ ਨਹੀਂ ਸੀ ਨਚਦੀਆਂ।

ਸਿੰਘ:–ਜਦ ਨਾਚ ਦੀ ਖੁਲ੍ਹ ਸੀ। ਤਦ ਇਹ ਵੀ ਹੋਣਾ ਈ ਏ। ਅਸੀਂ ਡਿਠਾ ਤੇ ਨਹੀਂ ਨਾ। ਅਕਸਰ ਵੱਡੇ ਦੇਵਤਿਆਂ ਦੀਆਂ ਗੱਲਾਂ ਈ ਲਿਖਣ ਵਿਚ ਆਉਂਦੀਆਂ ਸੀ। ਆਮ ਪਰਜਾ ਖਵਰੇ ਕੀ ਕਰਦੀ ਸੀ ?

ਕਿਚਲੂ:-(ਬਲਵੰਤ ਵਲ) ਮਿਸਟਰ ਸਿੰਘ ਠੀਕ ਕਹਿੰਦਾ ਹੈ। ਦਸੋ ਤੇ ਸਹੀ ਹੁਣ ਹੋਰ ਕੀ ਵਧ ਹਨੇਰ ਹੋਣ ਲਗਾ ਹੈ? ਸਾਨੂੰ ਤੇ ਕੋਈ ਖਤਰਾ ਨਜ਼ਰ ਨਹੀਂ ਆਉਂਦਾ।

ਬਲਵੰਤ:-ਮੋਟਰ ਦੇ ਤੇਜ਼ ਲੈਂਪ ਹਨੇਰੇ ਦਾ ਕੰਮ ਦਿੰਦੇ ਹੈਨ।ਵੇਖਣਾ ਕਾਹਨੂੰ ਹੋਇਆ? ਸਾਡੇ ਗ੍ਰਿਹਸਤ ਆਸ਼ਰਮ ਦੀਆਂ ਨੀਹਾਂ ਵਿਚ ਪਾਣੀ ਦਿਤਾ ਜਾ ਰਿਹਾ ਹੈ।ਪਛਮੀ ਤੇ ਹੁਣ ਵਿਆਹ ਦੇ ਪਵਿੱਤ੍ਰ ਆਸ਼ਰਮ ਤੋਂ ਮੂੰਹ ਮੋੜ, ਰੰਗ ਤੇ ਵਿਸ਼ੇ ਆਧੀਨ ਹੋ, ਇਸ ਆਸ਼ਰਮ ਨੂੰ ਤੋੜਨਾ ਚਾਹੁੰਦੇ ਹੈਨ। ਵਿਆਹ ਦੇ ਬਰਖਲਾਫ਼ ਆਵਾਜ਼ ਬੜੇ ਜ਼ੋਰ ਨਾਲ ਉਠਾ ਰਹੇ ਹੈਨ। ਦੱਸੋ ਇਹ ਖਤਰਾ ਨਹੀਂ ਤਾਂ ਕੀ ਏ?

ਕਿਚਲੂ:-ਅਪਨੀ ਅਪਨੀ ਸਮਝ ਹੈ ਨਾਂ।

ਰਾਜ:---(ਮੂੰਹ ਵਟਕੇ)ਹਾਂ ਠੀਕ ਨਵੀਂ ਰੋਸ਼ਨੀ ਵਾਲਿਆਂ ਦੀ ਸਮਝ ਛੋਰ। ਰਤੀ ਠਹਿਰ ਜਾਵੋ, ਪਤਾ ਲਗਸੀ। ਹਾਈ ਕੋਰਟ ਵਿਚ ਇਕ ਅਰਜ਼ੀ ਤੇ ਹੋ ਗਈ ਏ ਨਾਂ। ਚੰਗੇ ਘਰਾਣਿਆਂ ਦੀ ਕੀ ਮਿਟੀ ਖਰਾਬ ਹੁੰਦੀ ਏ। ਬਸ ਜਦ ਗ੍ਰਿਹਸਤ ਆਸ਼ਰਮ ਦੇ ਪੁਰਾਤਨ ਕਿਲ੍ਹੇ ਤੇ ਪਛਮੀ ਫ਼ੈਸ਼ਨ ਤੇ ਅਸੂਲਾਂ ਦੀ ਗੋਲਾ-ਬਾਰੀ ਹੋਈ ਤਾਂ ਸਾਡੀ, ਨਹੀਂ ਨਹੀਂ, ਕੁਲ ਪੂਰਬੀ ਤਹਿਜ਼ੀਬ, ਖਤਮ ਹੋ ਜਾਏਗੀ। ਮੈਨੂੰ ਨਹੀਂ ਸੀ ਪਤਾ ਤੁਹਾਡੇ ਵੀ ਇਹੋ ਜਿਹੇ ਖਿਆਲ ਨੇਂ?

ਬਲਵੰਤ:-ਜੋ ਵਲੈਤੋਂ ਹੋ ਆਏ, ਅਜਿਹੇ ਖਿਆਲ ਈ ਲੈ ਆਏ। ਤੀਵੀਂ ਕੀ ਮਰਦ। ਉਥੋਂ ਦੀ ਵਾਉ ਹੀ ਐਸੀ ਹੈ।

ਰਾਜ:--ਪਰ ਸਾਰੇ ਨਹੀਂ।ਗਾਂਧੀ ਜੀ ਵੀ ਤੇ ਵਲੈਤ ਰਹੇ, ਤੇ ਦਾਸ ਵੀ। ਪੰਜੇ ਉਂਗਲਾਂ ਬਰਾਬਰ ਨਹੀਂ।

(ਖ਼ਾਨਸਾਮੇ ਨੇ ਚਾਹ ਮੇਜ਼ਾਂ ਤੇ ਸਜਾ ਦਿਤੀ। ਤੇ ਪੇਸਟਰੀ, ਸੈਂਡ ਵਿਚਜ਼ ਦੀਆਂ ਤਾਸੀਆਂ ਲਿਆ ਰਖੀਆਂ-ਬਲਵੰਤ ਕੌਰ ਚਾਹ ਪਿਆਲੀਆਂ ਵਿਚ ਹਸ ਹਸ ਕੇ ਪਾਂਦੀ ਹੈ)

ਬਲਵੰਤ:-ਛਡੋ ਝਗੜਾ, ਰਤੀ ਭਰ ਹੁਣ ਚਾਹ ਦੀ ਪਿਆਲੀ ਪੀਕੇ ਜੀ ਖੁਸ਼ ਕਰੋ।

[ਪੰਡਤ ਜੀ ਦੀ ਪਿਆਲੀ ਭਰਦੀ ਏ]

ਪੰਡਤ:--ਬਸ, ਥੈਂਕਯੂ।

ਬਲਵੰਤ:-(ਰਾਜ ਵਲ)ਤੈਨੂੰ ਤੇ ਦੁਧ ਢੇਰ ਦੇਵਾਂ, ਤੇਰਾ ਤੇ ਗਲਾ ਖੁਸ਼ਕ ਹੋ ਗਿਆ ਹੋਣਾ ਏ।

ਰਾਜ.---ਤੂੰ ਆਪਣੀ ਪਿਆਲੀ ਵੀ ਤਾਂ ਭਰ।

(ਉਸ ਦੀ ਪਿਆਲੀ ਭਰਦੀ ਹੈ। ਸਾਰੇ ਪਿਆਲੀਆਂ ਚੁਕ ਪੀਨ ਲਗਦੇ ਨੇ)

ਕਿਚਲੂ:-ਰਾਜ ਤੂੰ ਗੁੱਸੇ ਕਿਉਂ ਹੋ ਗਈ ? ਅਕਸਰ ਜਾਨਣੀ ਏਂ ਸਾਡੇ ਭਾਰਤ ਦੀ ਤਹਿਜ਼ੀਬ ਹੁਣ ਬੁਢੀ ਹੋ ਗਈ ਏ। ਜੀਕਨ ਮਿਸਰ, ਯੂਨਾਨ ਦੀਆਂ ਤਹਿਜ਼ੀਬਾਂ ਆਪਣਾ ਕੰਮ ਕਰ ਚੁਕੀਆਂ,ਓਸੇ ਤਰ੍ਹਾਂ ਭਾਰਤ ਦਾ ਹਾਲ ਹੋਣਾ ਏ।

ਬਲਵੰਤ:-ਪਛਮੀ ਤਹਿਜ਼ੀਬ ਤੇ ਅਜੇ ਪੁਰਾਤਨ ਆਰਯ ਤਹਿਜ਼ੀਬ ਦੀ ਪਹਿਲੀ ਪੌੜੀ ਵੀ ਨਹੀਂ ਚੜ੍ਹੀ।

ਸਿੰਘ:---ਉਹ ਕੀਕੂੰ ? ਹੋਰ ਸੁਣੋ ! ਇਹ ਕੁੜੀਆਂ ਤੇ ਖਵਰੇ ਹਿੰਦੂ ਫਲਾਸਫੀ ਦੀਆਂ ਗਿਆਨਣਾਂ ਨੇ। ਭੁਲ ਤੇ ਵਡੀ ਇਹੀ ਹੈ ਕਿ ਸਾਡੇ ਮਨੁੱਖ ਬਾਹਰ ਦੇ ਪਛਮੀ ਰੰਗ ਤੇ ਭਾਵ ਨੂੰ ਈ,ਪਛਮੀ ਤਹਿਜ਼ੀਬ ਸਮਝੀ ਬੈਠੇ ਹੈਨ, ਤੇ ਜੇਹੜੀ ਅਸਲ ਤਹਿਜ਼ੀਬ ਹੈ, ਉਸ ਨੂੰ ਜਾਣਦੇ ਨਹੀਂ। ਵੇਖੋ ਨਿਟਸ਼ੇ ਤੇ ਬਰਨਾਰਡ ਸ਼ਾਹ ਦਾ "ਮਹਾਂ ਪੁਰਸ਼" (Super man), ਯੂਰਪ ਦੀ ਫਲਾਸਫੀ ਦੀ ਉਚੀ ਉਡਾਰੀ ਹੈ।

ਰਾਜ.----ਹਾਂ ਜੀ, ਪਛਮੀਆਂ ਨੂੰ ਹੁਣ ਪਤਾ ਲਗਾ ਕਿ ਇਸ ਦੇਹ ਤੋਂ ਪਰੇ ਮਾਨਸਕ ਸ਼ਰੀਰ ਵੀ ਹੈ। ਹੁਣ ਉਸ ਦੀ ਖੋਜ ਹੋ ਰਹੀ ਹੈ। ਪਰ ਸਾਡੇ ਜੋਗੀਆਂ ਦੀ ਇਹ ਮਾਮੂਲੀ ਖੇਡ ਸੀ। ਅਜੇ ਤੇ ਉਨ੍ਹਾਂ ਦੀ ਖੋਜ ਸੂਖਮ ਸ਼ਰੀਰ ਤਕ ਈ ਪੁਜੀ ਜਾਪਦੀ ਹੈ। ਜਦ ਆਤਮਕ ਤੇ ਇਕ ਬ੍ਰਹਮ ਤਕ ਪੁਜਣਗੇ ਤਦ ਜਾਣਾਂਗੇ ਸਾਡੀ ਤਹਿਜ਼ੀਬ ਦੇ ਕੋਲ ਪੁਜੇ। ਦਸ ਖਾਂ ਭਾਰਤ ਦੀ ਤਹਿਜ਼ੀਬ

ਉਚੀ ਕਿ ਪਛਮ ਦੀ ?

ਸਿੰਘ:---ਤੁਸੀਂ ਤਹਿਜ਼ੀਬ ਨੂੰ ਰੂਹਾਨੀ ਤੇ ਆਤਮਕ ਤਰੱਕੀ ਨਾਲ ਮਿਲਾਂਦੇ ਹੋ,ਇਹ ਭੁਲ ਹੈ।

ਕਿਚਲੂ:-.ਠੀਕ ਇਹ ਭੁਲੇਖਾ ਹੈ। ਜਦ ਨੀਂਹ ਗ਼ਲਤ ਹੋਈ ਉਸ ਤੇ ਉਸਾਰੀ ਕੀ ?

ਬਲਵੰਤ:..ਹਾਂ ਜੀ!ਤੁਸੀਂ ਦਸੋ,ਤਹਿਜ਼ੀਬ ਦਾ ਅਸਲੀ ਮੰਤਵ ਕੀ ਹੈ? ਕੀ ਤਹਿਜ਼ੀਬ ਫ਼ੈਸ਼ਨ ਵਿਚ ਹੈ ਜਾਂ ਕਲੱਬ ਵਿਚ ? ਤਹਿ-ਜ਼ੀਬ ਉਹ ਵਸਤੂ ਹੈ ਜਿਸ ਦਾ ਸੰਬੰਧ ਮਨੁੱਖ ਦੇ ਮਨ ਤੇ ਆਚਰਨ ਨਾਲ ਹੈ। ਜਿਸ ਫ਼ੈਸ਼ਨ ਤੇ ਜੀਵਨ ਦਾ ਤੁਸੀਂ ਸਾਂਗ ਭਰਦੇ ਹੋ, ਉਹ ਅਸਲੀ ਪਛਮੀ ਤਹਿਜ਼ੀਬ ਨਹੀਂ। ਉਸ ਤੋਂ ਤੇ ਪਛਮੀ ਸਿਆਣੇ ਆਪ ਤੰਗ ਆਏ ਨੇ। ਵੇਖੋ ਨਵੇਂ ਤ੍ਰੀਮਤਾਂ ਦੇ ਫ਼ੈਸ਼ਨ ਦੇ ਬਰਖਲਾਫ਼ ਹੁਣ ਵਲੈਤੀ ਮੈਗਜ਼ੀਨਾਂ ਵਿਚ,ਨਾਟਕਾਂ ਵਿਚ ਆਵਾਜ਼ ਉਠ ਰਹੀ ਹੈ। ਪਰ ਅਸੀਂ ਉਸੇ ਦੀ ਨਕਲ ਕਰਦੇ ਹਾਂ,ਕਿਉਂ? ਤਹਿਜ਼ੀਬ ਜਾਣਕੇ।

ਕਿਚਲੂ --ਤੁਸੀਂ ਵਲੈਤ ਜਾਵੋ ਤਾਂ ਵੇਖੋ ਕਿ ਤਹਿਜ਼ੀਬ ਕੀ ਏ ?

ਰਾਜ:---ਬਸ ! ਇਹ ਦਲੀਲ ਚੰਗੀ। (ਮੂੰਹ ਬਣਾਕੇ) ਵਲੈਤ ਜਾਵੋ, ਵਲੈਤ ਜਾਵੋ।

ਸਿੰਘ --ਮਿਸ ਰਾਜ ਤੇ ਬਲਵੰਤ ਦੇ ਕਹਿਣ ਵਿਚ ਕੁਝ ਸਚਾਈ ਤੇ ਭਾਸਦੀ ਏ।

ਬਲਵੰਤ·ਅਸੀਂ ਵੀ ਵਲੈਤ ਜਾਂਦੀਆਂ ਤਾਂ ਜ਼ਰੂਰ 'ਬੀ ਵੋਮੈਨ' Bee woman (ਮਖਿਆਰੀ ਤੀਵੀਂਆਂ) ਬਣ ਆਉਂਦੀਆਂ।

ਪੰਡਤ --ਨਹੀਂ, 'ਬਟਰ ਫਲਾਈ' (ਤਿਤਰੀ) ਸ਼ੈਦ ਠੀਕ ਲਫ਼ਜ਼ ਹੋਸੀ।

ਰਾਜ:---ਰੰਗਾਂ ਕਰਕੇ।

ਬਲਵੰਤ:--(ਡਾਹਢ ਨਾਲ ਫੇਰ ਪਿਆਲੀਆਂ ਭਰਦੀ ਹੈ। ਹਸਕੇ) ਪਰ ਤੁਸਾਂ ਮੇਰਾ ਆਸ਼ਾ ਨਹੀਂ ਸਮਝਿਆ।

ਸਿੰਘ --ਹਾਂ ਠੀਕ, "ਮੈਟਰ ਲਿੰਕ ਦੀ" 'ਬੀ' (ਸ਼ੈਹਦ ਦੀ ਮੱਖੀ)

ਪੰਡਤ:-ਮੈਂ ਵੀ ਸਮਝਿਆ। ਮਰਦ ਮਜ਼ੂਰ ਹੋਏ। ਜਦ ਲੋੜ ਹਟੀ, ਪਰੇ ਕੀਤੇ।

ਰਾਜ:--ਸ਼ੈਹਦ ਚੂਸਨ ਤੇ ਡੰਗ ਕਿਉਂ ਨਾ ਖਾਨ। ਅੱਗੇ ਤੇ ਪਛਮੀ ਤ੍ਰੀਮਤ 'ਤਿਤਰੀ' ਸੀ, ਸੋਹਣੀ ਰੰਗ ਭਰੀ। ਪਰ ਡੰਗ ਨਹੀਂ ਸੀ। ਹੁਣ ਤੇਜ਼ੀ ਆਈ। ਡੰਗ ਮਾਰਨ ਲਗੀ।

ਬਲਵੰਤ:--ਇਹ 'ਐਵੇਲਿਊਸ਼ਨ' (ਚੜ੍ਹਦੀ ਕਲਾ) ਦਾ ਪ੍ਰਭਾਉ।

ਸਿੰਘ --ਕੀ ਉਡ ਗਿਆ ਨੰਕ ਸੁਭਾਉ।

ਬਲਵੰਤ.-.ਹੁਣ 'ਮਸ਼ੀਨ' ਦਾ ਜੁਗ ਹੈ। ਮਾਹ ਕਾਲ ਦਾ ਰਾਜ ਹੈ। ਜਿੰਨੀ ਤਰੱਕੀ ਖੈਹ ਦੇ ਇੰਜਨ ਨੇ ਕੀਤੀ ਹੋਰ ਕਿਸੇ ਨਹੀਂ।

ਕਿਚਲੂ.--ਇਹ ਤੇ ਪਛਮੀਆਂ ਤੇ ਆਜਾਈਂ ਧੱਬਾ ਲਾਂਦੇ ਹੋ। ਵੇਖੋ, ਬੇਤਾਰ, ਡਾਕਟਰੀ, ਜਰਾਹੀ ਤੇ ਚੀਰ ਫਾੜ, ਐਕਸ-ਰੇ, ਆਦਿ ਅਨੇਕ ਵਸਤਾਂ ਇਨਸਾਨ ਦੇ ਜੀਵਨ ਤੇ ਸੁਖ ਨੂੰ ਵਧਾਨ ਲਈ ਹੈਨ।

ਬਲਵੰਤ:-ਪਰ ਅਸਲ ਵਿਚ ਇਨਸਾਨ ਦੀ ਅਜ਼ਾਦੀ ਖੋਹਣ ਲਈ। ਲੜਾਈ ਵਿਚ ਜ਼ਖਮੀਆਂ ਨੂੰ ਬਚਾਣ ਤੇ ਗੋਲੀਆਂ ਕਢਣ ਲਈ ਜਰਾਹੀ ਵਿਦਿਆ ਨੇ ਤਰੱਕੀ ਕੀਤੀ। ਐਕਸਰੇ ਨੇ ਮਦਤ ਦਿਤੀ। ਹਵਾਈ ਜਹਾਜ਼ ਖੈ ਦਾ ਔਜ਼ਾਰ ਬਣੇ। ਨਵੀਆਂ ਗੈਸਾਂ, ਮਾਰਨ ਦਾ ਕਾਰਨ। ਸੋ ਨਵੀਆਂ ਚੀਜ਼ਾਂ ਵਿਚੋਂ ੬੦-੭੦ ਖੈ ਕਰਨ ਜਾਂ ਦੂਇਆਂ ਦਾ ਦੇਸ ਦਬਾਨ ਲਈ ਹੁੰਦੀਆਂ ਹਨ। ਦਸੋ ਖਾਂ ਆਤਮਕ ਉਨਤੀ ਤੇ ਮਨੁਖੀ ਜੀਵਨ ਨੂੰ ਉਚਾ ਕਰਨ ਦੀ ਕੀ ਕਾਢ ਕੱਢੀ।

ਸਿੰਘ:----(ਚਾਹ ਦਾ ਘੁਟ ਪੀਕੇ)ਭੈਣ ਜੀ ਤੁਸੀਂ ਸਚੇ ਹੋ, ਚਲੋ ਛਡੋ ਝਗੜਾ।

ਕਿਚਲੂ:--(ਸਿਗਰਟ ਬਾਲਕੇ ਧੂੰਆਂ ਕਢ)ਮਨੁੱਖੀ ਦੇਹ ਦੀ ਰਖਿਆ।ਅਰ ਦੁੱਖ ਨੂੰ ਦੂਰ ਕਰਨਾ ਵੀਹਵੀਂ ਸਦੀ ਦੀ ਸਭ ਤੋਂ

ਵਡੀ ਫ਼ਤਹਿ ਹੈ। ਵੇਖੋ ਉਹ ਮਰਜ਼ਾਂ, ਮੋਹਰੀਆਂ ਪਹਿਲੇ ਲੱਖਾਂ ਮਨੁੱਖਾਂ ਨੂੰ ਖੈ ਕਰਦੀਆਂ ਸਨ, ਹੁਣ ਦੂਰ ਹੈਨ। ਲੜਾਈ ਵੀ ਕੁਝ ਕੰਮ ਸਵਾਰਦੀ ਹੈ।

ਰਾਜ ---ਜਿਗਰੂ ਭਾਈ, ਠੀਕ ਫੁਰਮਾਇਆ। ਲੜਾਈ ਨਾ ਹੋਵੇ, ਤਾਂ ਈਸ਼੍ਵਰ ਦੀ ਵਸਦੀ ਸ੍ਰਿਸ਼ਟੀ ਕੀਕਣ ਖੈ ਹੋਵੇ। ਹੀਣੀਆਂ ਕੌਮਾਂ ਗ਼ੁਲਾਮ ਕੀਕਨ ਬਣਨ। ਧਨੀ ਗਰੀਬਾਂ ਦਾ ਲਹੂ ਕੀਕਨ ਚੂਸਨ। 'ਜੈ ਹੋ ਲੜਾਈ ਮਾਤਾ ਦੀ ਜੈ'।

ਸਿੰਘ.---ਛਡੋ ਵੀ ਝਗੜਾ। ਸਾਡੇ ਵਿਚ ਅਜੇ ਕੋਈ ਵ੍ਹੋਮੈਨ (ਮਖਿਆਰੀ ਤੀਵੀਂ) ਜੰਮੀਂ ਨਹੀਂ। ਔਹੋ ਈ ਰੋਣਾ ਰੋਈਏ। ਸਾਨੂੰ ਲੜਾਈ ਜੰਗ ਨਾਲ ਕੀ?

ਬਲਵੰਤ:-ਵੀਰ ਜੀ ਤੁਸੀਂ ਭੁਲਦੇ ਹੋ। ਮਖਿਆਰੀ ਤੀਵੀਂ ਨੇ ਅਵਤਾਰ ਧਾਰ ਲੀਤਾ। ਪਰਤੱਖ ਹੈ। ਪਰ ਤੁਹਾਨੂੰ ਅਜੇ ਪਤਾ ਨਹੀਂ ਲਗਾ। ਤੁਸੀਂ ਸੋਹਣੀ ਰੰਗ-ਬਿਰੰਗੀ ਤਿਤਰੀ ਈ ਜਾਣਦੇ ਹੋ। ਪਰ ਉਸ ਦਾ ਡੰਗ ਵੀ ਉਗ ਪਿਆ। ਜਦ ਡੰਗ ਲਗਸੋ ਜਾਣੋਗੇ।

ਪੰਡਤ:--(ਸੋਚਕੇ)ਸ਼ੈਦ ਠੀਕ ਈ ਹੋਵੇ।

[ਸਾਰੇ ਚਾਹ ਮੁਕਾ ਚੁਕੇ

ਸਿੰਘ:--ਕੋਈ "ਬ੍ਰਿਜ" ਲਾਵੋਗੇ। (ਮਿਸ ਦਰ ਵਲ ਤਕਕੇ)

ਰਾਜ ----ਹੁਣ ਵੇਲਾ ਨਹੀਂ, ਜਿਗਰੂ ਭਾਈ ਜੀ ਨੂੰ ਪੁਛੋ।

ਸਿੰਘ.---(ਪੰਡਤ ਵਲ) ਕਿਉਂ ਕੀ ਸਲਾਹ ਏ?

ਕਿਚਲੂ:-(ਘੜੀ ਵੇਖਕੇ) ਕਲੱਬ ਦਾ ਵੇਲਾ ਹੋ ਗਿਆ।

ਰਾਜ ----ਚਲੋ ਫੇਰ ਸਹੀ। ਤੁਸਾਂ ਤੇ 'ਬਾਲ' ਵਿਚ ਜਾਣਾ ਹੋਣਾ ਏ।

ਸਿੰਘ ---(ਹੈਰਾਨੀ ਨਾਲ)ਤੇ ਕੀ ਤੁਸਾਂ ਨਹੀਂ?

ਰਾਜ:----ਸਲਾਹ ਤੇ ਨਹੀਂ। ਕੀ ਮਿਸ ਸਿੰਘ ਜਾਵੇਗੀ?

ਸਿੰਘ ---ਉਹ ਆਪਣੀ ਮਰਜ਼ੀ ਦੀ ਮਾਲਕ।

ਬਲਵੰਤ:-ਸਲਾਹ ਤੇ ਨਹੀਂ,ਪਰ ਮਿਸਜ਼ ਮੈਹਰਾ ਤੇ ਮਿਸ ਸਾਹਣੀ

ਦਾ ਨਾਚ ਵੇਖਣ ਤੇ ਜੀ ਕਰਦਾ ਹੈ। ਮਿਸਜ਼ ਮੈਂਹਰਾ ਨੇ ਨਵੇਂ ਕਪੜੇ ਸਵਾਏ ਨੇਂ।

ਕਿਰਪਾਲ:—ਚਲੋ ਹੁਣ ਤੇ ਚਲੀਏ। 'ਬਾਲ' ਪਰਸੋਂ ਹੈ। ਫੇਰ ਸਲਾਹ ਹੋ ਜਾਸੀ। ਕਲੱਬ ਦਾ ਵੇਲਾ ਹੋ ਗਿਆ।

[ਉਠਦਾ ਹੈ। ਨਾਲ ਮਿਸ ਦਰ, ਬਲਵੰਤ ਤੇ ਸਿੰਘ ਉਠਕੇ ਹਥ ਮਿਲਾਂਦੇ ਹੈਨ। ਬਾਹਰ ਤਕ ਛਡਨ ਜਾਂਦੇ ਨੇ। ਮਿਸ ਦਰ ਦੋ ਵਾਰੀ ਮੁੜ ਕੇ ਸਿੰਘ ਵਲ ਤਕਦੀ ਏ। ਦੋਵੇਂ ਜਾਂਦੇ ਹੈਨ। ਸਿੰਘ ਤੇ ਬਲਵੰਤ ਮੁੜ ਆਉਂਦੇ ਹੈਨ।

ਸਿੰਘ:—ਬੈਹਰਾ!

[ਬੈਹਰਾ ਆਉਂਦਾ ਹੈ

ਚਾਇ ਦੇ ਬਰਤਨ ਉਠਾਓ।

[ਬੈਹਰਾ ਬਰਤਨ ਉਠਾਂਦਾ ਹੈ।

ਬਲਵੰਤ:—ਭਾ ਜੀ ਤੁਸਾਂ ਅੱਜ ਵਡਮੁਲੀਆਂ ਚੀਜ਼ਾਂ ਖਰੀਦੀਆਂ ਨੇਂ।

ਸਿੰਘ:—(ਹੈਰਾਨ ਹੋਕੇ) ਉਹ ਕੀ?

ਬਲਵੰਤ:—ਤੁਹਾਨੂੰ ਪਤਾ ਹੋਸੀ। ਕਿਸੇ ਸੱਜਣ ਲਈ।

ਸਿੰਘ:—ਨਹੀਂ!

ਬਲਵੰਤ:—ਕਿਸੇ ਨੇ ਕਿਸੇ ਲਈ ਜ਼ਰੂਰ ਖਰੀਦੀਆਂ।

ਸਿੰਘ:—ਦਸਦੀ ਨਹੀਂ ਕੀ?

ਬਲਵੰਤ:—(ਹਸ ਕੇ) ਦੇਉਗੇ ਕੀ?

ਸਿੰਘ:—(ਚੇਹਰੇ ਦਾ ਰੰਗ ਉਡਦਾ) ਇਹ ਵੀ ਕੋਈ ਬੁਝਾਰਤ ਏ। ਬੀਬੀ ਭੈਣ ਦਸ ਖਾਂ।

ਬਲਵੰਤ:—ਇਕ ਜੋੜੀ ਹੀਰੇ ਦੀਆਂ ਬੂੰਦਾਂ ਦੀ। (ਹੱਸਕੇ) ਇਹ ਬਾਲ ਦੀਆਂ ਤਿਆਰੀਆਂ ਨੇਂ ਨਾਂ। ਹੁਣ ਜਾਤਾ ਜੇ ਮਖਿਆਰੀ ਤੀਵੀਂ ਦਾ ਡੰਗ?

ਸਿੰਘ:—(ਝੂਠੇ ਗੁੱਸੇ ਨਾਲ) ਝੂਠ।

ਬਲਵੰਤ:—(ਸਿਰ ਦਾ ਪੈਨ ਕੋਲ ਸੀਸੇ ਕਢਕੇ) ਐਹ ਵੇਖੋ, ਤੁਹਾਡਾ ਈ ਡਿੱਗਾ ਜਾਪਦਾ ਹੈ। ਪੰਡਤ ਜੀ ਤੇ ਐਨੇ ਖੁਲ੍ਹ-ਦਲੇਰ ਜਾਪਦੇ ਨਹੀਂ। ਪਰ ਹੁਨ ਤੇ ਉਹ ਵੀ 'ਬੀ ਵੋਮੈਨ' ਦੇ ਚਾਹਵਾਨ।

ਸਿੰਘ:--(ਹੈਰਾਨ, ਅੱਖਾਂ ਹੇਠਾਂ ਪਾ) ਖਬਰ ਨਹੀਂ ।

[ਕਾਗ਼ਜ਼ ਲੈ ਲੈਂਦਾ ਹੈ ਤੇ ਅੰਦਰ ਚਲਿਆ ਜਾਂਦਾ ਹੈ ।

ਬਲਵੰਤ.--(ਸੋਚਕੇ) ਭਾ ਜੀ ਤੇ ਮਿਸਜ਼ ਮੈਹਰਾ ਦੇ ਫੰਧੇ ਵਿਚ ਫਸ ਗਏ । ਸਕੁੰਤਲਾ ਵੀ ਚਮਕ ਵਖਾ ਮੋਹ ਗਈ । ਹਾਇ ਮੈਂ ਮਰ ਗਈ । ਜੇ ਸਕੁੰਤਲਾ ਜੇਹੀ ਭਰਜਾਈ ਮਿਲੀ ਤਾਂ ਝੁੱਗਾ ਝਾਂਜਾ ਉਡਿਆ । ੧੩੫੦) ਰੁਪਏ ਦੇ ਗੱਲਾਂ ਕਰਕੇ ਮੁਠ ਲੈ ਗਈਆਂ।ਮੇਰਾ ਧਰਮ ਹੋਂਹੈ ਕਿ ਭਾ ਜੀ ਨੂੰ ਇਨ੍ਹਾਂ ਦੇ ਜਾਲ ਵਿਚੋਂ ਛੁਡਾਵਾਂ । ਇਹ ਸ਼ੈਹਦ ਦੀ ਮੱਖੀ ਤੋਂ ਵੱਧ ਕੇ ਹੈਨ । ਇਹ 'ਮਕੜੀ' ਤੀਵੀਆਂ ਹੈਨ । (ਅੱਖਾਂ ਮੀਟਕੇ) ਹੇ ਵਾਹਿਗੁਰੂ, ਤੂੰ ਈ ਆਪਣੇ ਭੁੱਲੇ ਸਿੱਖ ਨੂੰ ਸੁਮੱਤ ਬਖਸ਼ ।

[ਅੰਦਰ ਚਲੀ ਜਾਂਦੀ ਹੈ

ਪਰਦਾ

ਝਾਕੀ ੩.

ਡੇਰਾ ਦਾ ਫੰਢਾ। ਜਰਨੈਲੀ ਸੜਕ ਦੇ ਪੁਲ ਕੋਲ। ਸੜਕ ਪੁਰ ਪੁਲ ਦੇ ਕੋਲ ਇਕ ਮੋਟਰ ਖੜੀ ਏ, ਮਿਸਟਰ ਸਿੰਘ ਕੰਢੇ ਤੇ ਅਕੱਲੇ ਬੈਠੇ ਹੈਨ। ਮਿਸ ਦਰ ਤੇ ਬਲਵੰਤ ਕੌਰ ਐਧਰ ਉਧਰ ਸੈਰ ਕਰਦੀਆਂ ਕਰਦੀਆਂ ਰਤੀ ਉਹਲੇ ਹੋ ਗਈਆਂ ਨੇਂ।

ਸਿੰਘ:—(ਇਕੱਲਾ,'ਬਾਲ'ਕੀ ਗਏ,ਸੁਰ ਸਵਾਦੋਂ ਈ ਗਏ। ਮਿਸਜ਼ ਮੈਹਰਾ ਤੇ ਸੱਚਮੁਚ ਮਖਿਆਰੀ ਤੀਵੀਂ ਹੈ। ਇਸ ਦੇ ਚਲਿੱਤ੍ਰਾਂ ਤੋਂ ਬਲਿਹਾਰ ਜਾਈਏ। ਵੇਖੋ 'ਬਾਲ'ਦੇ ਕਪੜੇ ਵੀ ਲਿਤੇ,ਬੂਚ ਵੀ ਲਿਤਾ, ਫੇਰ ਖਸਮ ਵੀ ਪਤਿੱਆ ਲਿਆ। ਝੱਲੇ ਖਸਮ ਦਾ ਨਾਟਕ ਤੇ ਇਸ ਦੇ ਘਰ ਹੈ। ਵਡੀ ਤੇ ਵੱਡੀ, ਛੋਟੀ ਸੁਬਹਾਨ ਅੱਲਾ। ਮੇਰੇ ਨਾਲ ਇਕੱਲੀ ਸਿਨੇਮਾ ਜਾਂਦੀ ਸੰਗਦੀ ਸੀ। ਨਚਣ ਲਗਿਆਂ ਸੰਗ ਉਡ ਗਈ। ਮੇਰੇ ਨਾਲ,ਕਿਚਲੂ ਨਾਲ, ਕਪੂਰ ਨਾਲ ਤੇ ਇਕ ਹੋਰ ਸਾਹਬ ਨਾਲ, ਨੱਚੀ। ਮਿਸਜ਼ ਮੈਹਰਾ ਦਾ ਕੀ ਕਹਿਣਾ,ਉਹ ਤੇ 'ਬਾਲ' ਦੀ ਪ੍ਰਧਾਨ ਸੀ। ਕਪੂਰ ਨਾਲ ਈ ਜੁੱਟੀ ਰਹੀ। ਤੇ ਕਪੂਰ ਦੀ ਮੇਮ ਘੂਰ ਘੂਰ ਤਕਦੀ ਰਹੀ। ਮੇਰੇ ਕੋਲ ਵੀ ਝੂਰਨਾਂ ਝੂਰ ਗਈ, ਹੁਣ ਕਾਕੋ-ਰੌਲਾ ਪੌਸੀ। ਸ਼ੈਦ ਛੇਤੀ ਈ ਨੋਟਸ-ਬਾਜ਼ੀ ਹੋਵੇ ਤੇ ਸੁਸੈਟੀ ਦਾ ਪੋਲ ਕਚੈਹਰੀਆਂ ਵਿਚ ਖੁਲ੍ਹੇ। ਹਾਂ ਪਰ ਇਹ ਗਲਾਂ ਵਲੈਤ ਵਿਚ ਤੇ ਹਰ ਰੋਜ਼। ਪਰ ਮੈਨੂੰ ਤੇ ਹੈਰਾਨੀ ਕਹੋ, ਹਾਸਾ ਕਹੋ, ਰਹਿਮ ਕਹੋ, ਵਿਚਾਰੇ ਪ੍ਰੋਫ਼ੈਸਰ ਮੈਹਰਾ ਦੀ ਹਾਲਤ ਤੇ ਆਉਂਦਾ ਹੈ। ਬੁਡ੍ਹੂਆਂ ਵਾਙੂ ਵੇਖਦਾ ਰਿਹਾ। ਚੇਹਰੇ ਤੇ ਸੋਚ ਵਸਦੀ ਸੀ। ਵਿਚਾਰਾ ਚੁਪ। ਸਾਡੇ ਯਾਰ ਕਿਚਲੂ ਤੇ ਮਿਸ ਦਰ ਦੀ ਵੀ ਕੁਝ ਅਣਬਣ ਨਜ਼ਰ ਆਉਂਦੀ ਹੈ। ਉਹ ਵੀ ਬਾਲ ਵਿਚ ਕੁਝ ਹਸਦੇ ਮੁਖ ਨਾਲ ਨਹੀਂ ਮਿਲੇ। ਰਾਜ ਦੁਲਾਰੀ ਸ਼ਕਲੋਂ ਤਾਂ ਸਭ ਤੋਂ ਵਧੀਆ

ਤੇ ਖਿਆਲਾਤ ਵਿਚ ਬੰਤੇ ਦੀ ਸਾਥਣ ਹੈ। ਇਹ ਦੋਵੇਂ ਵੇਖਣ ਵਾਲੇ ਮੈਂਬਰਾਂ ਦੀਆਂ ਸੀਟਾਂ ਤੇ ਬੈਠੀਆਂ ਸਨ। ਜਦ ਸਕੁੰਤਲਾ ਕਿਚਲੂ ਨਾਲ ਤੇ ਵੇਰ ਕਪੂਰ ਨਾਲ ਨਚਦੀ ਸੀ, ਤਦੋਂ ਮਿਸ ਦਰ ਮੈਨੂੰ ਖਿਚਕੇ ਆਪਣੇ ਪਾਸ ਲੈ ਗਈ ਸੀ। ਸ਼ੈਦ ਇਹ ਦਸਾਂਦੀ ਸੀ ਕਿ ਵੇਖ ਤੇਰੀ ਪਿਆਰੀ ਕਿਨ੍ਹਾਂ ਨਾਲ ਪਿਆਰ ਪਾਂਦੀ ਏ! ਖਵਰੇ ਕੀ ਕਾਰਨ, ਰਾਜ ਦੀਆਂ ਗੱਲਾਂ, ਉਸ ਦੀ ਸ਼ਕਲ ਤੇ ਨੈਣਾਂ ਦੇ ਤੀਰ ਮੇਰੇ ਦਿਲ ਵਿਚ ਘਰ ਕਰ ਗਏ।ਉਹ ਤੇ ਹੁਣ ਭੁਲਦੀਈ ਨਹੀਂ। ਸਕੁੰਤਲਾ ਤੇ ਚੇਤੇ ਵੀ ਨਹੀਂ। ਬਲਵੰਤ ਉਸ ਨੂੰ ਨਾਲ ਲਿਆਈ ਹੈ। ਖਬਰੇ ਕੋਈ ਗੱਲ ਬਣਾ ਆਈ ਏ। ਬਲਵੰਤ ਤੇ ਸਾਹਨੀਆਂ ਦੇ ਬਰਖਿਲਾਫ਼ ਹੈ। ਖਵਰੇ ਮੇਰੇ ਜੀ ਨੂੰ ਦੇਰ ਥਾਂਵੇਂ ਲਾਂਦੀ ਹੋਵੇ! ਵੀਰ ਨੂੰ ਦੋਏ ਤੋਂ ਬਚਾਂਦੀ ਹੋਵੇ! ਖਵਰੇ ਦਿਲ ਕਿਉਂ ਧੜਕਦਾ ਹੈ।

[ਆਉਂਦੀਆਂ ਨੇ ਬਲਵੰਤ ਕੌਰ ਤੇ ਮਿਸ ਦਰ। ਸਿੰਘ ਨੂੰ ਪਤਾ ਨਹੀਂ, ਉਸ ਦੇ ਸਿਰ ਤੇ ਖੜੋ ਜਾਂਦੀਆਂ ਨੇ]

ਬਲਵੰਤ ਕੌਰ: ਭਾ ਜੀ, ਕਿਸ ਸੋਚ ਵਿਚ ਓ ? ਬਸ ਬਾਲ ਦੇ ਸੁਪਨੇ ਆਉਂਦੇ ਹੋਣਗੇ।

ਸਿੰਘ:—(ਤ੍ਰਿਬਕਕੇ) ਤੂੰ ਤੇ ਨਜੂਮਣ ਹੈਂ! ਤੂੰ ਭੂਤ, ਭਵਿਸ਼ਤ ਦੀ ਜਾਣੂੰ ਹੈਂ!

ਮਿਸ ਦਰ.—ਹੈਂ। ਏਥੇ ਭੂਤ ਕਿਥੋਂ ਆ ਗਏ। ਇਹ ਕੀ ਪਸ਼ਤੋ ਮਾਰੀ ਜੇ ?

ਸਿੰਘ:—ਤੁਸੀਂ ਤੇ ਵਲੈਤਨਾਂ ਹੋਈਆਂ, ਮੈਂ ਕਹਿਆ, ਬਲਵੰਤ ਤੇ ਅਗਲੇ ਤੇ ਪਿਛਲੇ ਸਭ ਹਾਲਾਂ ਦੀ ਗਿਆਤਾ ਹੈ। ਇਹ ਇਕ ਮਹਾਂ ਇਸਤ੍ਰੀ ਹੈ।

ਬਲਵੰਤ—ਇਹ ਇਕ ਮਹਾਂ ਪੁਰਸ਼ (ਅਖਬਾਰ ਕਢਕੇ) ਵੇਖੋ ਖਾਂ ਮਹਾਂ ਪੁਰਸ਼ ਤੇ ਨਵੀਂ ਇਸਤ੍ਰੀ ਦਾ ਮੇਲ।

ਸਿੰਘ—(ਤਕਕੇ ਹੈਰਾਨ) ਇਹ ਸੋਡੇ-ਨਿਊਜ਼ ਦੀ ਗੱਪ।

ਬਲਵੰਤ.—ਗਪ! ਤੇ ਤੁਹਾਡੇ ਲਈ ਜਾਲ।

ਸਿੰਘ:—ਵਾਹ!

ਮਿਸ ਦਰ:—ਬਚਾਂ ਗਵਾਹ।

ਸਿੰਘ:—(ਏਧਰ ਉਧਰ ਤਕਕੇ) ਤੁਸੀਂ ਬੜੀਆਂ ਸੂੰਹੀਆਂ ਓ।

ਬਲਵੰਤ:—ਭਾ ਜੀ, ਅਸੀਂ ਸੂੰਹੀਆਂ ਕੀ, ਸਾਰੇ ਡੰਡ ਪਈ ਹੋਈ ਏ ਕਿ ਤੁਹਾਡੀ engagement(ਕੁੜਮਾਈ) ਮਿਸ ਸਾਹਨੀ ਨਾਲ ਹੋਣ ਵਾਲੀ ਹੈ।

ਮਿਸ ਦਰ:—ਹਾਂ ਸੁਣਿਆ ਤੇ ਸਾਰਿਆਂ ਨੇ ਇਹੀ ਏ।

ਸਿੰਘ:—ਹੁਣ ਕਰੀਏ ਕੀ?

ਬਲਵੰਤ:—ਇਕ ਚਿੱਠੀ ਸੰਡੇ-ਨਿਊਜ਼ ਨੂੰ ਲਿਖੋ ਤੇ ਇਕ ਮਿਸ ਸਾਹਨੀ ਨੂੰ, ਤੇ ਪੁੱਛੋ ਸੂ, ਕਿ ਕੀ ਓਸ ਨੇ ਇਹ ਖ਼ਬਰ ਛਪਾਈ ਏ। ਉਹ ਜ਼ਰੂਰ ਨਾਂਹ ਕਰਸੀ। ਬਸ।

ਸਿੰਘ:—ਤੂੰ ਬੜੀ ਸਿਆਣੀਂ ਏਂ।

ਮਿਸ ਦਰ:—ਬਲਵੰਤ ਤੇ ਸੱਚ ਮੁਚ ਅਕਲ ਦੀ ਪੁਤਲੀ ਏ।

ਬਲਵੰਤ:—ਤੇ ਰਾਜ,ਰੂਪ ਦੀ ਰਾਣੀ।

ਸਿੰਘ:—ਠੀਕ, ਅਰਸ਼ੀ ਹੂਰ।

ਮਿਸ ਦਰ:—(ਗੁੱਸੇ ਨਾਲ) ਇਹ ਕੀ?(ਹਸਕੇ) ਬਲਵੰਤ! ਛੇੜ ਕਰਨੀ ਏਂ। ਤੂੰ ਹਬਸ਼ਨ ਨੂਰ।

ਬਲਵੰਤ:—ਚਲੋ ਪਹਿਲੋਂ ਚਲਕੇ ਚਿੱਠੀ ਲਿਖ ਆਈਏ।

ਸਿੰਘ:—ਠੀਕ।

[ਪੁਲ ਵੱਲੋ ਹੌਲੀ ਹੌਲੀ ਜਾਂਦੇ ਨੇ, ਮੋਟਰ ਤੇ ਚੜ੍ਹ ਮੁੜ ਜਾਂਦੇ ਨੇ। ਇਕ ਮੋਟਰ ਆਉਂਦੀ ਹੈ ਪੁਲ ਤੇ ਵਿਗੜ ਜਾਂਦੀ ਏ। ਡਰਾਈਵਰ-ਬੰਤਾ ਸਿੰਘ,ਇੰਜਣ ਦਾ ਢਕਣ ਲਾਹ ਕੇ ਕੰਮ ਕਰਨ ਲਗਦਾ ਹੈ। ਬੰਤਾ ਸਿੰਘ ਇਕ ਜਵਾਨ ਸਿੱਖ ਹੈ। ਫ਼ੌਜ ਵਿਚ ਨੌਕਰੀ ਕਰ ਚੁਕਾ ਹੈ।ਵਰਦੀ ਪਾਈ ਹਥ ਵਿਚ ਔਜ਼ਾਰ ਲੈ ਕਦੀ ਕਾਰਬੋਰੇਟਰ ਨੂੰ ਵੇਖਦਾ ਹੈ ਤੇ ਕਦੀ ਮੈਗਨਟ ਨੂੰ। ਮੋਟਰ ਵਿਚ ਪਿਛਲੀ ਸੀਟ ਤੇ ਮਿਸਟਰ ਕਪੂਰ ਤੇ ਮਿਸਜ਼ ਮਹਿਰਾ ਬੈਠੇ ਹੈਨ।]

ਕਪੂਰ:—(ਮੋਟਰ ਵਿਚੋਂ ਬੋਲ, ਕਿਆ ਡੇਰ ਹੈ?

ਡਰਾਈਵਰ:—ਹਜ਼ੂਰ! ਵੇਖੋ, ਵੇਖਣਾ ਤੇ ਹਾਂ ਹੁਣੇ ਟੁਰੀ ਕਿ ਟੁਰੀ।

ਮਿਸਜ਼ ਮੇਹਰਾ:—ਅੱਜ ਤੇ ਭਾਵੇਂ ਏਥੇ ਈ ਰਹੇ? ਸੈਰ ਦੇ ਸਵਾਦੋਂ ਵੀ ਗਏ।

ਕਪੂਰ:---(ਹੌਲੀ, ਨਹੀਂ ਪਿਆਰੀ, ਫਿਕਰ ਕਾਹਦਾ ? ਹੁਣੇ ਟੁਰ ਪੈਂਦੀ ਏ।

ਮਿ ਮੈ--ਫ਼ਿਕਰ ਕੋਈ ਨਹੀਂ, ਐਵੇਂ ਇਕ ਘੰਟੇ ਕੁ ਲਈ ਆਈ ਸਾਂ, ਕਿ ਰਤੀ ਸੈਲ ਕਰ ਜੀ ਪ੍ਰਛੋਾ ਆਵਾਂ। ਪਰ ਹੁਣ ਏਥੇ ਈ ਫਾਬੇ। ਉਹ ਵੀ ਪਿੱਛੋਂ ਆ ਜਾਣਗੇ।

ਕਪੂਰ.---(ਮੁਸਕ੍ਰਾਕੇ)ਇਹ ਵੀ ਸੈਰ ਈ ਹੈ। ਚਲੋ ਨਹੀਂ ਤੇ ਹੇਠਾਂ ਚਲੀਏ। ਡੇਗ ਦੇ ਕੰਢੇ ਤੇ ਬੈਠ ਜੀ ਪਰਚਾਈਏ। ਕਿਹਾ ਨਿਰਮਲ ਨੀਰ ਹੈ।

(ਆਪ ਉਤਰ ਕੇ ਡਰਾਈਵਰ ਕੋਲ ਜਾ)

ਹਾਂ ਕੀ ਕਾਰਬ੍ਰੇਟਰ ਵਿਚ ਮਿੱਟੀ ਹੈ। ਘਰੋਂ ਵੇਖਕੇ ਟੁਰਨਾਂ ਸੀ।

ਡਰਾਈਵਰ:--ਹਜ਼ੂਰ ! ਵੇਖ ਕੇ ਈ ਟੁਰਿਆ ਸਾਂ। ਪਰ ਮਸ਼ੀਨ ਹੋਈ, ਪਤਾ ਨਹੀਂ ਕੇਹੜੇ ਵੇਲੇ ਵਿਗੜ ਜਾਵੇ। ਚਲਦੀ ਚਲਦੀ ਖੜੋ ਜਾਵੇ।

ਕਪੂਰ ---ਕਿਉਂ ਪਤਾ ਨਹੀਂ ? ਤੁਸੀਂ ਨੌਕਰ ਕਿਸ ਗਲ ਦੇ ਹੋ ?

ਡਰਾਈਵਰ:--ਹਜ਼ੂਰ ! ਆਦਮੀ ਦੀ ਮਸ਼ੀਨ ਵੀ ਬੈਠੇ ਬੈਠੇ ਬਾਜੇ ਵੇਲੇ ਵਿਗੜ ਜਾਂਦੀ ਏ ਤਾਂ ਕੀ ਕਰੀਦਾ ਹੈ ?

ਕਪੂਰ:---ਬਕ ਬਕ ਕਰਨਾਂ ਸ਼ੁਰੂ ਕਰ ਦਿਤਾ। ਆਪਣਾ ਕਸੂਰ ਨਹੀਂ ਮੰਨਦਾ। ਛੇਤੀ ਕਰ ਸਾਡਾ ਵੇਲਾ ਨਾ ਵੰਞਾ।

ਮਿ: ਮੈਹਰਾ:--ਅੱਜਕਲ ਏਹੀ ਤੇ ਨੌਕਰਾਂ ਵਿਚ ਭੈੜ ਏ।

ਡਰਾਈਵਰ:--ਜਦ ਜਗਤ ਨੂੰ ਈ ਵਗ ਗਈ ਤਾਂ ਨੌਕਰ ਕੀ ਕਰਨ।

ਕਪੂਰ ---ਤੂੰ ਕੰਮ ਕਰਣਾ ਏ, ਕਿ ਬੜ ਬੜ ਲਾਈ ਰਖਣੀ ਏ ? ਸਾਡਾ ਵੇਲਾ ਜਾਂਦਾ ਏ। ਛੇਤੀ ਕਰ।

ਡਰਾਈਵਰ---ਠੀਕ ਹਜ਼ੂਰ। ਹਜ਼ੂਰ ! ਵੇਲਾ ਤੇ ਜਾਂਦਾ ਈ ਏ। ਮੈਂ ਵੀ ਜਾਣਨਾ ਹਾਂ ਕਿ ਮੁਸ਼ਕਲ ਨਾਲ ਤੁਹਾਨੂੰ ਵੇਹਲ ਮਿਲੀ, ਨਹੀਂ ਤੇ ਕੰਮਾਂ ਵਿਚ ਵੇਹਲ ਕਿਥੋਂ। ਪਰ ਮੈਂ ਵੀ ਤੇ ਛੇਤੀ ਈ ਕਰਣਾ ਹਾਂ,ਜੋ ਲਗਦੀ ਏ ਵਾਹ ਲਾਉਨਾਂ

ਹਾਂ, ਪਰ ਇਕ ਤੇ ਤੁਸੀਂ ਨਵੇਕਲਾ ਕੰਮ ਨਹੀਂ ਕਰਨ ਦਿੰਦੇ, ਦੂਜਾ ਮੋਟਰ ਦੀ ਮਰਜ਼ ਅਜੇ ਹਥ ਨਹੀਂ ਆਈ।

ਕਪੂਰ:--(ਘੜੀ ਵੇਖ) ਦਸ ਮਿੰਟ ਜ਼ਾਇਆ ਕਰ ਚੁਕਾ ਹੈਂ। ਤੇ ਦੋਸ ਸਾਡੇ ਤੇ ਲਾਉਣਾ ਹੈਂ!

ਡਰਾਈਵਰ:--ਹਜ਼ੂਰ, ਇਹ ਤੇ ਹਥ ਦੀ ਕਿਰਤ ਹੈ। ਐਵੇਂ ਗਿਟ-ਮਿਟ ਕਰਕੇ ਤੇ ਦੋ ਲੀਕਾਂ ਵਾਹ ਕੇ ਰੁਪਏ ਨਹੀਂ ਨਾਂ ਵਰੋਲਦਾ। ਇਹ ਮਜ਼ੂਰੀ ਹੈ।

ਕਪੂਰ:----ਫਿਰ ਬਕਵਾਸ! ਜਿੱਨੀ ਤੇਰੀ ਜ਼ਬਾਨ ਚਲਦੀ ਹੈ ਕਦੀ ਹਥ ਵੀ ਚੱਲਣ ਤਾਂ ਮੋਟਰ ਕਦ ਦੀ ਟੁਰ ਪੈਂਦੀ।

ਡਰਾਈਵਰ--ਬਕਵਾਸ! ਬਕਵਾਸ!! ਕਰੀ ਜਾਂਦੇ ਓ। ਮੈਂ ਕੰਮ ਕੀਕਨ ਕਰਾਂ! (ਹਾਉਕਾ ਭਰਕੇ) ਆਖ ਲਵੋ ਜੋ ਮਰਜ਼ੀ ਜੇ। ਕਦੀ ਸਾਡਾ ਵੀ ਸੱਚਾ ਰਬ ਬੌਹੜੇਗਾ।

ਕਪੂਰ---ਬਕ! ਬਕ!! ਬਕ!!! ਤੁਹਾਡੇ ਮਜ਼ੂਰ ਲੋਕਾਂ ਦੀਆਂ ਮਿਜ਼ਾਜਾਂ ਤੇ ਅੱਜ ਕਲ ਵਿਗੜ ਗਈਆਂ ਨੇਂ।

ਡਰਾਈਵਰ:--ਸਾਡੀਆਂ ਕੀ ਮਿਜ਼ਾਜਾਂ ਵਿਗੜਨੀਆਂ ਨੇਂ? ਹੱਥੀਂ ਕੰਮ ਕਰਨਾਂ ਲਹੂ ਮੁੜ੍ਹਕੇ ਨੂੰ ਇਕ ਕਰਕੇ ਦੋ ਪੈਸੇ ਦੀ ਕਮਾਈ ਕਰੀਦੀਏ। ਮਜ਼ੂਰਾਂ ਨੂੰ ਵੇਹਲੇ ਧਨੀਆਂ ਵਾਂਗੂ ਐਸ਼ਾਂ ਤੇ ਬਹਾਰਾਂ ਤੇ ਨਹੀਂ ਨਾਂ। ਮਜ਼ੂਰ ਕਮਾਣ ਤੇ ਧਨੀ ਘਰ ਬੈਠੇ ਮੌਜਾਂ ਉਡਾਣ। ਵਾਹ ਵਾ, ਕਿਹਾ ਸੋਹਣਾ ਇਨਸਾਫ਼। ਤਰਸ, ਰਹਿਮ ਉਡ ਗਿਆ।

ਕਪੂਰ:---ਠੀਕ! ਠੀਕ!! ਸਾਡਾ ਰਹਿਮ ਤਰਸ ਤੇ ਨਹੀਂ ਗਿਆ, ਸਗੋਂ ਉਲਟਾ ਤੁਸਾਂ ਨੇ ਹੁਣ ਸਾਰਿਆਂ ਨੂੰ ਤੰਗ ਕਰਣਾ ਸ਼ੁਰੂ ਕੀਤਾ ਹੈ। ਆਪਣੇ ਅੱਡ ਅੱਡ ਧੜੇ ਬਣਾ ਲਏ, ਤੇ ਲੋਕਾਂ ਨੂੰ ਸਤਾਨ ਲਗ ਪਏ।

ਡਰਾਈਵਰ.--ਕੀ ਅਸੀਂ ਵਾਹਿਗੁਰੂ ਦੇ ਬੰਦੇ ਨਹੀਂ? ਅਮੀਰ ਵਧ ਨੇਂ! ਉਹ ਕਿਉਂ ਲੋਕਾਂ ਦਾਂ ਲਹੂ ਚੂਸ ਚੂਸ ਮੋਟੇ ਹੋਣ ਤੇ ਐਸ਼ ਬਹਾਰਾਂ ਕਰਨ ਅਤੇ ਗਰੀਬ ਇਕ ਟਿੱਕੀ

ਨੂੰ ਤਰਸਨ !

ਕਪੂਰ:—ਆਪਣੇ ਆਪਣੇ ਕਰਮ । ਪਿਛਲੇ ਕਰਮ । ਐਥੋਂ ਚੰਗੇ ਕਰ; ਅਗਲੇ ਜਨਮ ਸੁਖ ਪਾਵੇ। ਤੁਸਾਂ ਉਲਟ ਮਤ ਲੈ ਹੁਣ ਦੁਨੀਆਂ ਨੂੰ ਤੰਗ ਕਰਣਾ ਸ਼ੁਰੂ ਕੀਤਾ ਹੈ। ਪਰ ਤੁਸੀਂ ਲੋਕ ਇਹ ਨਹੀਂ ਸਮਝਦੇ ਕਿ ਤੁਸੀਂ ਕੰਮ ਕਰਨ ਦੇ ਘੰਟੇ ਤੇ ਘਟ ਕਰੀ ਜਾਂਦੇ ਓ, ਤੇ ਮਜ਼ੂਰੀ ਵਧ ਮੰਗਦੇ ਓ । ਜਿਸ ਦਾ ਸਿੱਟਾ ਇਹ ਨਿਕਲਸੀ ਕਿ ਸਭ ਚੀਜ਼ਾਂ ਮਹਿੰਗੀਆਂ ਹੋਣਗੀਆਂ, ਤੇ ਮਜ਼ੂਰ ਵੀ ਮਹਿੰਗੀਆਂ ਵਸਤਾਂ ਖਰੀਦਨਗੇ । ਤਾਂ ਤੇ ਉਨ੍ਹਾਂ ਨੂੰ ਮਜ਼ੂਰੀ ਵਧੀ ਦਾ ਕੀ ਲਾਭ ਹੋਸੀ ? ਉਨ੍ਹਾਂ ਨੂੰ ਚਾਹੀਏ ਕਿ ਮਿਲ ਕੇ ਕੰਮ ਕਰਨ ਤੇ ਦੇਸ ਦਾ ਧਨ ਵਧਾਣ ।

ਡਰਾਈਵਰ --ਪਰ ਰਬ ਨੇ ਅਮੀਰਾਂ ਨੂੰ ਕਦੋਂ ਹੁਕਮ-ਨਾਮਾ ਦਿਤਾ ਹੈ ਕਿ ਸਾਰੀ ਦੌਲਤ ਕੱਠੀ ਕਰਕੇ ਮੌਜਾਂ ਮਾਨਣ, ਤੇ ਹੋਰ ਭੁੱਖੇ ਮਰਨ। ਹਜ਼ੂਰ ਇਨ੍ਹਾਂ ਗੱਲਾਂ ਦੀ ਮਾਫ਼ੀ ਬਖਸ਼ਨੀ। ਤੁਸੀਂ ਪੜ੍ਹੇ ਲਿਖੇ ਸਿਆਣੇ ਲੀਡਰ ਹੋਏ, ਤੁਹਾਡੇ ਅੱਗੇ ਰੋਣਾਂ ਨਾ ਰੋਵਾਂ ਤੇ ਕਿਥੇ? ਸਾਡੇ ਸਤਿਗੁਰਾਂ ਨੇ ਤੇ ਵੰਡ ਛਕਣ ਦਾ ਹੁਕਮ ਦਿਤਾ ਹੈ । ਜੇ ਦੇਸ਼ ਦੀ ਦੌਲਤ ਦੇਸ਼ ਦੀ ਏ, ਤਾਂ ਵੰਡਕੇ ਖਾਵੋ।

ਕਪੂਰ---ਮੈਂ ਕੋਈ ਨਾਰਾਜ਼ ਨਹੀਂ। ਪਰ ਸ੍ਰਦਾਰ ਜੀ, ਰਤੀ ਮੋਟਰ ਵੀ ਠੀਕ ਕਰੋ।

ਡਰਾਈਵਰ.--(ਹਥ ਜੋੜ) ਮਾਫ਼ੀ ਦਿਓ ! ਤੁਸੀਂ ਰਤੀ ਸੈਲ ਕਰੋ। ਮੋਟਰ ਹੁਣੇ ਤਿਆਰ ਹੋ ਜਾਂਦੀ ਏ।

ਮਿ: ਮੇਹਰਾ:-ਤੁਸੀਂ ਕੀ ਝਗੜਾ ਲਾ ਬੈਠੇ ਹੋ । ਅੱਜਕਲ ਮਜ਼ੂਰ ਪੇਸ਼ਾ ਲੋਕਾਂ ਦਾ ਜ਼ੋਰ ਹੈ। ਇਸ ਨੂੰ ਕੰਮ ਕਰਨ ਦਿਓ, ਆਓ ਅਸੀਂ ਡੇਗ ਦੇ ਕੰਢੇ ਤੇ ਸੈਲ ਕਰ ਆਈਏ।

ਕਪੂਰ---(ਝੁੱਕਕੇ, ਮੁਸਕ੍ਰਾਕੇ) ਹਾਂ ਚਲੋ ਚਲੀਏ।

[ਮੋਟਰ ਦਾ ਬੂਹਾ ਖੋਲ੍ਹਦਾ ਹੈ। ਬਾਂਹ ਵਿਚ ਬਾਂਹ ਪਾਕੇ ਕਪੂਰ ਤੇ ਮਿਸਜ਼ ਮੈਹਰਾ ਡੈਕ ਵਲ ਚਲ ਜਾਂਦੇ ਨੇ।

ਡਰਾਈਵਰ:-(ਇਕੱਲਾ)ਵੇਖੋ ਖਾਂ ਸਾਡੇ ਸਿਰ ਤੇ ਆ ਸਵਾਰ ਹੁੰਦੇ ਨੇ। ਭਲਾ ਮੋਟਰ ਵਿਗੜ ਗਈ ਤੇ ਮੈਂ ਕੀ ਕਰਾਂ? ਪਰ ਉਹ ਵੀ ਸੱਚੇ। ਕਰਨ ਕੀ, ਐਸ ਮੈਮ ਨੂੰ ਤੇ ਪਿੱਛੇ ਖਸਮ ਦਾ ਡਰ ਹੋਇਆ,ਤੇ ਸਾਡੇ ਸਾਹਬਨੂੰ ਆਪਣੀ ਮੇਮ ਦਾ। ਚੋਰੀਆਂ ਯਾਰੀਆਂ ਵੀ ਕਦੀ ਲੁਕੀਆਂ ਰਹਿੰਦੀਆਂ ਨੇ। ਅੱਜ ਨਹੀਂ ਕਲ੍ਹ ਗੁੱਥਮ-ਗੁੱਥਾ ਲਵੋ। ਵਾਹਿਗੁਰੂ! ਵਾਹਿਗੁਰੂ!! ਅੱਜ ਕਲ ਤੇ ਖਬਰੇ ਕੀ ਹਨੇਰ ਆਉਣ ਲੱਗਾ ਹੈ। ਪਰ ਯਾਦ ਰੱਖਨ, ਉਹ ਵੇਲਾ ਦੂਰ ਨਹੀਂ ਜਦ ਸਾਡੇ ਕਿਰਤੀਆਂ ਦੀ ਵੀ ਰੱਬ ਸੁਣੇਗਾ।

[ਕੰਮ ਨੂੰ ਲਗਦਾ ਹੈ,ਆਉਂਣਾ ਇਕ ਦੋ-ਸੀਟੀ ਮੋਟਰ ਦਾ,ਜਿਸ ਵਿਚ ਪੰਡਤ ਕਿਚਲੂ ਤੇ ਸਕੁੰਤਲਾ ਸਵਾਰ ਨੇ। ਮੋਟਰ (ਪਰਦੇ ਪਿੱਛੇ ਹੀ) ਖੜੀ ਹੁੰਦੀ ਹੈ; ਪੰਡਤ ਕਿਚਲੂ ਤੇ ਸਕੁੰਤਲਾ ਉਤਰਕੇ ਸੜਕ ਤੇ।

ਪੰ: ਕਿਚਲੂ:-ਵੇਲ ਬੰਤਾ ਸਿੰਘ, ਕੀ ਕਪੂਰ ਸਾਹਿਬ ਆਏ ਨੇਂ, ਕਿੱਥੇ ਨੇਂ?

ਡਰਾਈਵਰ:-(ਹੱਥ ਨਾਲ ਬੰਦਗੀ ਕਰ) ਹਜ਼ੂਰ, ਔਹ ਹੇਠਾਂ ਗਏ ਨੇਂ।

ਪੰ: ਕਿਚਲੂ:-ਨਾਲ ਕੌਣ ਏ?

ਡਰਾਈਵਰ:-ਹਜ਼ੂਰ, ਪ੍ਰੋਫੈਸਰ ਸਾਹਿਬ ਦੀ ਮੇਮ! [ਸਕੁੰਤਲਾ ਪੰਡਤ ਜੀ ਦੇ ਮੂੰਹ ਵਲ ਤੱਕਦੀ ਹੈ ਤੇ ਦੋਵੇਂ ਮੁਸਕ੍ਰਾਂਦੇ ਨੇਂ।

ਕਿਚਲੂ:-(ਸਕੁੰਤਲਾ ਵਲ) ਚਲੋ ਹੇਠਾਂ ਕੀ ਜਾਣਾ ਏਂ। ਇਥੇ ਹੀ ਸੈਰ ਕਰ ਲਈਏ, ਥਾਂ ਵੀ ਸੁਹਾਉਣਾ ਹੈ,ਤੇ............।

ਸਕੁੰਤਲਾ:-ਐਥੇ ਤੇ ਉਤਰ ਪਏ। ਪਰ ਭੈਣ ਜੀ ਬੁਰਾ ਨਾ ਮਨਾਣ।

ਕਿਚਲੂ:-ਬੁਰਾ ਕਿਸ ਗਲ ਦਾ? ਤੁਹਾਡਾ ਮੇਰੇ ਨਾਲ ਆਉਣਾ, ਕਿ ਆਪਣਾ ਕਪੂਰ ਨਾਲ?

ਸਕੁੰਤਲਾ:-(ਮੁਸਕ੍ਰਾ ਕੇ) ਕੁਝ ਸਮਝ ਲਵੋ।

[ਸੜਕ ਤੋਂ ਤੁਰ ਕੇ ਹੇਠਾਂ ਆਉਂਦੇ ਨੇਂ।

ਕਿਚਲੂ:-ਮੈਨੂੰ ਬੜਾ ਈ ਅਫਸੋਸ ਹੈ ਕਿ ਤੇਰੀ ਭੈਣ ਨੂੰ ਵੀ ਇਸ ਵਿਆਹ ਵਿਚ ਸੁਖ ਨ ਹੋਇਆ।

ਸਕੁੰਤਲਾ:-ਹਾਂ ਜੀ ਸੱਚ ਹੈ। ਹੁਣ ਕੁਝ ਚਿਰ ਤੋਂ ਜੀਜਾ ਜੀ ਵਟੇ ਈ ਰਹਿੰਦੇ ਨੇਂ। ਖਵਰ ਨਹੀਂ ਦੋ ਤਿੰਨ ਬਿਲ ਉਪ੍ਰੋ-ਥੱਲੀ ਆਏ,ਇਸ ਕਰਕੇ,ਜਾਂ ਕੁਝ ਹੋਰ ਗੱਲ ?

ਕਿਚਲੂ:-ਹੋਰ ਕੀ ਗੱਲ ਹੋਣੀ ਏਂ। ਅੱਜ ਕਲ ਆਜ਼ਾਦੀ ਦਾ ਸਮਾਂ ਏ। ਜਿਥੇ ਮਰਦ ਚਾਹੁਣ, ਫਿਰਨ। ਤੇ ਜਿਥੇ ਤੀਵੀਂ ਚਾਹੇ ਜਾਵੇ।

ਸਕੁੰਤਲਾ:-ਜੀ ਹਾਂ, ਇਹ ਮਰਦਾਂ ਦੀਆਂ ਆਖਣ ਦੀਆਂ ਈ ਗੱਲਾਂ ਨੇਂ। ਵਿਆਹ ਪਿੱਛੋਂ ਫਿਰ ਉਹੀ ਹਕੂਮਤ ਤੇ ਹੁਕਮ। ਓਹੀ ਪੁਰਾਨਾ ਸੁਭਾਉ।ਓਹੀ ਡੈਣ ਵਾਲਾ ਝੱਸ।

ਕਿਚਲੂ:-ਠੀਕ ਵੀ ਤੇ ਹੈ। ਜਦ ਦੀ ਦੁਨੀਆਂ ਬਣੀ, ਮਰਦ ਤੀਵੀਂ ਪੁਰ ਹਕੂਮਤ ਈ ਕਰਦਾ ਰਿਹਾ। ਅਕਸਰ ਇਸ ਆਜ਼ਾਦੀ ਦੇ ਸਮੇਂ ਵਿਚ ਵੀ ਉਹ ਪੁਰਾਣਾ ਝੱਸ ਤੇ ਆ ਈ ਪੈਂਦਾ ਹੈ।

ਸਕੁੰਤਲਾ:-(ਤੱਕਕੇ, ਮੁਸਕ੍ਰਾਕੇ) ਇਹੀ ਹਾਲ ਤੁਹਾਡਾ ਵੀ; ਜੇ ਸਾਰਿਆਂ ਦਾ।

ਕਿਚਲੂ:-ਸਾਡਾ ਹਾਲ ਤਾਂ ਕਿਸੇ ਵੇਖਿਆ ਨਹੀਂ ਨਾਂ! ਹਾਂ, ਪਰ ਜੇ ਤੁਹਾਡੇ ਜਿਹੀ ਸੁਘੜ ਦੇਵੀ, ਜੀਵਨ ਦੀ ਸਾਥਣ ਹੋਵੇ ਤਾਂ ਉਥੇ ਫੇਰ ਪਿਆਰ ਦੇ ਸੁਖ ਬਿਨਾਂ ਹੋਰ ਕੀ ?

ਸਕੁੰਤਲਾ:-(ਮੁਸਕ੍ਰਾ, ਅੱਖਾਂ ਨੀਵੀਆਂ ਪਾ) ਠੀਕ, ਮਰਦ ਇਹ ਗੱਲਾਂ ਤੇ ਝਟ ਆਖਣ ਨੂੰ ਤਿਆਰ ਹੋ ਜਾਂਦੇ ਨੇਂ। ਪਹਿਲੋਂ ਤਾਂ ਜੋ ਚਾਹੇ ਮਨਾਵੇ। ਪਰ ਪਿੱਛੋਂ........।

ਕਿਚਲੂ:-ਹੋਸੀ। ਸਾਨੂੰ ਕੀ ਪਤਾ। ਮੇਰੇ ਖ਼ਿਆਲ ਵਿਚ ਮਿਸਟ੍ਰ ਸਿੰਘ ਤੇ ਸਭ ਗੱਲੇ ਚੰਗਾ ਮਨੁਖ ਜਾਪਦਾ ਹੈ।

ਸਕੁੰਤਲਾ:-ਠੀਕ, ਬਾਹਰੋਂ ਈ ਦਿਸਦਾ ਹੈ। ਅੰਦਰੋਂ ਵੇਖੋ ਤਾਂ ਪਤਾ ਲੱਗੇ ਬੱਸ ਉਸ ਨੂੰ ਬਲਵੰਤ ਨੇ ਚੌੜ ਕਰ ਦਿੱਤਾ। ਸਿਰ ਤੇ ਅਜਿਹਾ ਜਾਦੂ ਪਾਇਆ ਕਿ ਕੀਲ ਈ ਛਡਿਆ, ਬੁਤ ਬਣ ਗਿਆ। ਹੁਣ ਸਿੰਘ ਤੇ "ਦੇਸ ਤੇ ਧਰਮ" ਈ ਪਿਆ ਕੂਕਦਾ ਹੈ। ਸਭ ਵਲੈਤੀ ਕਲਚਰ

ਤੇ ਤਹਜ਼ੀਬ ਉਡ ਗਈ।

ਕਿਚਲੂ:–ਓਹੋ!ਹਨੇਰ ! ਐਨਾ ਪਾਪ ! ਉਹ ਤੇ ਤੈਨੂੰ ਬੜਾ ਪਿਆਰ ਕਰਦਾ ਹੈ।

ਸਕੁੰਤਲਾ:–ਤੁਹਾਨੂੰ ਭਾਸਦਾ ਹੋਣਾ ਏ।

ਕਿਚਲੂ:–(ਮੁਸਕ੍ਰਾ ਕੇ) ਉਹ ਹੀਰੇ ਦੀ ਬੂਚ ? ਸਿਨੇਮਾ, ਬਾਲ, ਅਖਬਾਰ ?

ਸਕੁੰਤਲਾ:–ਅਮੀਰਾਂ ਦੇ ਚੋਚਲੇ।

ਕਿਚਲੂ –(ਉਪਰੋਂ ਹੈਰਾਨੀ ਨਾਲ ਵਿਚੋਂ ਖੁਸ਼)ਕੀ ਸਾਰੀ ਗੱਲ ਝੂਠ ਸੀ?

ਸਕੁੰਤਲਾ:—ਹਾਂ ਕੂੜ। ਸਭ ਕੁਝ ਓਪਰਾ ਸੀ।

ਕਿਚਲੂ:–(ਹਸਕੇ) ਸਿੰਘ ਕੀਕੂੰ ਤੁਹਾਡੇ ਜਾਲ ਵਿਚੋਂ ਬਚ ਗਿਆ ? ਹੈਰਾਨੀ।

ਸਕੁੰਤਲਾ:–(ਮੂੰਹ ਵੱਟਕੇ) ਅਸੀਂ ਮੱਕੜੀਆਂ ਜੁ ਹੋਈਆਂ। ਤੁਸੀਂ ਬਚੋ। (ਪਰੇ ਹਟਕੇ) ਵੇਖਿਓ ਕਿਧਰੇ ਫਸ ਨਾ ਜਾਣਾ।

ਕਿਚਲੂ:–(ਹਥ ਨੂੰ ਹਥ ਵਿਚ ਫੜ ਤੇ ਮੂੰਹ ਕੋਲ ਲਿਜਾ) ਵਾਹ ਜੀ, ਵਾਹ ! ਏਸ ਨਖ਼ਰੇ ਨੇ ਤੇ ਦਿਲ ਕੱਢ ਈ ਲਿਆ। ਬਾਕੀ ਕੀ ਰਿਹਾ। ਜਿਥੇ ਦਿਲ ਉਥੇ ਮੈਂ।

ਸਕੁੰਤਲਾ:—ਤੁਹਾਡਾ ਦਿਲ ਕੱਢ ਲਿਆ ? ਮੈਂ ਡੈਣ ਜੁ ਹੋਈ। (ਹਥ ਛੁਡਾ ਪਰੇ ਹਟ, ਵੇਖਣਾ ਮੇਰੀ ਨਜ਼ਰ ਨਾਂ ਖਾ ਜਾਵੇ। (ਘੂਰਦੀ ਏ)

ਕਿਚਲੂ:–ਤੇਰੀ ਨਜ਼ਰ–ਉਹ ਤੇ ਘੈਲ ਕਰ ਚੁਕੀ। ਹੁਣ ਭਾਵੇਂ ਤੜਪਾ ਭਾਵੇਂ ਪਾਰ ਲੰਘਾ।

ਸਕੁੰਤਲਾ --(ਨਖਰੇ ਨਾਲ ਨੇੜੇ ਆ) ਵੇਖਾਂ ਕਿਥੇ ਫੱਟ ਲਗੇ ਨੇਂ ?

ਕਿਚਲੂ:–(ਹਥ ਫੜ ਦਿਲ ਦੇ ਕੋਲ ਲੈਜਾ) ਵੇਖੋ ਖਾਂ ਹੈ ਨਾ ਤੜਪ !

ਸਕੁੰਤਲਾ:--ਏਹ ਧੜਕ ਤੇ ਕੁਦਰਤੀ। (ਹਥ ਨੂੰ ਫੜ ਚੁੰਮ ਲੈਂਦਾ ਹੈ। ਸਕੁੰਤਲਾ ਪਰੇ ਖਿਚ ਲੈਂਦੀ ਹੈ)

ਕਿਚਲੂ:–ਹਾਂ, ਪਿਆਰ ਵੀ ਕੁਦਰਤੀ ਖੇਡ ਹੈ। ਰੱਬੀ ਚਮਕਾਰਾ ਹੈ। ਚਲੋ ਔਥੇ ਕੰਢੇ ਤੇ ਚਲ ਬਹੀਏ।

[ਕੰਢੇ ਤੇ ਇਕ ਝਾੜੀ ਦੇ ਉਹਲੇ ਬੈਠਦੇ ਨੇਂ।

ਸਕੁੰਤਲਾ --ਕਿਹਾ ਸੋਹਣਾ ਨੀਰ ਵਗਦਾ ਹੈ, ਮਨ ਨੂੰ ਹਰਦਾ ਹੈ।

ਕਪੂਰ:--ਇਹ ਤੇ ਪਿਆਰ ਦਾ ਵੇਸ ਹੈ। ਤੇਰੀ ਮੋਹਣੀ ਸੂਰਤ ਵੇਖ ਉਹ ਵੀ ਹੱਸ ਵਿਚ ਨਚਦਾ, ਤੇ ਹੱਸਦਾ ਹੈ।

ਸਕੁੰਤਲਾ:--ਹੁਣ ਤੇ ਤੁਹਾਨੂੰ ਬੜਾ ਵੈਰਾਗ ਹੋਇਆ। ਕਿੰਨੇ ਚਿਰ ਲਈ?

ਕਿਚਲੂ:--ਜਦ ਤੀਕਨ ਤਨ ਵਿਚ ਜਾਨ।

ਸਕੁੰਤਲਾ--ਘੜੀ ਪਲ ਦਾ ਪਿਆਰ। ਜਿੰਨੀ ਛੇਤੀ ਪ੍ਰੀਤ ਲਗਦੀ ਏ ਓਨੀ ਈ ਛੇਤੀ ਜਾਂਦੀ ਏ।

[ਆਉਂਦੇ ਨੇ ਇਕ ਟੈਕਸੀ ਵਿਚ ਪ੍ਰੋਫੈਸਰ ਮੋਹਰਾ ਤੇ ਮਿਸਜ਼ ਕਪੂਰ। ਮੋਟਰ ਖੜੀ ਕਰ ਪਰਦੇ ਪਿਛੇ, ਉਤਰ ਕੇ।

ਪ੍ਰੋ: ਮੋਹਰਾ:--ਏਥੇ ਦੋ ਮੋਟਰਾਂ ਖੜੀਆਂ ਨੇਂ। ਇਕ ਕਪੂਰ ਦੀ ਤੇ ਇਕ ਕਿਚਲੂ ਦੀ। ਗਲ ਕੀ?

ਮਿਸਜ਼ ਕਪੂਰ:--ਮੇਰੇ ਖ਼ਿਆਲ ਵਿਚ ਆਪ ਦੀ ਸੁਪਤਨੀ ਤੇ ਸਾਲੀ ਵੀ ਏਥੇ ਹੀ ਹੋਣਗੀਆਂ। ਡਰਾਈਵਰ ਨੂੰ ਪੁੱਛੋ।

ਪ੍ਰੋ: ਮੋਹਰਾ:--ਬੰਤਾ ਸਿੰਘ! ਸੁਨਾ ਯਾਰ, ਕੀ ਹੋਯਾ ਮੋਟਰ ਨੂੰ?

ਡਰਾਈਵਰ — ਕੁਝ ਏਹਦੀ ਕੂਲ ਵਿਗੜ ਗਈ ਏ। ਬਸ ਹੁਣੇ ਤਿਆਰ ਹੁੰਦੀ ਏ।

ਪ੍ਰੋ: ਮੋਹਰਾ:--ਸੁਣਾ, ਮਿਸਟਰ ਕਪੂਰ ਦੇ ਨਾਲ ਕੌਣ ਕੌਣ ਨੇਂ?

ਡਰਾਈਵਰ:--ਹਜ਼ੂਰ ਦੀ ਮੇਮ। ਪੰਡਤ ਜੀ ਤੇ ਮਿਸ ਸਾਹਿਬ ਅੰਦਰ ਗਏ ਨੇਂ। (ਪ੍ਰੋ: ਮੋਹਰਾ ਤੇ ਮਿਸਜ਼ ਕਪੂਰ ਚੁਪ ਓਧਰ ਜਾਂਦੇ ਨੇਂ ਜਿੱਧਰ ਕਪੂਰ ਤੇ ਮਿ: ਮੋਹਰਾ ਨੇ)

ਪ੍ਰੋ: ਮੋਹਰਾ:--ਮਿਸਜ਼ ਕਪੂਰ, ਸਾਨੂੰ ਏਥੇ ਠੇਹਰਨ ਨਾਲ ਕਲੇਸ਼ ਈ ਹੋਵੇਗਾ।

ਮਿਸਜ਼ ਕਪੂਰ:--ਪ੍ਰੋਫੈਸਰ ਸਾਹਿਬ ਠੀਕ, ਕੰਨੀਂ ਸੁਣੀਆਂ, ਅੱਖੀਂ ਵੇਖ ਲੈਸਾਂ। ਮੈਨੂੰ ਤੇ ਬੜਾ ਧੋਖਾ ਹੋਇਆ। ਤੁਹਾਡੀ ਪਤਨੀ ਤੇ ਵੀ ਬੜਾ ਅਫ਼ਸੋਸ ਹੈ। ਵਲੈਤ ਜਾ ਉਹ ਵੀ ਚੰਗੀ ਗੱਲ ਕੋਈ ਨਾਂ ਸਿੱਖੀ। ਬਾਹਰਲੇ ਲਿਸ਼ਕਾਰੇ ਨੇ ਈ ਹੁਨੂੰ ਕਰ ਦਿਤਾ।

ਪ੍ਰੋ: ਮੋਹਰਾ:--(ਅਫ਼ਸੋਸ ਨਾਲ) ਇਸ ਪਛਮੀ ਫ਼ੈਸ਼ਨ ਨੇ ਘਰ ਘਰ

ਅੱਗ ਲਾ ਦਿਤੀ। ਔਹ ਵੇਖੋ ਮਿਸ ਸਾਹਨੀ ਤੇ ਕਿਚਲੂ ਬੈਠੇ ਨੇਂ। ਕਦੀ ਮਿਸ ਦਰ ਨਾਲ ਸੁਰ ਮਿਲਾਂਦੇ ਨੇਂ ਤੇ ਵਿਆਹ ਦਾ ਭਰੋਸਾ ਦਿਵਾਂਦੇ ਨੇਂ;ਕਦੀ ਸਾਹਨੀ ਨਾਲ।

ਮਿ: ਕ.--ਖੈਰ ਇਸਦਾ ਡਰ ਨਹੀਂ। ਅੰਤ ਸਾਰੇ ਹੈਨ ਤੇ ਕਵਾਰੇ ਕਵਾਰੀਆਂ। ਜਿਥੇ ਦਿਲ ਪਤੀਜੇ, ਪਿਆਰ ਸਮੀਜੇ, ਉਥੇ ਸਾਕ ਕਰਨ। ਪਰ ਹਨੇਰ ਤੇ ਵਿਆਹਿਆਂ ਨੂੰ। [ਜੰਗਲ ਵਿਚ ਇਕ ਪਾਸੇ ਚਲੇ ਜਾਂਦੇ ਨੇ।

[ਸੜਕ ਤੇ ਆਉਂਦੇ ਨੇ ਮੋਟਰ ਵਿਚ ਸਿੰਘ, ਬਲਵੰਤ ਤੇ ਰਾਜ ਦੁਲਾਰੀ। ਪਰਦੇ ਪਿਛੇ ਈ ਉਤਰਕੇ ਹੇਠਾਂ ਆਉਂਦੇ ਨੇਂ]

ਸਿੰਘ:-ਹੈਂ, ਏਥੇ ਤੇ ਸੋਸ਼ਿਲ ਮੇਲਾ ਹੈ। ਵੇਖੋ ਪ੍ਰੋਫ਼ੈਸਰ ਤੇ ਮਿਸਜ਼ ਕਪੂਰ, ਕੱਠੇ ਹੇਠਾਂ ਜਾਂਦੇ ਨੇਂ, ਪੈਹਲੇ ਕਪੂਰ ਤੇ ਮਿਸਜ਼ ਮੈਹਰਾ ਆਏ ਨੇਂ। ਓਧਰ ਪੰਡਤ ਤੇ ਮਿਸ ਸਾਹਣੀ ਬੈਠੇ ਨੇਂ। ਪਰ ਓਹਲੇ।

ਰਾਜ ਦੁਲਾਰੀ:-ਅਫ਼ਸੋਸ, ਏਸ ਸੁਸੈਂਟੀ ਤੇ ਅਫ਼ਸੋਸ।

(ਮਿਸਜ਼ ਕਪੂਰ ਤੇ ਪ੍ਰੋਫ਼ੈਸਰ, ਉਹਲੇ ਹੋ ਜਾਂਦੇ ਨੇਂ)

ਬਲਵੰਤ-ਵੀਰ ਜੀ ਏਹੀ ਤੇ ਮੈਂ ਆਖਦੀ ਸਾਂ।

ਸਿੰਘ:—(ਸੋਚ ਵਿਚ) ਅਫ਼ਸੋਸ ਕਾਹਦਾ ? ਇਹ ਤੇ ਪਛਮੀ ਫ਼ੈਸ਼ਨ ਦਾ ਨਾਟਕ ਹੈ ਈ।

ਬਲਵੰਤ:-ਅਜੇ ਔਰ ਅੱਗੇ ਵੇਖੋਗੇ। ਤੁਸੀਂ ਤੇ ਹੁਣੇ ਈ ਆਏ ਹੋ ਨਾਂ।

ਰਾਜ:--ਠੀਕ, ਹੋਸੀ। ਪਰ ਸਾਡਾ ਮਨ ਤੇ ਇਹ ਵੇਖ ਵੇਖ ਕੇ, ਇਸ ਸੁਸੈਂਟੀ ਤੋਂ ਈ ਉਦਾਸ ਹੁੰਦਾ ਜਾਂਦਾ ਏ।ਕੀ ਏਹੀ ਭਾਰਤ ਦੇ ਲੇਖਾਂ ਵਿਚ ਲਿਖਿਆ ਸੀ ?

ਬਲਵੰਤ ਕੌਰ:-ਭੈਣ ਇਹ ਪਛਮੀ 'ਕਲਚਰ' (Culture) ਘੁਲਦੀ ਏ, ਜਿਸ ਲਈ ਅਸੀਂ ਲੋਚਦੇ ਹਾਂ। ਜਦ ਮਿਲੀ ਵਿਤੋਂ ਬਾਹਰੇ ਹੋਏ, ਤਾਂ ਬਸ ਪੁਆੜੇ ਪਏ।

ਸਿੰਘ: -ਜਦ ਦੋ ਅੱਡੋ ਅੱਡ ਤਹਿਜ਼ੀਬਾਂ ਦਾ ਟਾਕਰਾ ਹੋਵੇ ਤਾਂ ਹਮੇਸ਼ਾ ਹਾਕਮਾਂ ਦੀ ਤਹਿਜ਼ੀਬ ਦੀ ਈ ਜਿੱਤ ਹੁੰਦੀ ਹੈ।

ਇਹ ਜਗ ਦਾ ਨੇਮ ਹੈ ਕਿ ਲੋਕ ਹਮੇਸ਼ ਆਪਣੇ ਰਾਜਾ ਦੀ ਨਕਲ ਕਰਦ ਨੇਂ। ਜੋ ਉਸ ਦਾ ਦਸਤੂਰ, ਉਹੀ ਵਰਤੋਂ ਵਿਚ ਲਿਆਉਂਦੇ ਨੇਂ। ਵੇਖੋ ਮੁਗਲਾਂ ਤੇ ਪਠਾਣਾਂ ਦੇ ਵੇਲੇ ਵੀ ਹਿੰਦੂਆਂ ਨੇ ਆਪਣੀ ਰਹਿਣੀ ਬਹਿਣੀ ਬਦਲੀ ਸੀ। ਤ੍ਰੀਮਤਾਂ ਦੇ ਮੂੰਹ ਤੇ ਪਰਦਾ ਪਾਇਆ। ਸਾਫ਼ੇ ਬੱਨ੍ਹੇ, ਸਲਵਾਰਾਂ ਪਾਈਆਂ। ਇਹ ਰਾਜ ਦਾ ਪ੍ਰਤਾਪ ਸੀ। ਸੋਈ ਹੁਣ ਗਲ ਏ।

ਰਾਜ:—ਪਰ ਮੁਗਲਾਂ ਨੇ ਵੀ ਤ ਹਿੰਦੂਆਂ ਦੇ ਭਰੁਾਵੇ ਲਿੱਤੇ ਸਨ। ਜੀਕਨ ਅੰਗ੍ਰੱਖੇ, ਖਿੜਕੀਦਾਰ ਪਗ, ਤਗ ਪਜਾਮੇ। ਤੇ ਮੁਸਲਮਾਨ ਸ਼ਾਹਜ਼ਾਦੀਆਂ ਤੇ ਬਿਲਕੁਲ ਰਾਜ-ਪੁਤ-ਨੀਆਂ ਵਾਂਗੂੰ ਕਪੜੇ ਪਾਦੀਆਂ ਸਨ।

ਸਿੰਘ:—ਠੀਕ, ਪਰ ਉਨ੍ਹਾਂ ਮੁਗਲਾਂ ਨੇ ਤੇ ਭਾਰਤ ਆਪਣਾ ਘਰ ਬਣਾਇਆ ਸੀ। ਉਹ ਹਿੰਦੀ ਬਣ ਗਏ ਸਨ। ਅਕਬਰ ਨੇ ਕੋਸ਼ਸ਼ ਕੀਤੀ ਸੀ ਕਿ ਹਿੰਦੁਸਤਾਨੀ ਕੌਮ ਬਣ ਜਾਏ, ਮਜ਼੍ਹਬ, ਧਰਮ ਦਾ ਫ਼ਰਕ ਉਡ ਜਾਏ, ਪਰ ਭਾਰਤ ਦੇ ਲੇਖ ਅਜੇਹੇ ਕਿਥੋਂ ਸਨ! ਸਾਡੇ ਹੁਣ ਦੇ ਹਾਕਮ ਤੇ ਰਹਿੰਦੇ ਬਹਿੰਦੇ ਈ ਵਲੈਤ ਹੈਣ। ਇਨ੍ਹਾਂ ਦੀ ਸਾਡੇ ਨਾਲ ਸਾਂਝ ਕੀ? ਇਹੀ ਕਾਰਨ ਓਦੋਂ ਦੇ ਤੇ ਹੁਣ ਦੇ ਵਰਤਾਵੇ ਦੇ ਭੇਦ ਦਾ ਹੈ। ਉਨ੍ਹਾਂ ਨੇ ਦੇਸ਼ ਅਪਨਾਯਾ ਸੀ, ਭਾਰਤ ਨੂੰ ਅਪਨਾ ਘਰ ਬਣਾਇਆ ਸੀ।

ਰਾਜ:—ਠੀਕ,—ਪਰ ਗੱਲਾਂ ਵਿਚ ਮੈਂ ਤੁਹਾਨੂੰ ਵਧਾਈ ਦੇਣੀ ਈ ਭੁਲ ਗਈ।

ਸਿੰਘ:—ਉਹ ਕਾਹਦੀ?

ਰਾਜ:—ਕਾਹਦੀ? ਮੰਡੇ ਨਿਊਜ਼ ਨੂੰ ਵੇਖੋ।

ਸਿੰਘ:—(ਹਸਕੇ) ਬੜਾ ਮਖੌਲ ਉਡਾਇਆ ਹੈ।

ਬਲਵੰਤ:—ਏਪ੍ਰਿਲਫ਼ੂਲ ਬਣਾਇਆ ਹੈ। ਕਿਉਂ ਵੀਰ ਜੀ, ਹੁਣ ਦਸੋ, ਠੀਕ ਮਖਿਆਰੀ ਤੀਵੀਂ ਦਾ ਡੰਗ ਲੱਗਾ ਕਿ ਨਹੀਂ!

ਰਾਜ:----ਮਖ਼ੌਲ ਕਿ ਸੱਚ ?

ਸਿੰਘ:---ਮਖ਼ੌਲ ! ਤੁਸਾਂ ਦੀ ਤੇ ਫੰਧੇ ਤੋਂ ਬਚਾਇਆ।

ਬਲਵੰਤ:--ਜੇ ਬਚੇ ਰਹੇ ਤਾਂ ਜਾਣੀਏ।

ਸਿੰਘ:---(ਮਿਸ ਦਰ ਵਲ ਤਕ ਕੇ) ਜੇ ਤੇਰੀ ਸਹੇਲੀ ਆਪਣਾ ਕਰ ਲਵੇ, ਤਾਂ ਖਤਰਾ ਦੂਰ।

ਰਾਜ:----(ਅੱਖਾਂ ਨੀਵੀਆਂ ਕਰਕੇ)ਵੇਖਿਆ ਜੇ, ਉਸ ਮਾੜੀ ਤੀਵੀਂ ਨੇ ਜਦ ਡਿੱਠਾ ਸੁ ਕਿ ਤੁਸੀਂ ਪੱਰ ਮਾਰ ਜਾਲੇ ਤੋਂ ਨਿਕਲਣ ਲੱਗੇ ਤਾਂ ਝਟ ਜਿਗਰੂ ਭਾਈ ਜੀ ਨੂੰ ਆ ਫਸਾਇਆ।

ਸਿੰਘ:----(ਹੈਰਾਨੀ ਨਾਲ) ਮਿਸ ਦਰ, ਇਹ ਜਿਗਰੂ ਭਾਈ, ਕੀ ਕਹਿਆ ?

ਰਾਜ:----ਠੀਕ, ਜੋ ਹੋਇਆ ਸੋਈ ਕਹਿਣਾ ਹੋਇਆ।

ਬਲਵੰਤ:--ਮੈਂ ਰਤੀ ਭੋਗ ਦੇ ਕੋਠੇ ਤੇ ਜਾ ਅਰਾਮ ਕਰਨੀ ਆਂ।

ਰਾਜ:----ਨਾਂ ਭੈਣ, ਕੱਠੇ ਚੰਗੇ ਆਂ, ਮੈਂ ਕੱਲੀ ਕੀ ਪਈ ਕਰਾਂਗੀ।

ਬਲਵੰਤ:—ਅਕੱਲ ਕਾਹਦਾ,ਵੀਰ ਜੀ ਤੇਰੇ ਕੋਲ। ਮੈਂ ਘੜੀ ਪਲ ਵਿਚ ਆਈ.(ਜਾਂਦੀ ਏ)

ਸਿੰਘ:—ਤੁਹਾਨੂੰ ਸ਼ੈਦ ਮੇਰੇ ਕੋਲ ਇਕੱਲਾ ਰਹਿਣ ਵਿਚ ਡਰ ਹੈ। ਮੈਂ ਵੀ ਮੁਆਫ਼ੀ ਮੰਗਦਾ ਹਾਂ।

ਰਾਜ:----ਨਹੀਂ,ਡਰ ਕਾਹਦਾ ? ਤੁਹਾਡਾ ਮੇਲ ਤੇ ਮਨ ਨੂੰ ਖੁਸ਼ ਕਰਦਾ ਹੈ।

ਸਿੰਘ. --ਮੈਂ ਕਿਹਾ ਸ਼ੈਦ ਜਿਗਰੂ ਭਾਈ ਜੀ ਕੋਲ ਜਾਣਾ ਏ। (ਰਾਜ ਮੁਸਕ੍ਰਾਂਦੀ ਏ)

ਸਿੰਘ:---ਕੀ ਬਾਕੀ ਸਭ ਗੱਲਾਂ ਝੂਠ ਈ ਸਨ ?

ਰਾਜ:----ਝੂਠੇ ਲਾਰੇ ਕਦ ਤਕ ਪੁਜਣ। ਸੱਚ,ਸੱਚ ਈ ਏ। ਜਿਥੇ ਖਿਆਲ ਨਾਂ ਮਿਲਨ, ਦਿਲ ਕਿਥੇਂ ਜੁੜਨ !

ਸਿੰਘ:----ਅਫ਼ਸੋਸ।

ਰਾਜ:----ਅਫ਼ਸੋਸ ਕਾਹਦਾ; ਖਵਰੇ ਚੰਗਾ ਈ ਹੋਇਆ

ਹੋਵੇ। ਈਸ਼੍ਵਰ ਦੀ ਇਹੀ ਮਰਜ਼ੀ, ਕਿ ਜਗ ਦੇ ਕਾਂਵੌਂ-ਰੌਲੇ ਤੋਂ ਬਚੀਏ।

ਸਿਖ:----(ਸੋਚਕੇ) ਤਦ ਤੇ ਤੁਹਾਡੇ ਦਿਲ ਵਿਚ ਪਿਆਰ ਦੀ ਕੋਠੜੀ ਖਾਲੀ ਹੋ ਗਈ। ਤੁਹਾਨੂੰ ਸਖਣੀ ਤੇ ਬੁਰੀ ਜਾਪਦੀ ਹੋਸੀ।

ਰਾਜ:----ਸ਼ੈਦ।

ਸਿਖ:----ਪਿਆਰੋਂ ਖਾਲੀ ਜ਼ਿੰਦਗੀ ਕੀ?

ਰਾਜ:----ਸੱਚ ਹੈ। ਜੇ ਜਗ ਵਿਚੋਂ ਪ੍ਰੀਤ ਉਡ ਜਾਏ ਤਾਂ ਸਾਰਾ ਸੰਸਾਰ ਢੁੱਟ ਜਾਏ।

ਸਿਖ ----ਭਿਆਨਕ ਸਮਾਂ ਆ ਜਾਏ। ਜੇਕਰ ਕਿਸੇ ਤਰ੍ਹਾਂ ਇਹ ਦਾਸ ਆਪ ਦੇ ਸਖਣੇ ਦਿਲ ਨੂੰ ਆਪਣੇ ਪਿਆਰ ਨਾਲ ਭਰ ਸਕੇ ਤਾਂ ਆਪਣੇ ਬੜੇ ਉਚੇ ਭਾਗ ਸਮਝੇ।

ਰਾਜ:----(ਤਕ ਕੇ ਮੁਸਕ੍ਰਾਕੇ ਅੱਖਾਂ ਨੀਵੀਆਂ ਪਾ ਚੁਪ)

ਸਿਖ:----ਕੀ ਗੁੱਸੇ ਹੋ ਗਏ?

ਰਾਜ:---ਨਹੀਂ, ਦਿਲ ਕੀ ਹੋਇਆ, ਸਰਾਂ ਹੋਈ। ਇਕ ਗਿਆ ਦੂਆ ਆਇਆ।

ਸਿਖ:----ਸਰਾਂ ਵੀ ਸਖਣੀ ਨਹੀਂ ਸੋਭਦੀ। ਪਰ ਇਹ ਤੇ ਹੋਇਆ ਦਿਲ। ਪਿਆਰ ਦੇ ਦੇਵਤਾ ਦੀ ਰਾਜ-ਗੱਦੀ। ਪਿਆਰੋਂ ਸਖਣਾ ਦਿਲ ਹਮੇਸ਼ ਦੁਖੀ ਕਰਦਾ ਹੈ।

ਰਾਜ:--(ਅੱਗੇ ਵਧਕੇ) ਔਹ ਵੇਖੋ ਕੀ?

ਸਿਖ--ਵੇਖਦਾ ਹੈ। ਸਕੁੰਤਲਾ ਤੇ ਪੰਡਤ ਕਿਰਲੂ ਝਾੜੀਆਂ ਦੇ ਉਹਲੇ ਬੈਠੇ ਕਲੋਲ ਕਰਦੇ ਨੇਂ। ਸਕੁੰਤਲਾ ਪਿਆਰ ਨਾਲ ਹਥ ਵਿਚ ਹਥ ਫੜੀ ਹਸਦੀ ਹੈ) ਠੀਕ ਕਿਰਲੂ ਨੇ ਤੇ ਆਪਣਾ ਡਾਕ ਬੰਗਲਾ ਇਕ ਘੜੀ ਲਈ ਵੀ ਖਾਲੀ ਨਾ ਰਹਿਣ ਦਿਤਾ।

ਰਾਜ ---- ਸ਼ੋਕ! ਧੋਖਾ! ਕੀ ਮਰਦਾਂ ਦਾ ਇਹੀ ਪਿਆਰ ਹੈ? ਇਹੀ ਵਿਹਾਰ?

ਸਿਖ:----ਨਹੀਂ! ਪੰਜੇ ਉਂਗਲਾਂ ਬਰਾਬਰ ਨਹੀਂ।

ਰਾਜ:----(ਜ਼ਿਹਦੀ ਨਜ਼ਰ ਕਿਰਲੂ ਵਲ ਹੀ ਤਾਰ ਬੱਧੀ ਸੀ। ਸਕੁੰਤਲਾ ਨਾਲ

ਸਫੀ ਪਾਂਦਿਆਂ ਵੇਖ)ਹਾਏ ਮੈਂ ਮਰ ਗਈ। ਧ੍ਰਿਗ ਇਸ ਮੇਰੇ ਜੀਵਣ ਨੂੰ। ਮਰ ਜਾਵਾਂ ਤਾਂ ਚੰਗਾ। ਜਗ ਦਾ ਕਾਕੋ-ਰੌਲਾ ਵੀ ਸੁਣਿਆ, ਪਰ ਇਸ ਝੂਠੇ......... (ਡੁਸਕਦੀ ਹੈ, ਸਿੰਘ ਸਹਾਰਾ ਦਿਦਾ ਹੈ)

ਸਿੰਘ----ਧੀਰਜ, ਸ਼ਾਂਤੀ। ਤੁਹਾਡਾ ਕੀ ਵਿਗੜਿਆ, ਜਦ ਤਕ ਵਿਆਹ ਨਹੀਂ ਹੋਇਆ ਸਭ ਆਜ਼ਾਦ ਹੈਨ।

ਰਾਜ:—(ਅਥਰੂ ਕੇਰਦੀ, ਸਿੰਘ ਪੂੰਝਦਾ ਹੈ)ਹੋਸੀ, ਪਰ ਮੈਂ ਤੇ.............. (ਡੁਸਕਦੀ)

ਸਿੰਘ:—(ਸਹਾਰਾ ਦੇਈ ਲੈ ਜਾਂਦਾ ਹੈ ਦੂਰ ਝਾੜੀਆਂ ਦੇ ਉਹਲੇ)
ਨੋਟ–ਬੂਟਿਆਂ ਦੇ ਪਰਦੇ ਦੇ ਪਿਛੇ ਨਾਲ,ਕਪੂਰ ਤੇ ਮਿਸਜ਼ ਮੈਹਰਾ ਵਖਾਈ ਦਿੰਦੇ ਨੇ]

ਕਪੂਰ:—(ਇਕ ਨਵੇਕਲੀ ਥਾਂ ਬੈਠੇ) ਪਿਆਰੀ, ਤੈਨੂੰ ਡਰ ਕਾਹਦਾ? ਭਲਾ ਪ੍ਰੋਫੈਸਰ ਤੋਂ ਕੀ ਡਰਨਾਂ।

ਮਿਸਜ਼ ਮੈਹਰਾ—ਅੰਤ ਪਤੀ ਹੈ।

ਕਪੂਰ—ਪਰ ਤੇਰੇ ਵਸ।

ਮਿ: ਮੈਹਰਾ:—(ਮੁਸਕ੍ਰਾਕੇ) ਕੀਕੂੰ?

ਕਪੂਰ:—ਮੱਕੜੀ ਦੇ ਜਾਲ ਵਿਚ ਮੱਖੀ।

ਮਿ: ਮੈਹਰਾ:—(ਮੂੰਹ ਬਣਾ)ਪਰ ਤੁਸੀਂ ਤੇ ਮੂਲ ਨਾ ਫਾਥੇ?

ਕਪੂਰ—ਤੈਨੂੰ ਕੀ ਪਤਾ?

ਮਿ: ਮੈਹਰਾ:—ਮੈਂ ਫਾਥੀ।

ਕਪੂਰ—(ਲੱਕ ਵਿਚ ਹੱਥ ਪਾ ਨੇੜੇ ਹੋ) ਠੀਕ, ਤੂੰ ਫਾਥੀ ਕਿ ਮੈਂ?

ਮਿ: ਮੈਹਰਾ—ਮੈਂ।

ਕਪੂਰ:—ਮੈਂ।

ਮਿ: ਮੈਹਰਾ:—ਹੋਵੇ ਸਹੀ। (ਕਪੂਰ ਜੱਫੀ ਪਾਂਦਾ ਹੈ, ਉਪਰੋਂ ਮਿਸਜ਼ ਕਪੂਰ ਤੇ ਪ੍ਰੋ: ਵੇਖਦੇ ਹੈਨ।

ਮਿਸਜ਼ ਮੈਹਰਾ—ਛੱਡੋ ਵੀ, ਸੜਕ ਤੇ ਕੋਈ ਵੇਖਦਾ ਨਾਂ ਹੋਵੇ।

ਕਪੂਰ:—ਫੇਰ ਤੇਰਾ ਡਰ ਨਹੀਂ ਜਾਂਦਾ, ਇਥੇ ਕਿਨੇ... ...।

ਮਿਸਜ਼ ਮੈਹਰਾ:—(ਤ੍ਰਿੱਚੀ ਡਰਾ ਤੱਕਦੀ ਹੈ। ਉਪਰ ਪ੍ਰੋਫੈਸਰ ਤੇ ਮਿਸਜ਼ ਕਪੂਰ ਨੂੰ ਵੇਖ,ਅਪਣਾ ਆਪ ਕਪੂਰ ਦੇ ਕਲਾਵੇ ਵਿਚੋਂ ਛੁਡਾ,ਰੜੀ ਉਠੀ)

ਤੁਸੀਂ ਕੁਝ ਤੇ ਹਯਾ ਕੀਤਾ ਕਰੋ । ਸਭ ਸ਼ਰਮ ਗਵਾ ਛੱਡੀ । ਪਰੇ ਹਟੋ, ਇਹ ਵੀ ਕੋਈ ਰਾਹ ਏ । ਵੇਖੋ........

ਕਪੂਰ:—ਤੇ ਕੀ ਕੁਰਾਹ ਏ।(ਮੂੰਹ ਫੇਰਕੇ ਤੱਕ,ਹੈਰਾਨ,ਹੱਥ ਜੋੜ)ਮਾਫ਼ ਕਰੋ। ਮੈਂ ਤੇ ਰਤੀ ਹੱਸਦਾ ਸਾਂ । ਇਹ ਕੋਈ ਬੁਰੇ ਦਿਲ ਨਾਲ ਛੇੜਨਾ ਥੋੜਾ ਸੀ। ਵਲੈਤ ਦੀ ਵਰਤੋਂ ਤੁਸੀਂ ਜਾਣਦੇ ਈ ਓ............।

[ਮਿਸਜ਼ ਕਪੂਰ ਤੇ ਪ੍ਰੋਫ਼ੈਸਰ ਨੇੜੇ ਆ ਜਾਂਦੇ ਨੇਂ।

ਮਿ: ਕਪੂਰ:—ਡਿਅਰ ਬੈਰੀ, ਹੁਣ ਕਿਉਂ ਜੱਫੀ ਛੱਡ ਦਿਤੀ? ਬੇਸ਼ਰਮ !

ਕਪੂਰ :—ਐਨੀ, ਪਿਆਰੀ, ਅਸਾਂ ਕੀਤਾ ਕੀ ? ਤੂੰ ਵੀ ਅਜੀਬ ਤ੍ਰੀਮਤ ਹੈਂ ?

ਮਿ: ਕਪੂਰ:—ਮੈਂ ਅਜੀਬ ਕਿ ਤੁਸੀਂ ਅਨੋਖੇ। ਤੁਸਾਂ ਵਿਦਿਆ ਦੀ ਜੜ੍ਹ ਗਾਲ ਦਿਤੀ । ਤਹਿਜ਼ੀਬ ਤੇ ਸਦਾਚਾਰ ਦੇ ਸਿਰ ਸਵਾਹ ਪਾ ਦਿੱਤੀ। ਲਾਨ੍ਹਤ ਹੈ ਅਜੇਹੇ......।

ਕਪੂਰ:—(ਗੁੱਸੇ ਨਾਲ) ਹੁਣ ਤੂੰ ਕੱਚੀ ਲੱਸੀ ਵਾਂਗੂ ਵਧਦੀ ਈ ਨਾਂ ਜਾ। ਸੋਚਕੇ ਮੂੰਹੋਂ ਗੱਲ ਕੱਢ। ਵੇਖਦੀ ਨਹੀਂ ਸਾਮ੍ਹਣੇ ਕੌਣ ਏ !

ਮਿ: ਮੈਹਰਾ:—(ਪ੍ਰੋ: ਵਲ,ਅੱਖਾਂ ਭਰਕੇ) ਇਥੇ ਤੇ ਹਾਸੇ ਦਾ ਬਨਾਸਾ ਹੋ ਗਿਆ। (ਮਿਸਜ਼ ਕਪੂਰ ਵਲ) ਮੈਂ ਤੇਰੀਆਂ ਗੱਲਾਂ ਦਿਲ ਤੇ ਪੱਥਰ ਰੱਖ ਸੁਣਦੀ ਰਹੀ ਹਾਂ। ਤੇਰੀ ਵਾਹ-ਤਵਾਹ ਬਕਵਾਸ ਜ਼ਰੂਰ ਰੌਲਾ ਪਵਾਵੇਗੀ। ਤੇ ਇਹ ਤੇਰੇ ਲਈ ਚੰਗਾ ਨਾਂ ਹੋਸੀ। ਤੂੰ ਤੇ ਐਵੇਂ ਸ਼ੱਕਾਂ ਦੀ ਮਾਰੀ ਫਿਰਨੀ ਏਂ। ਤੂੰ ਤੇ ਵਲੈਤ ਦੀ ਜੜ੍ਹ ਪੱਟ ਸੁੱਟੀ । ਉਥੋਂ ਦੀ ਤਹਿਜ਼ੀਬ ਤੇ "ਕਲਚਰ" ਦੇ ਸਿਰ ਪਾਣੀ ਫੇਰਿਆ। ਦਸ ਤੂੰ ਸਾਡਾ ਕੀ ਡਿੱਠਾ ? ਕੀ ਆਪਸ ਵਿਚ ਮਿਲ ਬੈਠਣਾ ਬੁਰਾ ਹੈ ? ਜਾ,ਜਾਕੇ ਵਲੈਤ ਵੇਖ ਕੀ ਹੁੰਦਾ ਹੈ। ਫੇਰ ਸਾਨੂੰ ਮੰਦਾ ਕਹੀਂ ।

ਪ੍ਰੋਫ਼ੈਸਰ:—(ਗੁਸਾ ਪੀਕੇ) ਸਾਵੀ,ਚੁੱਪ। ਇਹ ਚੰਗੀ ਗੱਲ ਨਹੀਂ ਸੀ।

ਵਲੈਤ ਰਹੀ, ਪੱਛਮ ਵਿਚ, ਅਸੀਂ ਹਾਂ ਭਾਰਤ ਵਿਚ।
ਹਯਾ ਕਰ।

ਮਿ: ਕਪੂਰ:–ਠੀਕ ਠੀਕ, ਨਾਲੇ ਚੋਰ ਨਾਲੇ ਚਤਰ। ਕਚਿਹਰੀ ਵਿਚ ਪਤਾ ਲਗਸੀ। (ਹਾਉਕਾ ਭਰਕੇ) ਹਾਇ ਮੈਂ ਧੋਖੇ ਵਿਚ ਮਾਰੀ ਗਈ। ਮੈਂ ਤੇ ਜਾਤਾ ਸੀ, ਭਾਰਤ ਦੀ ਤਹਿਜ਼ੀਬ ਉੱਚੀ ਹੈ ਅਤੇ ਉਥੋਂ ਦਾ ਗ੍ਰਹਿਸਤ ਆਸ਼ਰਮ ਉੱਚਾ ਹੈ। ਹਾਏ, ਧੋਖਾ ! ਧੋਖਾ !!

ਕਪੂਰ:—ਤੇ ਤੈਨੂੰ ਕਾਹਦਾ ਦੁਖ ਹੈ। ਕਿਸ ਗਲ ਦੀ ਥੋੜ ਹੈ?

ਮਿ: ਕਪੂਰ:–ਪਿਆਰ ਦੀ ! ਸੱਚੇ ਇਸਤ੍ਰੀ-ਬ੍ਰਤਿ ਦੀ।

ਕਪੂਰ:—ਵਾਹ ਵਾ,ਹੋਵੇਂ ਯੂਰਪੀਨ ਤੇ ਆਖੇਂ ਇਸਤ੍ਰੀ-ਬ੍ਰਤਿ, ਪਤੀ-ਬ੍ਰਤਿ ! ਹਾ, ਹਾ ! ਕਿਥੇ ਨੇਂ ਇਹ ਗੱਲਾਂ ਯੂਰਪ ਵਿਚ।

ਮਿ: ਕਪੂਰ:--ਤੁਸਾਂ ਯੂਰਪ ਵੇਖਿਆ ਈ ਨਹੀਂ। ਗੰਦੀਆਂ ਮੋਰੀਆਂ ਈ ਫਰੋਲਦੇ ਰਹੇ। ਹਾਏ ! ਮੈਂ ਤੇ ਧੋਖੇ ਵਿਚ ਲੁੱਟੀ ਗਈ। ਨਾਂ ਘਰ ਦੀ ਰਹੀ ਨਾਂ ਘਾਟ ਦੀ। ਕੀ ਸੱਚ ਮੁਚ ਭਾਰਤ ਦਾ ਇਹੀ ਆਚਰਨ ਹੈ? ਕੀ ਪੁਸਤਕਾਂ ਵਿਚ ਝੂਠ ਲਿਖਿਆ ਹੈ? ਕੀ ਭਾਰਤ ਦੇ ਸਵਾਮੀ ਤੇ ਮਹਾਤਮਾਂ ਯੂਰਪ ਅਮ੍ਰੀਕਾ ਵਿਚ ਜਾਕੇ ਝੂਠ ਬੋਲਦੇ ਹੈਨ! ਮੈਂ ਤੇ ਜਾਤਾ ਸੀ ਇਥੇ ਆਤਮਕ ਪਿਆਰ ਹੋਣਾ ਏ, ਪਰ ਏਥੇ ਵੀ ਸੁਸਾਇਟੀ ਵਿਚ ਉਹੀ ਖੇਹ ਉਡਦੀ ਹੈ ਜੋ ਉਥੇ ਬੁਰੀ ਸੁਸਾਇਟੀ ਵਿਚ। ਉਹੀ ਰੰਗ ਤੇ ਧੰਨ ਦੇ ਮੁਰੀਦ ਇਥੇ, ਜੋ ਉਥੇ।

(ਰੋਂਦੀ ਹੈ। ਮਿਸਟਰ ਸਿੰਘ ਦੌੜ ਕੇ ਔਂਦਾ ਹੈ। ਮਿਸਜ਼ ਕਪੂਰ ਨੂੰ ਸੰਭਾਲ)

ਸਿੰਘ:—ਹੌਸਲਾ ਫੜੋ। ਭਾਰਤ ਬੁਰਾ ਨਹੀਂ। ਸ਼ਾਂਤੀ ਫੜੋ। ਅਜੇਹੀਆਂ ਗੱਲਾਂ ਹੋ ਈ ਜਾਂਦੀਆਂ ਨੇਂ। (ਇਸ਼ਾਰੇ ਨਾਲ ਪ੍ਰੋਫੈਸਰ ਤੇ ਮਿਸਜ਼ ਮੈਹਰਾ ਨੂੰ ਪਰੇ ਘੱਲ ਦਿੰਦਾ ਹੈ। ਕਪੂਰਵਲ) ਭਰਾ ਜੀ,ਤੁਸੀਂ ਮੇਮ ਸਾਹਿਬਾ ਨੂੰ ਹੌਸਲਾ ਦਿਉ। ਇਹ ਉੱਚੇ ਦੇਸ ਦੀ ਦੇਵੀ ਜਾਪਦੀ ਹੈ।

ਕਪੂਰ —ਸੱਚ ਪੁੱਛੋ ਮੈਂ ਕੁਝ ਮੰਦਾ ਨਹੀਂ ਕੀਤਾ,ਇਹਨਾਂ ਦਾ ਜੀ ਸੁਖਾਲਾ ਸੀ। ਮਿਸਜ਼ ਮੈਹਰਾ ਜੀ ਆ ਗਈਆਂ। ਅਸੀਂ ਕਿਹਾ ਰਤੀ ਸੈਰ ਕਰ ਆਈਏ। ਇਥੇ ਆ ਮੋਟਰ ਵਿਗੜ ਗਈ,ਬੈਠ ਗਏ। ਹੱਸਣ ਖੇਡਨ ਨੂੰ ਇਹ ਉਲਟ ਸਮਝ ਬੈਠੇ ਨੇਂ।

ਸਿੰਘ.---- ਮਿਸਜ਼ ਕਪੂਰ ਵਲ ਤੱਕ)ਇਸ ਵਿਚ ਪਛਮੀ ਖਯਾਲ ਨਾਲ ਕੋਈ ਬੁਰਾ ਨਹੀਂ। ਪਰ ਤੁਹਾਨੂੰ ਵੀ ਸ਼ੱਕ ਨਹੀਂ ਕਰਨਾ ਚਾਹੀਦੇ।

ਮਿ: ਕਪੂਰ:-ਸ਼ੱਕ ! ਮੇਰੇ ਪਾਸ ਸਬੂਤ ਪੂਰਾ ਪੂਰਾ। ਮੈਂ ਤੇ ਉਸ ਕਮਜ਼ਾਤ ਦੀ, ਕਚਹਿਰੀ ਵਿਚ ਉਹ ਮਿੱਟੀ ਪਲੀਦ ਕਰਾਂਗੀ, ਜੋ ਜੱਗ ਸੁਣੇਂਗਾ। ਮੇਰਾ ਹੁਣ ਇਥੇ ਗੁਜ਼ਾਰਾ ਕਿੱਥੇਂ ? ਮੈਂ ਤੇ ਆਈ ਸਾਂ ਹਿੰਦੁਸਤਾਨ ਵਿਚ ਆਤਮਕ ਤੇ ਸੱਚੇ ਗ੍ਰਿਹਸਤ ਦਾ ਸੁਖ ਲੈਣ। ਯੂਰਪ ਦੇ ਬਨਾਉਟੀ ਪਿਆਰ ਤੇ ਫ਼ੈਸ਼ਨਾਂ ਦੀ ਸਤਾਈ ਤੇ ਤਾਈ। ਭਾਰਤ ਦੀ ਸ਼ਾਂਤਮਈ ਹਵਾ ਵਿਚ ਆਈ ਸਾਂ ਜੀ ਨੂੰ ਠੰਡ ਪਾਣ। ਪਰ........(ਡੁਸਕਦੀ ਹੈ......)

ਸਿੰਘ:—ਹੌਸਲਾ ! ਹੌਸਲਾ !! ਕਪੂਰ ਵਲ) ਭਰਾ ਜੀ, ਜੇ ਕੋਈ ਅਪ੍ਰਾਧ ਕੀਤਾ, ਜਾਂ ਨਾ ਕੀਤਾ, ਤਾਂ ਵੀ ਮੁਆਫ਼ੀ ਮੰਗ ਲਵੋ। ਵਲੈਤੋਂ ਇਸਤ੍ਰੀ ਲਿਆ ਉਸ ਦਾ ਮਨ ਨਹੀਂ ਠਾਹੁਣਾ ਚਾਹੀਏ।

ਕਪੂਰ:—ਮੈਂ ਮੁਆਫ਼ੀ ਮੰਗਣ ਨੂੰ ਤਿਆਰ ਹਾਂ। (ਮਿ: ਕਪੂਰ ਵਲ) ਜੇ ਭੁੱਲ ਹੋਈ, ਬਖ਼ਸ਼ੋ।

ਮਿ. ਕਪੂਰ -ਬਖ਼ਸ਼ਣ ਵਾਲਾ ਰੱਬ ਤੇ ਕਰਤਾਰ ਹੈ।ਮੇਰਾ ਗ੍ਰਿਹਸਤ ਤੇ ਹੋ ਚੁਕਾ। ਮੈਂ ਮਹਾਤਮਾਂ ਜੀ ਦੇ ਆਸ਼ਰਮ ਵਿਚ ਜਾ ਕੇ ਅਪਨਾ ਜੀਵਨ ਸ਼ੁਧ ਕਰਾਂਗੀ। ਤੇ ਭਾਰਤ ਦੀਆਂ ਇਸਤ੍ਰੀਆਂ ਨੂੰ,ਪੱਛਮੀ ਸੁੰਦਰ ਘਾਹ ਨਾਲ ਢਕੇ,ਟੋਭੇ ਤੋਂ ਬਚਾਵਾਂਗੀ।

ਸਿੰਘ:—ਇਹ ਉੱਤਮ ਖ਼ਿਆਲ ਹੈ। ਜਿਹੜਾ ਘਰ ਰਹਿਕੇ ਵੀ

ਚੰਗਾ ਨਿਭ ਸਕਦਾ ਹੈ। ਸਾਂਤੀ ਫੜੋ। (ਕਪੂਰ ਤੇ ਮਿਸਜ਼ ਕਪੂਰ ਦਾ ਹੱਥ ਵਿਚ ਹੱਥ ਫੜਾ)

ਹੁਣ ਤੁਸੀਂ ਘਰ ਨੂੰ ਵਾਪਸ ਜਾਵੋ। ਅੱਜ ਦੀ ਗੱਲ ਭੁੱਲ ਜਾਵੋ।

ਕਪੂਰ ---(ਮਿਸਜ਼ ਕਪੂਰ ਨੂੰ) ਆਵੋ, ਹੁਣ ਮੇਹਰਬਾਨੀ ਕਰਕੇ ਹੋਰ ਸੀਨ ਨਾ ਵਖਾਉ। (ਸਿੰਘ ਵਲ) ਥੈਂਕਯੂ—ਮਿਸਟਰ ਸਿੰਘ........।

ਮਿਸਜ਼ ਕਪੂਰ:--ਪਿਆਰੇ ਵੀਰ, ਸਿੰਘ ਜੀ,ਤੁਸਾਂ ਮੇਰਾ ਹੱਥ ਫੜਨਾ ਤੇ ਵਿਸ ਪ੍ਰਦੇਸ ਵਿਚ ਮੈਨੂੰ ਔਕੜਾਂ ਤੋਂ ਬਚਾਣਾ। ਗੁੱਡ ਬਾਈ।

[ਕਪੂਰ ਤੇ ਮਿਸਜ਼ ਕਪੂਰ ਜਾਂਦੇ ਨੇਂ।

ਮਿਸਟਰ ਸਿੰਘ:--(ਰਾਜ ਵਲ ਜਾਂਦਾ ਹੈ)।

ਰਾਜ:----(ਉਹਲਿਓਂ ਨਿਕਲ) ਇਥੇ ਤੇ ਇਕ ਹੋਰ ਨਵੀਂ ਝਾਕੀ ਹੋ ਗਈ। ਮੇਰਾ ਤਾਂ ਮਨ ਨਹੀਂ ਠਹਿਰਦਾ। ਲਾਨ੍ਹਤ ਏ ਐਸੇ ਪਿਆਰ ਨੂੰ।

ਸਿੰਘ:--(ਹਥ ਫੜਕੇ) ਹੌਸਲਾ,(ਛਾਤੀ ਤੇ ਹੱਥ ਲਾ)ਦਿਲ ਨੂੰ ਕੀ ਹੋਯਾ ?

ਰਾਜ:----ਕੀ ਜਾਂਣਾਂ। ਕੁਝ ਤੇ ਅੱਗੇ ਜਿਗਰੂ ਭਾਈ ਜੀ ਨੇ ਦਿਲ ਦੇ ਸ਼ੀਸ਼ੇ ਨੂੰ ਠੋਕਰ ਮਾਰੀ। ਬਾਕੀ ਗ੍ਰਹਿਸਤ ਦੇ ਸੁਖਾਂ ਦੀ ਆਸ ਤੇ ਐਸ ਸੀਨ ਨੇ ਪਾਣੀ ਫੇਰ ਦਿਤਾ। ਬਸ ਮੈਂ ਤੇ ਗ੍ਰਹਿਸਤ ਤੋਂ ਉਪ੍ਰਾਮ ਹਾਂ। ਮਰਦਾਂ ਦਾ ਕੀ ਏ, ਉਹ ਤੇ ਤ੍ਰੀਮਤਾਂ ਦੇ ਦਿਲਾਂ ਨੂੰ ਇਕ ਖਿਡੌਣਾ ਸਮਝਦੇ ਨੇਂ।

ਸਿੰਘ:--ਨਹੀਂ ਇਹ ਤੇ ਨਹੀਂ। ਕੋਈ ਹੋਸੀ। ਨਹੀਂ ਤੇ ਦਿਲ ਦਾ ਸੌਦਾ ਦਿਲ ਨਾਲ ਕਰਦੇ ਨੇਂ। ਪਰ ਤੀਵੀਆਂ ਦੇ ਮਨ ਦਾ ਕਿਸੇ ਥਹੁ ਨਹੀਂ ਪਾਇਆ। ਮੈਨੂੰ ਬੜਾ ਅਫ਼ਸੋਸ ਹੈ ਕਿ ਮੈਂ ਤੁਹਾਨੂੰ ਨਾਲ ਲਿਆਕੇ ਤੁਹਾਡੇ ਈ ਕੋਮਲ ਹਿਰਦੇ ਦੇ ਠੇਸ ਲਗਨ ਦਾ ਕਾਰਨ ਹੋਇਆ। ਤੁਸਾਂ ਤਾਂ ਇਕ ਮਰਦ ਨੂੰ ਵੇਖ, ਸਾਰੇ ਨਿੰਦੇ, ਸਾਰਾ

ਗ੍ਰਿਹਸਤ ਈ ਮੰਦਾ ਆਖਿਆ। ਤੁਹਾਡੀ ਤੇ ਉਹ ਗੱਲ ਹੋਈ, ਜੋ ਇਕ ਸ਼ਾਹਜ਼ਾਦੀ ਦੀ, ਕੁਕੜ ਕੁਕੜੀਆਂ ਨੂੰ ਵੇਖਕੇ ਹੋਈ ਸੀ।

ਰਾਜ:—(ਉਚੀ ਤਕਕੇ) ਉਹ ਕੀ ?

ਸਿਘ:—ਇਕ ਸੁੰਦਰ ਸ਼ਾਹਜ਼ਾਦੀ, ਅਕੱਲਿਆਂ ਹਹਿਣ ਕਰਕੇ ਮਰਦਾਂ ਦੇ ਹਾਲ ਤੋਂ ਵਾਕਫ਼ ਨਹੀਂ ਸੀ। ਉਸ ਨੇ ਕੁਕੜੀਆਂ ਪਾਲੀਆਂ ਹੋਈਆਂ ਸਨ, ਕੁਕੜੀਆਂ ਕੁਕੜਾਂ ਦੇ ਪਿਆਰ-ਰਹਿਤ ਸੰਬੰਧ ਨੂੰ ਵੇਖ,ਉਸ ਨੇ ਸਿੱਟਾ ਕਢਿਆ ਕਿ ਸਾਰੇ ਮਰਦ ਜ਼ਾਲਮ ਈ ਹੈਨ। ਬਸ, ਵਿਆਹ ਤੋਂ ਇਨਕਾਰ ਕਰ ਦਿਤਾ। ਪਿਤਾ ਹੈਰਾਨ। ਪਰ ਇਕ ਸਿਆਣੇ ਵਜ਼ੀਰ ਦੀ ਸਲਾਹ ਨਾਲ ਉਸ ਨੇ ਕਬੂਤਰਾਂ ਦੇ ਜੋੜੇ, ਮੋਰਾਂ ਦੇ ਜੋੜੇ,ਬਾਗ ਵਿਚ ਛੁਡਾ ਦਿਤੇ,ਤੇ ਸਭ ਕੁਕੜੀਆਂ ਕੁਕੜ ਦੂਰ ਕਰ ਦਿਤੇ। ਕੁਝ ਚਿਰ ਪਿਛੋਂ ਉਨ੍ਹਾਂ ਜੋੜਿਆਂ ਦਾ ਰਸ-ਦਾਇਕ ਪ੍ਰੇਮ ਵੇਖ, ਸ਼ਾਹਜ਼ਾਦੀ ਵਿਆਹ ਪੁਰ ਰਾਜ਼ੀ ਹੋ ਗਈ।

ਰਾਜ:—ਤੁਹਾਨੂੰ ਕਹਾਣੀਆਂ ਘੜਨੀਆਂ ਤੇ ਬੜੀਆਂ ਆਉਂਦੀਆਂ ਨੇਂ, ਕੀ ਹੁਣ ਕਬੂਤ੍ਰ ਤੇ ਮੋਰ ਬਣਕੇ ਪੈਲਾਂ ਪਾਣ ਲੱਗੇ ਓ ; ਕੁਕੜਾਂ ਦੀ ਝਾਕੀ ਗਈ।(ਮੁਸਕ੍ਰਾਂਦੀ ਏ)

ਸਿੰਘ:—ਪੈਲਾਂ ਤਾਂ ਸਫਲ,ਜੇ ਤੇਰੇ ਮਨ ਭਾਵਾਂ ! ਮੈਂ ਤੇ ਇਹ ਦਸਿਆ ਹੈ ਕਿ ਇਕ ਮਨੁਖ ਦੇ ਮੰਦੇ ਆਚਰਨ ਵੇਖਕੇ ਸਾਰਿਆਂ ਮਨੁੱਖਾਂ ਨੂੰ ਨਿੰਦਣਾ ਠੀਕ ਨਹੀਂ।

ਰਾਜ:—(ਸਕੁੰਤਲਾ ਨੂੰ ਆਪਣੇ ਵਲ ਆਉਂਦਾ ਵੇਖ)ਲਵੋ ਤੁਸੀਂ ਪੁਰਾਣੀ ਪ੍ਰੀਤ ਨਵੀਂ ਕਰੋ। ਮੈਂ ਰਤੀ ਜਿਹਾ ਭਾਈ ਹੋਰਾਂ ਦੀ ਖਬਰ ਲੈ ਆਵਾਂ।

[ਰਾਜ,ਪੰਡਤ ਕਿਚਲੂ ਵਲ ਜਾਂਦੀ ਹੈ

ਸਕੁੰਤਲਾ:—(ਨੇੜੇ ਆਕੇ) ਮਿਸਟਰ ਸਿੰਘ, ਇਹ ਕੀ ਰੋਲਾ ਸੀ ?

ਸਿੰਘ:—ਤੁਹਾਨੂੰ ਕੀ ਪਤਾ ਹੋਣਾ ਏ, ਪ੍ਰੇਮ-ਗਾਥਾ ਵਿਚ ਮਸਤ ਸਉ।

ਸਕੁੰਤਲਾ:--(ਹੱਸਕੇ)ਮਖ਼ੌਲ ਕਰਦੇ ਓ !

ਸਿੰਘ:----ਨਹੀਂ, ਸਚੁ ਆਖਦਾ ਆਂ । ਔਹ ਤੁਹਾਡੀ ਭੈਣ ਤੇ ਜੀਜਾ ਜੀ ਔਹ ਜਾਂਦੇ ਨੇਂ, ਰਤੀ ਜਾਕੇ ਪੁੱਛੋ।

ਸਕੁੰਤਲਾ.--ਦਸੋ ਤੇ ਸਹੀ ਰੌਲਾ ਕਾਹਦਾ ਸੀ ?

ਸਿੰਘ:----ਮਿਸਟਰ ਕਪੂਰ ਤੇ ਤੇਰੀ ਭੈਣ ਨਵੇਕਲੇ ਬੈਠੇ ਸਨ, ਉਤੋਂ ਆ ਗਏ ਮੇਮ ਤੇ ਪ੍ਰੋਫ਼ੈਸਰ।

ਸਕੁੰਤਲਾ:--ਫੇਰ ਕੀ ?

ਸਿੰਘ:----ਮੇਮ ਦੀ ਮੂਰਖਤਾ, ਐਵੇਂ ਭੁੜਕ ਉਠੀ।

ਸਕੁੰਤਲਾ:--ਮੂਰਖ ਮੇਮ, ਐਵੇਂ ਸ਼ਕ ਕਰਦੀ ਫਿਰਦੀ ਏ। ਅਜੇਹੀ ਨੂੰ ਮੂੰਹ ਨਹੀਂ ਲਾਉਣਾ ਚਾਹੀਦੇ।

ਸਿੰਘ:----ਅਜ ਤੇ ਵਿਚਾਰੀ ਬੜੀ ਰੁੰਨੀ।

ਸਕੁੰਤਲਾ --ਆਪਣੀ ਕਰਤੂਤ। ਭਲਾ ਮੇਰੀ ਭੈਣ ਜੀ ਦੀ ਕਪੂਰ ਨਾਲ ਕੋਈ ਇਹੋ ਜੇਹੀ ਗੱਲ ਏ ! ਇਸ ਚਿਟ-ਮੂੰਹੀ ਨੇ ਤੇ ਸਾਰੀ ਕਲੱਬ ਵਿਚ ਬਦਨਾਮ ਕਰ ਦਿਤਾ।

ਸਿੰਘ:----ਨਹੀਂ, ਉਸ ਦੇ ਮਨ ਨੂੰ ਬੜੀ ਸਟ ਵੱਜੀ ਜਾਪਦੀ ਏ। ਵੇਖੋ ਨਾਂ,ਕਿਸੇ ਵੇਲੇ ਲੋਕ ਬਾਜੀਆਂ ਗੱਲਾਂ ਤੇ ਐਵੇਂ ਈ ਸ਼ਕ ਕਰਨ ਲਗ ਪੈਂਦੇ ਨੇਂ, ਭਾਵੇਂ ਵਿਚ ਕੁਝ ਵੀ ਨਾ ਹੋਵੇ। ਗੱਲ ਇਹ ਕਿ ਨਵੀਂ ਰੌਸ਼ਨੀ ਦੇ ਚਮਕਾਰੇ ਨਾਲ ਚੁੰਨ੍ਹੇਂ ਹੋ ਜਾਂਦੇ ਨੇਂ ਤੇ ਕਿਸੇ ਵਸਤ ਨੂੰ ਅਸਲੀ ਰੰਗ ਵਿਚ ਨਹੀਂ ਵੇਖ ਸਕਦੇ। ਪਰ ਇਸ ਮਾਮਲੇ ਵਿਚ ਤਾਂ ਮੇਮ ਸਚ...........

ਸਕੁੰਤਲਾ:--(ਗੱਲ ਟੋਕਕੇ)ਭੁਲੀ ਹੈ। ਪੁਰਾਣੇ ਕੀ ਜਾਣਨ। ਖੁਲ੍ਹੇ ਮੂੰਹ ਮਰਦਾਂ ਤੇ ਤ੍ਰੀਮਤਾਂ ਦਾ ਮਿਲਨਾ, ਬੈਠ ਕੇ ਹਸਨਾ ਖੇਡਨਾਂ।

ਸਿੰਘ:---ਮਿਲਣਾ ਨਿਰਾ ਨਹੀਂ।ਐਵੇਂ ਪ੍ਰੇਮ-ਚੋਚਲ੍ਹੇ ਕਰਣੇ ਤੇ ਲੋਕਾਂ ਨੂੰ ਧੋਖੇ ਵਿਚ ਪਾਣਾ। ਵਲੈਤ ਵਾਲੇ ਤੇ ਇਸ "ਫਲੱਰ-ਟਸਨ" ਦੇ ਹੋਏ ਨਾ ਆਦੀ, ਪਰ ਅਸੀਂ ਹੋਏ ਭਾਰਤ ਵਾਸੀ, ਜਿਥੋਂ ਦਾ ਪਤੀ-ਬ੍ਰਤਿ ਤੇ ਇਸਤ੍ਰੀ ਬ੍ਰਤਿ ਮਸ਼ਾ-

ਹੁਰ ਹੈ। ਫੇਰ ਕਲਚਰ ਦਾ ਫ਼ਰਕ ਹੈ। ਆਦਰਸ਼ ਦਾ ਫ਼ਰਕ ਹੈ।

ਸਕੁੰਤਲਾ:--ਇਨ੍ਹਾਂ ਬੁਤਾਂ ਨੂੰ ਤੇ ਕੋਈ ਨਹੀਂ ਭੰਗ ਕਰਦਾ।

ਸਿੰਘ:----(ਮੁਸਕ੍ਰਾਕੇ) ਮੈਂ ਕਦ ਕਹਿਨਾਂ ਹਾਂ,ਕੋਈ ਕਰਦਾ ਹੈ ?

ਸਕੁੰਤਲਾ:--(ਮੁਸਕ੍ਰਾਕੇ) ਹਾਰ ਗਏ। ਰਾਜ ਦੇ ਜਾਲ ਵਿਚ ਫਸ ਗਏ।(ਚਲੀ ਜਾਂਦੀ ਏ)

ਸਿੰਘ:----(ਆਪਣੇ ਆਪ ਨਾਲ) ਰਾਜ ਦਾ ਮਨ ਤੇ ਹੁਣ ਬਦਲਿਆ ਲਗਦਾ ਏ, ਪੰਡਤ ਹੋਰਾਂ ਨੂੰ ਵੀਰ ਸਦਾਂਦੀ ਹੈ। ਖਵਰੇ ਬਲਵੰਤ ਨੇ ਇਸ ਦਾ ਮਨ ਪ੍ਰੇਰਿਆ। ਪਰ ਇਹ ਕੁੜੀ ਹੈ ਸੁਸ਼ੀਲ,ਗੁਣਾਂਦੀ ਗੁਥਲੀ।ਅਜੇਹੀਆਂ ਤ੍ਰੀਮਤਾਂ ਈ ਸੁਸਾ-ਇਟੀ ਨੂੰ ਉੱਚਾ ਕਰਣਗੀਆਂ।ਮੇਰਾ ਮਨ ਵੀ ਹੁਣ ਇਸ ਰਾਜ ਦੇ ਪਿੱਛੇ ਈ ਜਾਂਦਾ ਏ। ਵੇਖੋ ਖਾਂ, ਸੂਰਤ ਕਹੀ ਸੋਹਣੀ; ਮੁਸਕ੍ਰਾਹਟ,ਕਲੀਆਂ ਦੇ ਖੇੜੇ ਨੂੰ ਮਾਤ ਕਰਦੀ ਏ; ਸੱਚ ਮੁਚ ਸੁਰੱਸਤੀ। ਜਦ ਬੀਨ ਹਥ ਫੜੇ, ਤਦ ਜੇ ਅਪੱਛ੍ਰਾਂ ਤੇ ਗੰਧੱਰਬ ਇੰਦ੍ਰ ਪੁਰੀ ਵਿਚੋਂ ਆ ਵੇਖਣ, ਤਾਂ ਦੇਵੀ ਜਾਣ ਨਮਸਕਾਰ ਕਰਣ। ਪਰ ਕੀ ਸੱਚ ਮੁਚ ਉਸ ਦਾ ਮਨ ਕਿਚਲੂ ਤੋਂ ਉਪ੍ਰਾਮ ਹੈ। ਹੁਣ ਜੋ ਕੁਝ ਵੇਖਿਆ ਸੂ, ਉਸ ਦਾ ਅਸਰ ਕਦੀ ਨਾ ਭੁਲਸੀ। ਉਸ ਦੀਆਂ ਗੱਲਾਂ ਤੇ ਹੋਂਸਲਾ ਵਧਾਨ ਵਾਲੀਆਂ ਨੇਂ, ਪਰ..............

[ਆਉਂਦੀ ਏ ਬਲਵੰਤ

ਬਲਵੰਤ:--ਵੀਰ ਜੀ, ਕਿਦ੍ਹੇ ਨਾਲ ਗੱਲਾਂ ਕਰਦੇ ਓ।

ਸਿੰਘ:----(ਤ੍ਰਿਬਕਕੇ,ਤਕ,ਫੇਰ ਮੁਸਕ੍ਰਾਕੇ) ਤੇਰੇ ਨਾਲ।

ਬਲਵੰਤ:----ਮੈਂ ਤੇ ਹੁਣ ਆਈ।

ਸਿੰਘ:----ਹਲਾ ! ਮੈਂ ਜਾਤਾ ਕੋਲ ਈ ਸੈਂ।

ਬਲਵੰਤ:--ਕੀ ਕਿਸੇ ਕੁਝ ਧੂੜ ਦਿਤਾ ? ਸਕੁੰਤਲਾ ਦਾ ਪੋਖਾ ਪਿਆ !

ਸਿੰਘ:----ਨਹੀਂ, ਤੇਰੀ ਸਹੇਲੀ ਰਾਜ... ... ...

ਬਲਵੰਤ:-ਫੇਰ ਕੀ, ਕੁਝ ਕਹਿ ਗਈ ?

ਸਿੰਘ:----ਕੁਝ ਨਹੀਂ। ਪਰ ਹੁਣ ਕਿਚਲੂ ਤੋਂ ਉਦਾਸ ਕਿਉਂ ਹੈ ?

ਬਲਵੰਤ:-ਉਹਦੇ ਖਿਆਲਾਂ ਕਰਕੇ। ਕੀ, ਤੁਹਾਡਾ ਮਨ ਕੀ ਕਹਿੰਦਾ ਹੈ ?

ਸਿੰਘ:----ਜੋ ਤੇਰੇ ਮਨ ਵਿਚ।

ਬਲਵੰਤ:--ਜੇ ਇਹ ਗੱਲ ਸਿਰੇ ਚੜ੍ਹੇ ਤਦ ਤਾਂ ਮੇਰੀਆਂ ਅਰਦਾਸਾਂ ਸਿਰੇ ਪੁੱਜਣ। ਉਸ ਸਤਿਗੁਰੂ ਤੋਂ ਬਚੇ ਤਾਂ ਲਖ ਪਾਏ। ਆਓ ਹੁਣ ਤੁਸੀਂ ਵੀ ਕੋਈ ਹੋਰ ਸੈਰ ਕਰੋ। ਐਵੇਂ ਫੋਹਣਾਂ ਵਿਚ ਨਾ ਪਵੋ। ਸਭ ਕੰਮ ਵਾਹਿਗੁਰੂ ਰਾਸ ਕਰਸੀ।

ਸਿੰਘ:----ਚਲੋ। (ਦੋਵੇਂ ਇਕ ਪਾਸੇ ਟੁਰ ਜਾਂਦੇ ਹਨ। ਰਾਜ,ਕਿਚਲੂ ਦੇ ਸਿਰ ਤੇ ਜਾ ਖੜੀ ਹੁੰਦੀ ਹੈ। ਕਿਚਲੂ ਨੇ ਤਾਂ ਇਹ ਲੇਟਿਆ ਹੈ)

ਰਾਜ:----ਜਿਕਰ ਸਾਹਿਬ ਜੀ, ਕੀ ਗੱਲ ਹੈ। ਇਸਤਰ੍ਹਾਂ ਕਿਉਂ ਲੇਟੇ ਹੋ ?

ਕਿਚਲੂ.--(ਝੁੰਜਲਾ ਕੇ ਉਠਦਾ ਹੋਇਆ) ਆਹ ਰਾਜ ਪਿਆਰੀ। (ਝਟ ਉਠ ਕੇ) ਤੇਰੀ ਹੀ ਉਡੀਕ ਸੀ! ਤੇਰੀ ਹੀ ਉਡੀਕ ਨੇ ਮਨ ਸ਼ੋਕਾਤੁਰ ਕੀਤਾ ਸੀ। ਹੁਣ ਤੇਰੇ ਆਉਣ ਕਰਕੇ, ਚਿੰਤਾ ਗਈ।

ਰਾਜ:--ਠੀਕ, ਠੀਕ, ਮੈਨੂੰ ਵੀ ਉਡੀਕ ਸੀ, ਜਾਂ ਕਿਸੇ ਦੇ ਚਲੇ ਜਾਣ ਦੀ ਸੋਚ ਸੀ।

ਕਿਚਲੂ:–ਪਿਆਰੀ ਰਾਜ, ਤੂੰ ਵੀ ਸ਼ਕ ਕਰਨ ਲਗ ਪਈ ?

ਰਾਜ:--ਸ਼ਕ ਕਾਹਦਾ, ਦਿਲ ਦਾ ਸੌਦਾ ਹੈ। ਜਿਥੇ ਤੁਸੀਂ ਚਾਹੋ ਕਰੋ। ਮੈਂ ਤੇ ਪਹਿਲੇ ਹੀ ਕਹਿੰਦੀ ਸਾਂ ਤੁਹਾਡਾ ਸਾਡਾ ਜ਼ਾਹਿਰਦਾਰੀ ਪ੍ਰੇਮ ਨਹੀਂ ਬਣਦਾ। ਤੁਸੀਂ ਵੀ ਰਾਇ ਸਾਹਿਬ ਨੂੰ ਪਿਤਾ ਆਖੋ ਤੇ ਮੈਂ ਵੀ। ਤਾਂ ਤੇ ਭੈਣ ਭਰਾ ਬਣੇ। ਸਾਡਾ ਤੁਹਾਡਾ ਆਪਸ ਵਿਚ ਪ੍ਰੇਮ ਤੇ ਹੈ ਜ਼ਰੂਰ, ਪਰ ਭੈਣ ਭਰਾ ਵਾਲਾ।

ਕਿਚਲੂ:–ਹਾਇ ਰੱਬਾ, ਮੈਨੂੰ ਇਸ ਧੋਖੇ ਵਿਚ ਕਿਉਂ ਰਖਿਆ, ਇਕਰਾਰ ਕਿਉਂ ਕੀਤੇ। ਲਾਰੇ ਕਿਉਂ ਦਿਤੇ ?

ਰਾਜ:--ਖਵਰੇ,ਕਿਸ ਦੇ ਕਹਿਣ ਤ। ਮੇਰੀ ਅਲੜ੍ਹ,ਅੰਞਾਨ ਦਾ ਜੀ ਫਿਸਲ ਗਿਆ ।ਤੁਸੀਂ ਆਪੇ ਈ ਸੋਚੋ, ਸਾਡਾ ਵਿਆਹ ਸੋਹਣਾ ਲਗਦਾ ਹੈ?

ਕਿਚਲੂ:-ਡਰ ਕੀ, ਤੁਹਾਡਾ,ਨਾ ਦੁਧ ਦਾ ਸਾਕ ਨਾ ਲਹੂ ਦਾ। ਇਕ ਪਲੇ ਇਕੱਠੇ, ਤਾਂ ਕੀ ਹੋਇਆ। ਵੇਖੋ ਖਾਂ,ਵਰ੍ਹੇ ਦੇ ਦੋ ਵਰ੍ਹਿਆਂ ਦੀਆਂ ਕੁੜੀਆਂ ਦੇ ਵਿਆਹ ਹੁੰਦੇ ਨੇਂ। ਸੌਹਰਿਆਂ ਘਰ ਪਲਦੀਆਂ ਆਪਣੇ ਬਾਲ ਗਭਰੂਆਂ ਨਾਲ ਖੇਡਦੀਆਂ ਨੇਂ। ਐਕਰਾਂ ਕੀ ਸਾਕ ਟੁਟ ਜਾਂਦੇ ਨੇਂ?ਉਂਞ ਕਹੋ ਖਾਂ ਹੁਣ ਤੁਹਾਡਾ ਦਿਲ ਫਿਸਲ ਗਿਆ। ਕਿਧਰੇ ਹੋਰ ਥਾਂ ਫਸ ਗਿਆ।

ਰਾਜ:—ਮੇਰੇ ਪਿਆਰੇ ਜਿਗਰੂ ਭਾਈ,ਅਸਲ ਗੱਲ ਇਹ ਹੈ,ਹੁਣ ਤੇਰਾ ਪਿਆਰ ਹੈ ਸਕੁੰਤਲਾ ਨਾਲ.ਪਹਿਲੋਂ ਦਿਲ ਤੇਰਾ ਤਿਲ੍ਹਕਿਆ। ਅੱਜ ਮੈਂ ਸਭ ਕੁਝ ਅੱਖੀਂ ਡਿੱਠਾ। ਦੂਆ ਤੁਹਾਡੇ ਮੇਰੇ ਖਿਆਲਾਂ ਦਾ ਮੇਲ ਨਹੀਂ। ਜਦ ਖਿਆਲ ਨਾ ਮਿਲਨ, ਤਾਂ ਦਿਲ ਕਿਥੋਂ ਮਿਲਨ। ਤੁਸੀਂ ਮੈਨੂੰ ਪਿਆਰੀ ਭੈਣ ਜਾਣੋ। ਮੈਂ ਤੁਹਾਨੂੰ ਜਿਗਰੂ ਭਾਈ। ਤੁਹਾਨੂੰ ਸਕੁੰਤਲਾ ਮੁਬਾਰਕ ਹੋਵੇ। ਪਰ ਸ਼ੋਕ......

ਕਿਚਲੂ:-ਅਫ਼ਸੋਸ, ਤੂੰ ਤੇ ਬਲਵੰਤ ਨੇ ਪੜ੍ਹ ਲਿਖ ਕੇ ਗਵਾਇਆ। ਤੁਸੀਂ "ਫਲੱਰ ਟੇਸ਼ਨ",ਪਿਆਰ-ਚੋਚਲਿਆਂ ਤੇ ਅਸਲੀ ਪਿਆਰ ਵਿਚ ਭੇਦ ਨਹੀਂ ਜਾਣਦੀਆਂ,ਹਾਏ ਲੇਖ !

ਰਾਜ:--ਕੁਝ ਸਹੀ, ਪਰ ਮੈਂ ਤੇ ਆਪਣਾ ਇਰਾਦਾ ਪੱਕਾ ਕਰ ਚੁਕੀ ਹਾਂ, ਕਿ ਤੁਹਾਡਾ ਮੇਰਾ, ਭੈਣ ਭਰਾਵਾਂ ਵਾਲੇ ਸਾਕ ਤੋਂ ਛੁਟ ਹੋਰ ਕੋਈ ਸਾਕ ਨਹੀਂ ਹੋ ਸਕਦਾ।

ਕਿਚਲੂ-ਮੇਰੀ ਪਿਆਰੀ ਰਾਜ, ਆ ਐਡਾ ਕਹਿਰ ਨਾ ਕਮਾ, ਆਪਣੇ ਇਰਾਦੇ ਤੋਂ ਮੁੜ, ਮੇਰੇ ਆਸ ਮੁਰਾਦ ਦੇ ਸ਼ੀਸ਼ੇ ਨੂੰ ਵੱਟਾ ਮਾਰਕੇ ਨਾ ਤੋੜ।

ਰਾਜ:—ਪਿਆਰੇ ਜਿਗਰੂ ਵੀਰ, ਮੇਰਾ ਇਰਾਦਾ ਹੋ ਚੁਕਾ । ਤੂੰ ਮੈਨੂੰ ਓਸੇ ਤਰ੍ਹਾਂ ਪਿਆਰਾ ਹੈਂ, ਜੀਕਨ ਪਹਿਲੇ ਸੀ। ਆ

ਤੂੰ ਵੀ ਆਪਣੇ ਪਿਆਰ ਦੀ ਗੱਡੀ ਨੂੰ, ਕਾਂਟਾ ਫੇਰਕੇ ਦੂਸਰੀ ਪਟੜੀ ਤੇ ਪਾ। ਤੇ ਭੈਣ-ਵੀਰ ਦਾ ਪਿਆਰ ਜਗਾ। ਮੈਂ ਤੇਰੀ ਭੈਣ, ਤੂੰ ਵੀਰ। ਸੱਚਾ ਪਿਆਰ।

ਕਿਚਲੂ:-(ਸੋਚ ਵਿਚ ਸਿਰ ਨੀਵਾਂ ਪਾ) ਕੀ ਤੈਨੂੰ ਸਿੰਘ ਦੀ ਦੌਲਤ ਨੇ ਭਰਮਾਇਆ ਵੇਖ ਧੰਨ ਦੇ ਦਿਨਾਂ ਦਾ ਚਮਤਕਾਰਾ ਹੈ।

ਰਾਜ:--ਮੈਂ ਜਾਣਨੀ ਹਾਂ। ਜਿਥੇ ਸੱਚਾ ਪ੍ਰੇਮ ਹੋ ਜਾਏ ਦਿਲ ਮਿਲ ਜਾਣ, ਤਾਂ ਇਕ ਫ਼ਕੀਰ ਦੀ ਭਿਖਾਰਨ ਬਣਕੇ ਰਹਿਣਾ ਵੀ ਚੰਗਾ ਹੈ, ਤੇ ਜਿਥੇ ਜੀ ਨੂੰ ਜੀ ਦੀ ਪਛਾਣ ਨਾ ਹੋਵੇ ਉਥੇ ਇਕ ਮਹਾਰਾਜੇ ਦੀ ਰਾਣੀ ਹੋਕੇ ਰਹਿਣਾ ਮੰਦਾ। ਵੀਰ ਜੀ, ਮਨ ਨੂੰ ਹੌਂਸਲਾ ਦੇਵੋ। ਮੈਂ ਜਾਂਨੀ ਹਾਂ। ਸਕੁੰਤਲਾ ਨੂੰ ਘਲ ਦਵਾਂ?

ਕਿਚਲੂ:-ਨਹੀਂ ! ਨਹੀਂ !! [ਰਾਜ ਜਾਂਦੀ ਏ ਓਧਰ ਨੂੰ ਜਿਧਰ ਸਿੰਘ ਤੇ ਬਲਵੰਤ ਕੌਰ ਗਏ ਸਨ]

ਕਿਚਲੂ:-ਕੀ ਮੈਂ ਸੁਪਨਾ ਵੇਖਦਾ ਸਾਂ। ਰਾਜ ਵੀ ਹਥੋਂ ਗਵਾਈ। ਪਰ ਸਕੁੰਤਲਾ ਤੇ ਹਥ ਆਈ, ਅਫ਼ਸੋਸ ਕਾਹਦਾ। ਰਾਜ ਤੇ ਸਿੰਘ ਦੀ ਦੌਲਤ ਤੇ ਮੋਹਤ ਹੋਈ, ਪਰ ਡਰ ਵੀ ਕੀ ਏਥੇਂਗੀ ਥਾਵੇਂ ਲਗੀ। ਪਰ ਇਹ ਖਬਰ ਨਹੀਂ ਕਿ ਇਹ ਸਾਰੇ ਸਾਹਨੀਆਂ ਦੇ ਕਿਉਂ ਵਿਰੁਧ ਨੇਂ। ਕੀ ਉਹ ਸਚ ਮੁੱਚ ਮਖਿਆਰੀਆਂ ਤ੍ਰੀਮਤਾਂ ਜਾਂ ਮਕੜੀਆਂ ਨੇਂ। ਮੈਨੂੰ ਤੇ ਸਭ ਕੁਝ ਸਾਫ਼ ਭਾਸਦਾ ਹੈ। ਵਲੈਤੋਂ ਹੋ ਆਈਆਂ। ਓਥੋਂ ਦੀ "ਕਲਚਰ" ਦੀਆਂ ਵਾਕਫ਼ ਨੇਂ। ਐਵੇਂ ਲੋਕੀ ਸ਼ਕ ਕਰਨ ਤਾਂ ਕਰਨ। ਪਰ ਹੈਨ ਮੈਂਹ-ਗੀਆਂ, ਵੇਖ੍ਹਾਂ ਪ੍ਰੋ: ਮੈਹਰਾ ਤੇਗ ਆ ਗਿਆ। ਇਹ ਗੱਲ ਸੋਚਣ ਵਾਲੀ ਏ। ਮੇਰੀ ਆਮਦਨ ਤੇ ਐਨੀ ਨਹੀਂ ਨਾਂ, ਤੇ ਚਾਚੇ ਜੀ ਦੀ ਜਾਇਦਾਦ ਨਾਲ ਸਾਨੂੰ ਕੀ ਅਤੇ ਖਵਰੇ ਕਰਜ਼ੇ ਵਿਚੋਂ ਬਚੇ ਕਿ ਨਾਂ। ਰਾਜ ਜੁ ਐਨਾ ਪਿਆਰ ਕਰਦੀ ਸੀ। ਟ ਛਡ ਕੇ ਟੁਰ ਗਈ। ਕਾਰਨ ਦਾ ਪਤਾ ਨਹੀਂ, ਉਹ ਕਿਉਂ ਦਿਲੋਂ ਸਕੁੰਤਲਾ

ਦ ਐਨਾਂ ਬਰਖ਼ਿਲਾਫ਼ ਏ। ਜੇ ਸੱਚ ਮੁੱਚ ਉਹ ਮਰੀ ਦਰਦਣ ਏ, ਤੇ ਮੇਰੇ ਨਾਲ ਵਿਆਹ ਸਿਰਫ਼ ਲੋਕਾਂ ਦੇ ਮੇਹਣਿਆਂ ਤੋਂ ਡਰਦੀ ਨਹੀਂ ਕਰਨਾ ਚਾਹੁੰਦੀ ਤਾਂ ਆਪਣੀ ਸਹੇਲੀ ਮਿਸ ਸਿੰਘ ਨਾਲ ਮੇਰਾ ਸਾਕ ਕਰਾ ਦੇਵੇ। ਵੇਖਾਂ ਉਹ ਰਾਜ ਨੂੰ ਆਪਣੇ ਵੀਰ ਲਈ ਖਿਚਕੇ ਲੈ ਗਈ ਕਿ ਨਹੀਂ। ਸਭ ਕੁਝ ਇਹ ਮਿਸ ਸਿੰਘ ਦਾ ਕਾਰਾ ਹੈ। ਉਹੀ ਇਸ ਨਵੇਂ ਖਿਆਲ ਦੀ ਲੀਡਰ ਹੈ। ਪਰ ਹੈ ਇਹ ਅਨੋਖਾ ਈ ਖਿਆਲ ਕਿ ਪੜ੍ਹੇ ਵੀ, ਕਲੱਬ ਵੀ ਜਾਵੇ, ਸਭ ਕੁਝ ਕਰੇ, ਫੇਰ ਵਲੈਤ ਦੀਆਂ ਰੀਸਾਂ ਨਾ ਕਰੇ. ਇਹ ਕੀਕਨ ਹੋ ਸਕਦਾ ਹੈ? ਕਲੱਬ ਰੀਸ, ਉੱਚੀ ਪੜ੍ਹਾਈ ਰੀਸ, ਪੁਰਾਣੇ ਫ਼ੈਸ਼ਨ ਛਡਨੇ ਰੀਸ, ਖੁਲ੍ਹੇ ਮੂੰਹ ਫਿਰਨਾ ਜੇ ਰੀਸ ਨਹੀਂ, ਤੇ ਹੋਰ ਕੀ ਏ। ਪਰ ਜਿਥੇ ਵਿਆਹ ਸ਼ਾਦੀ ਦੀ ਗੱਲ, ਉਥੇ ਪੁਰਾਤਨ ਰੀਤ। ਮੂਰਖ ਕੁੜੀਆਂ ਨੇ। ਵਿਆਹ ਵਿਚ ਆਜ਼ਾਦੀ, ਤਾਂ ਪੜ੍ਹਾਈ ਦੀ ਪਹਿਲੀ ਪੌੜੀ ਹੈ। ਪਰਦਾ ਛਡਣਾਂ ਕਲੱਬ ਦੀ ਪਹਿਲੀ ਜਮਾਤ। ਜੇ ਅਜਿਹੀਆਂ ਪੜ੍ਹੀਆਂ ਲਿਖੀਆਂ, ਕਲੱਬਾਂ ਵਿਚ ਆਈਆਂ, ਤਾਂ ਸਭ ਸਵਾਦ ਗਿਆ। ਵਡੇ ਵੇਖ ਕਲੱਬਾਂ ਬਣਸਣ। ਹੁਣ ਤੇ ਜੇ ਕਿਸੇ ਨਾਲ ਰਤੀ ਹੱਸ ਖੇਲੇ, ਤਾਂ ਰਾਤੀਂ ਘਰ ਜੁੱਤੀ-ਪੋਲੇ। (ਝਿਬਕ ਕੇ) ਹੈਂ, ਸ਼ਕੁੰਤਲਾ ਅਜੇ ਤਕ ਨਹੀਂ ਆਈ।

[ਮੋਟਰ ਦੀ ਆਵਾਜ਼, ਸੜਕ ਵਲ ਤਕਦਾ ਹੈ ਤਾਂ ਪ੍ਰੋ. ਮੇਹਰਾ, ਮਿ: ਮੈਂ: ਤੇ ਸ਼ਕੁੰਤਲਾ ਜਾਂਦੀਆਂ ਨੇਂ। ਸ਼ਕੁੰਤਲਾ ਦੂਰੋਂ ਰੁਮਾਲ ਨਾਲ "ਬਾਈ ਬਾਈ" ਕਰਦੀ ਏ]

ਵੇਖੋ, ਜਿਸ ਦਾ ਮੈਂ ਦਮ ਭਰਦਾ ਸਾਂ, ਉਹ ਐਹ ਗਈ। ਹਾਏ ਲੇਖ, (ਹੌਸਲਾ ਫੜ) ਪਰ ਅਜੇ ਤੇ ਵਿਚਾਰੀਆਂ ਭੈਣਾਂ ਮੋਹ ਵਿਚ ਨੇਂ। ਮਿਸਜ਼ ਕਪੂਰ ਨੇ ਬੁਰੀ ਕੀਤੀ, ਸਭ ਫ਼ੈਸ਼ਨ ਭੁਲਾ ਦਿਤੇ, ਤੇ ਹੁਣ ਉਹ ਮੁਕੱਦਮੇ ਦਾ ਡਰਾਵਾ ਦਿੰਦੀ ਹੈ। ਚਲੋ, ਸਿੰਘ ਹੋਰਾਂ ਵਲ ਈ ਚਲੀਏ, ਪਰ ਉਹ ਨਾ ਹੋਵੇ ਕਿ ਰਾਜ ਤੇ ਹਥੋਂ

ਗਵਾਈ, ਸਚੁੰਤਗ੍ਹਾ ਵੀ ਆਕਾਸ਼ੇ ਉਡ ਜਾਏ।

(ਉਠ ਕੇ ਟੁਰਦਾ ਹੈ। ਸਾਹਮਣਿਉਂ ਸਿੰਘ, ਬਲਵੰਤ ਤੇ ਰਾਜ ਆਉਂਦੀਆਂ ਨੇਂ)

ਸਿੰਘ:---ਹੌਲੇ, ਪੰਡਤ ਸਾਹਿਬ, ਤੁਸੀਂ ਵੀ ਚੁਪ ਕੀਤੇ ਆ ਨਿਕਲੇ, ਇਕ ਰੁੱਠੇ ਕੀ ਪੂਜਾ ਕਰਦੇ ਸਉ?

ਕਿਚਲੂ:---ਜੀ ਹਾਂ, ਪੂਜਾ ਕਿਸਦੀ?

ਸਿੰਘ:--(ਮੁਸਕ੍ਰਾਕੇ) ਮਿਸ ਸਾਹਨੀ ਦੀ!

ਕਿਚਲੂ:--ਅਖ਼ਬਾਰਾਂ ਵਿਚ ਨਾਂ ਤੁਹਾਡਾ। ਕੁੜਮਾਈ ਤੁਹਾਡੀ ਹੋਣ ਵਾਲੀ, ਤੇ ਸਿਰ ਸਾਡੇ ਥੱਪੀ ਜਾਵੇ। ਵਧਾਈ ਤੇ ਤੁਹਾਨੂੰ ਹੈ।

ਰਾਜ:---(ਮੁਸਕ੍ਰਾਕੇ) ਹੁਣ ਜਿਹਗੁ ਭਾਈ ਜੀ ਨੂੰ।

ਬਲਵੰਤ:--ਦੋਵੇਂ ਫਬਦੇ ਵੀ ਠੀਕ ਨੇਂ। ਇਕੋ ਫ਼ੈਸ਼ਨ ਦੇ ਪਿਆਰੇ, ਪੱਛਮੀ ਬਾਜ਼ਾਰ ਦੇ ਵਣਜਾਰੇ।

ਕਿਚਲੂ:--ਇਹ ਚੰਗਾ ਨਾਟਕ ਹੋਣ ਲਗਾ ਏ। ਭਾਵੇਂ ਸਾਰੇ ਸਲਾਹ ਕਰਕੇ ਮੇਰਾ ਮਖ਼ੌਲ ਉਡਾਨ ਆਏ ਓ।

ਸਿੰਘ:----ਯਾਰਾ, ਚੰਨ ਚੜ੍ਹੇ ਵੀ ਕਦੀ ਲੁੱਕੇ ਰਹਿੰਦੇ ਨੇਂ।

ਕਿਚਲੂ:--ਬੱਦਲ ਹੋਣ ਤਾਂ।

ਬਲਵੰਤ:-- ਜੇ ਝਾੜੀਆਂ ਦਾ ਉਹਲਾ ਹੋਵੇ, ਤਾਂ।

ਕਿਚਲੂ:--ਤੁਸੀਂ ਈ ਤੇ ਸਭ ਦੇ ਲੀਡਰ ਹੋ।
ਹੋਰ ਗੱਲਾਂ ਤੇ ਛੱਡੋ। ਹੁਣ ਜਲਸੇ ਦੀ ਸੁਣਾਉ।

ਸਿੰਘ:--ਹੁਣ ਤੁਸੀਂ ਸੰਡੇਨਿਊਜ਼ ਵਿਚ ਮੇਰੇ ਨਾਂ ਦੀ ਥਾਂ ਅਪਨਾ ਨਾਮ ਕਰ ਦਿਉ। ਲੁਕਾਂਦੇ ਕਿਉਂ ਹੋ। ਸਭ ਕੁਝ ਅੱਖੀਂ ਡਿੱਠਾ। ਮੈਂ ਵੀ, ਤੇ ਮਿਸ ਢਰ ਨੇ ਵੀ। ਹੁਣ ਮੁਕਰਨਾ ਕਾਹਦਾ!

ਕਿਚਲੂ:--ਬਸ ਜੀਵਨ ਤੁਹਾਡਾ ਨਾਚ ਸੀ, ਉਸੇ ਤਰ੍ਹਾਂ ਇਹ ਮੇਲ।

ਬਲਵੰਤ:--(ਗਿੱਧਾ ਮਾਰਕੇ) ਕੀ ਸਚੁ ਆਖਦੇ ਓ, ਬਸ?

ਕਿਚਲੂ:--ਧਰਮ ਨਾਲ ਸੱਚੁ ਤੇ ਬਸ! ਤੁਹਾਨੂੰ ਯਾਦ ਨਹੀਂ, ਮੈਂ ਪਹਿਲੇ ਦਿਨ ਵੀ ਚੋ ਕਹਿਆ ਸੀ।

ਸਿੰਘ:—ਠੀਕ, ਮੈਨੂੰ ਯਾਦ ਹੈ। ਪਰ ਫੇਰ ਤੁਹਾਡੇ ਖਿਆਲ ਵਿਚ ਬੜੀ ਤਬਦੀਲੀ ਆ ਗਈ। ਜਿਸ ਨੂੰ ਨਿੰਦਦੇ ਸਉ,ਮਨ ਭਾ ਗਈ।

ਕਿਚਲੂ:—(ਮੁਸਕ੍ਰਾ ਕੇ)ਗੱਲ ਤੇ ਹੈਸੀ ਸੱਚ, ਪਰ ਕਾਰਨ ਏ, ਰਾਜ। ਪਹਿਲੋਂ ਇਸ ਨੇ ਪਰੇ ਹਟਨਾਂ ਸ਼ੁਰੂ ਕੀਤਾ, ਫੇਰ ਮੇਰਾ ਉਧਰ ਝੁਕਾਉ ਹੋਗਿਆ। ਹੁਣ ਤੇ ਮੁੜ ਵਾਪਸ ਪੁਰਾਣੀ ਲੀਕ ਤੇ ਮਨ ਆ ਗਿਆ।

ਰਾਜ-ਮਿਸ ਦਰ:—ਤਾਂ ਤੁਹਾਨੂੰ ਵਧਾਈ।

ਸਿੰਘ:—ਐਨੀ ਛੇਤੀ। ਹੋਇਆ ਕੀ ?

ਬਲਵੰਤ:—ਬਾਜੀਗਰ ਦਾ ਤਮਾਸ਼ਾ।ਏਹ ਮਨ ਦਾ ਖੂਬ ਨਾਟਕ ਹੈ।

ਕਿਚਲੂ:—ਬਸ ਤੇਰੇ ਈ ਸਭ ਕੌਤਕ ਨੇ। ਉਧਰ ਵੀਰ ਬਚਾਯਾ, ਮੈਨੂੰ ਫਸਾਯਾ।

ਬਲਵੰਤ:—ਲੌ ਹੋਰ ਸੁਣੋ। ਕਰੋ ਆਪ ਬੁਰਾ, ਬਨਾਉ ਹੋਰਨਾਂ ਨੂੰ। ਇਹ ਤੇ ਠੀਕ ਨਹੀਂ। ਬਚਾਯਾ ਤੇ ਰਾਜ ਨੇ ਹੋਣਾ ਏ। ਪਰ ਸਾਨੂੰ ਤੇ ਤੁਹਾਡੇ ਝਟ ਫਸਨੇ, ਝਟ ਨਿਕਲਨੇ, ਇਸ ਲੁਕਨ-ਮੀਟੀ ਦਾ ਪਤਾ ਨਹੀਂ ਲਗਦਾ। ਜਿਹੜਾ ਦਿਲ ਤਿਲਕਣੀ ਵਸਤ ਵੇਖ ਤਿਲਕ ਜਾਂਦਾ ਹੈ; ਉਸ ਦਾ ਕੀ ਭਰਵਾਸਾ ?

ਕਿਚਲੂ:—ਇਹ ਸਾਰਾ ਕਸੂਰ ਈ ਦਿਲ ਦਾ ਏ। ਕਿਸੇ ਪੱਕੀ ਥਾਵੇਂ ਜਕੜਿਆ ਜਾਏ ਤਾਂ ਫੇਰ ਹਿਲ ਨਾਂ ਨਾ ਸਕੇ।

ਸਿੰਘ:—ਜਕੜਿਆ ਤੇ ਹੋਇਆ ਸੀ।

ਕਿਚਲੂ:—ਪਰ ਗੰਢ ਢਿਲਕ ਗਈ। ਕੱਚੀ ਬੱਧੀ ਸੀ। ਧੋਖਾ ਹੋਇਆ। ਹੁਣ ਕੰਨ ਨੂੰ ਹੱਥ ਲਾਇਆ।

ਸਿੰਘ:—ਤੁਸੀਂ ਆਪਣੇ ਮਨ ਨੂੰ ਪੁੱਛੋ, ਜਾਂ ਪੁੱਛੋ ਇਸ ਰਾਜ ਨੂੰ, ਜਿਸ ਨੇ ਧੋਖਾ ਕੀਤਾ।

ਰਾਜ:—ਹੈਂ, ਹੁਣ ਮੇਰੇ ਵਲ ਆਏ। ਮੈਂ ਕੀ ਧੋਖਾ ਕੀਤਾ? ਬੇਸ਼ਕ ਕਸੂਰ ਏਨਾ ਹੈ ਕਿ ਮੈਨੂੰ ਪਹਿਲੋਂ ਈ ਨਾਂਹ ਕਰ ਦੇਣੀ ਚਾਹੀਦੀ ਸੀ। ਮੈਂ ਸਾਂ ਅੰਞਾਣ, ਕਤਾਬਾਂ ਈ ਪੜ੍ਹੀਆਂ,

ਵਰਤੋਂ ਦੀ ਤੇ ਜਾਚ ਨਹੀਂ ਸੀ। ਭੁਲੇਖਾ ਲੱਗਾ। ਪਰ ਤੁਸੀਂ ਆਪ ਸਿਆਣੇ ਓ, ਗੱਲ ਮਾੜੀ ਤੇ ਨਹੀਂ ਨਾਂ ਕੀਤੀ, ਸਾਕ ਫਬਦਾ ਵੀ ਨਹੀਂ ਸੀ।

ਬਲਵੰਤ:–ਠੀਕ।

ਕਿਚਲੂ:–ਖ੍ਵਾਜੇ ਦਾ ਗਵਾਹ ਡੱਡੂ। ਆਪੇ ਭੁੰਦਲਾਣ ਵਾਲੀ, ਆਪੇ ਹੀ ਹਾਂ ਕਰਾਨ ਵਾਲੀ।

ਰਾਜ:––ਤੁਸੀਂ ਆਪੇ ਈ ਨਿਆਂ ਕਰੋ।

ਕਿਚਲੂ:–ਮੇਰੇ ਦਿਲ ਨੂੰ ਪੁੱਛੋ ਨਾਂ।

ਰਾਜ:—ਪੁੱਛੇ ਸਕੁੰਤਲਾ।

ਕਿਚਲੂ:—ਇਹੀ ਤੇ ਤੁਹਾਨੂੰ ਭੁਲੇਖਾ ਲਗਾ। ਬਸ ਉਹ ਸਿੰਘ ਨੂੰ ਛੱਡ ਮੇਰੇ ਦੁਆਲੇ ਆ ਹੋਈ। ਦੱਸੋ, ਮੈਂ ਕੀ ਕਰਦਾ?

ਰਾਜ:—ਜੱਫੀਆਂ ਪਾ ਪਿਆਰ ਤੇ ਕਰਾਰ।

ਕਿਚਲੂ:–ਪਿਆਰੀ ਰਾਜ, ਤੇਰੇ ਜੀ ਦਾ ਭਰਮ ਕੀਕਣ ਕਢਾਂ?

ਰਾਜ:—ਵੀਰ ਜੀ ਭਰਮ ਨਹੀਂ, ਇਹ ਗੱਲ ਛੱਡੋ, ਸੱਚ ਜਾਣੋਂ ਮੈਨੂੰ ਤੁਹਾਡਾ ਪਿਆਰ ਹੈ। ਭੈਣ ਨੂੰ ਵੀਰ ਦੀ ਪ੍ਰੀਤ ਹੈ।

ਕਿਚਲੂ:–(ਸਿੰਘ ਵਲ) ਯਾਰ, ਮੈਨੂੰ ਖੁਸ਼ੀ ਤੇ ਇਹ ਹੈ ਕਿ ਮੇਰਾ ਘਾਟਾ ਤੇਰੇ ਨਫ਼ੇ ਦਾ ਕਾਰਨ ਹੋਇਆ।

ਸਿੰਘ:----(ਰਾਜ ਵਲ ਤੱਕ) ਸਭ ਇਸ ਦੇਵੀ ਦੇ ਹੱਥ।

ਕਿਚਲੂ:–(ਸਿੰਘ ਦੇ ਮੋਢੇ ਤੇ ਥਾਪੀ ਮਾਰ) ਯਾਰ, ਮੈਂ ਸੱਚੇ ਦਿਲ ਨਾਲ ਕਹਿਨਾਂ ਹਾਂ। ਮੇਰੀ ਵਲੋਂ ਆਗਿਆ, ਤੇ ਮੈਨੂੰ ਖੁਸ਼ੀ ਹੈ। ਚੁਟਕੀ ਦਾ ਮੋਤੀ ਠਿਕਾਣੇ ਲੱਗਾ।

ਬਲਵੰਤ:--(ਕਿਚਲੂ ਵਲ) ਸੱਚ ਮੁਚ ਤੁਸੀਂ ਸੱਚੇ ਵੀਰ ਹੋ। ਜੇ ਤੁਹਾਡੇ ਖ਼ਿਆਲਾਤ ਵੀ ਮੇਰੇ ਵੀਰ ਜੀ ਵਾਂਗੂੰ ਪਲਟਾ ਖਾ ਜਾਣ ਤਾਂ ਦੇਸ ਦੇ ਭਾਗ ਵੱਡੇ।

ਕਿਚਲੂ:--ਬਲਵੰਤ ਜੀ, ਮੈਂ ਸੰਗਕੇ ਆਪ ਦਾ ਨਾਮ ਆਖਿਆ, ਖ਼ਿਆਲਾਂ ਦੇ ਪਲਟਾਣ ਦਾ ਆਪ ਈ ਕਾਰਨ ਬਨੋਂ। ਤੁਸੀਂ ਈ ਸਾਡੀ ਸੋਸਾਇਟੀ ਵਿਚ "ਉੱਚ ਇਸਤ੍ਰੀ" ਹੋ। ਤੁਹਾਡੇ ਜਿਹੀਆਂ ਇਸਤ੍ਰੀਆਂ ਨੇ ਈ ਦੇਸ ਤਾਰਨਾ

ਹੈ।

ਬਲਵੰਤ:-ਪੰਡਤ ਜੀ, ਮੈਂ ਕਿਸ ਜੋਗੀ, ਤੁਹਾਨੂੰ ਟਪਲਾ ਲਗਦਾ ਹੈ। ਮੈਂ ਤੇ ਆਪ ਉੱਚ ਇਸਤ੍ਰੀ ਦੀ ਭਾਲ ਵਿਚ ਆਂ, ਜੇ ਮਿਲੇ ਤਾਂ ਧੰਨ ਭਾਗ।

ਕਿਚਲੂ:--ਵਾਹ! ਜੇ ਮਿਲੇ ਤਾਂ ਮਰਦਾਂ ਦੇ ਧੰਨ ਭਾਗ। ਮੁਸ਼ਕਲ ਤੇ ਇਹੀ ਹੈ ਪੱਛਮੀ "ਕਲਚਰ" ਦਾ ਹੜ੍ਹ ਆਇਆ। ਆਉਣਾ ਈ ਸੀ। ਪੱਛਮੀ ਹਕੂਮਤ, ਪੱਛਮੀ ਵਿਦਿਆ, ਪੱਛਮੀ ਥੀਏਟਰ, ਪੱਛਮੀ ਸਿਨਮਾਂ।ਇਹਨਾਂ ਸਾਰੀਆਂ ਗੱਲਾਂ ਦਾ ਅਸਰ ਤੇ ਹੋਣਾ ਈ ਸੀ। ਭਾਰਤ ਦੀ ਧਰਤੀ ਵਿਚ ਇਕ ਤਰਥੱਲੀ ਪੈਣੀ ਈ ਸੀ,ਪਰ ਇਸ ਹੜ੍ਹ ਦੇ ਪਾਣੀਆਂ ਨੂੰ ਕੀਕਣ ਸੰਭਾਲੀਏ! ਏਸ ਨਾਲ ਆਪਣੀ ਧਰਤੀ ਸਿੰਜੀ ਕਰ ਫਸਲਾਂ ਕੀਕਨਪਕਾਈਏ, ਇਹ ਵਿਉਂਤ ਜੋ ਕੱਢੇ, ਉਹੀ ਉੱਚ ਮਾਨੁਖ ਹੈ। ਮੈਨੂੰ ਤੇ ਤੁਸੀਂ ਈ ਦਿਸਦੇ ਹੋ।

ਬਲਵੰਤ:--(ਸ਼ਰਮਾ ਕੇ) ਐਵੇਂ ਵਡਿਆਈ ਦੇ ਪੁੱਲ ਨਾਂ ਬੰਨ੍ਹੋਂ,ਅਸਲ ਗਲ ਤੇ ਇਹ ਹੈ ਕਿ ਪੱਛਮੀ "ਕਲਚਰ" ਦਾ ਬੇਸ਼ਕ ਹੜ੍ਹ ਆਵੇ, ਪਰ ਜੇ ਸਾਡੇ ਲੰਗਰ ਪੱਕੇ ਹੋਣ ਤਾਂ ਸਾਡੀ ਹਿੰਦੀ ਕਲਚਰ ਦੀ ਬੇੜੀ ਨੂੰ ਔਖਾ ਨਹੀਂ। ਵੇਖੋ ਨਾਂ ਹੁਣ ਵਿਆਹ ਦੇ ਆਸਰਮ ਵਿਚ, ਪੱਛਮੀ ਤੇ ਹਿੰਦੀ ਖ਼ਿਆਲਾਤ ਵਿਚ ਮੁੱਢਲਾ ਭੇਦ ਹੈ। ਇਥੇ ਗ੍ਰਹਿਸਤ ਆਸ਼ਰਮ ਦੀ ਨੀਂਹ ਹੈ ਕਾਮ ਤੇ। ਨਹੀਂ ਜੀ ਆਤਮਾਂ ਤੇ। ਤੇ ਪੱਛਮ ਵਿਚ ਸਰੀਰ ਤੇ। ਇਥੇ ਵਹੁਟੀ-ਗਭਰੂ ਦਾ ਸਾਕ ਆਤਮਕ ਸਾਕ ਹੈ, ਜਿਹੜਾ ਮਰਨ ਨਾਲ ਵੀ ਨਹੀਂ ਟੁਟਦਾ। ਓਧਰ ਤੇ ਜੋਬਨ ਤੇ ਖਿਆਲਾਂ ਦਾ ਸਾਕ ਹੈ ਜੇਹੜੇ ਬਦਲਦੇ ਰਹਿੰਦੇ ਨੇ। ਏਥੇ ਓਹੀ ਭਰਤਾ ਇਸਤ੍ਰੀ ਜਾਣੋ, ਸੱਚਾ ਸਾਕ ਪਛਾਣੋ ਜਿਨ੍ਹਾਂ ਦੀਆਂ ਆਤਮਾਵਾਂ ਇਕ ਮਿਲੌਣੀ ਵਿਚ ਮਿਲ ਗਈਆਂ। ਸਤਾਰ ਦੀਆਂ ਤਾਰਾਂ ਵਾਂਗ ਇਕ ਸੁਰ ਹੋ,ਇਕ ਪ੍ਰੇਮ ਦਾ

ਰਾਗ ਕਢਣ ਲਗ ਪਈਆਂ। ਜਦ ਦੋਵੇਂ ਮਿਲਕੇ ਇੱਕ ਹੋਏ ਤਾਂ ਅੱਡ ਰ ਹੈਸੀਅਤ, ਗ੍ਰਿਹਸਤ ਆਸ਼ਰਮ ਲਈ ਨਾ ਰਹੀ। ਘਰ ਸੁਰਗ ਹੋ ਗਿਆ।

ਕਿਚਲੂ:-ਗਲ ਤੇ ਤੁਸਾਂ ਕਹੀ ਉੱਚੀ, ਪਰ ਵਿਆਹ ਵਿੱਚ ਪ੍ਰਤੱਖ ਵੇਖਨੇਂ ਹਾਂ, ਕਈ ਘਾਟੇ ਰਹਿ ਜਾਂਦੇ ਨੇਂ। ਕੁਝ ਚਿਰ ਪਿੱਛੋਂ ਤੀਵੀਂ ਮਰਦ ਦੀ ਅਨਜੋੜ ਹੋ ਜਾਂਦੀ ਏ, ਤੇ ਦੋਵੇਂ ਕਲੇਸ਼ਾਂ ਵਿਚ। ਤੇ ਘਰ ਨਰਕ ਦਾ ਨਮੂਨਾ ਬਣ ਜਾਂਦਾ ਹੈ।

ਬਲਵੰਤ:-ਠੀਕ ਕਦ ? ਜਦ ਧਰਮ ਤੋਂ ਡਿੱਗੇ।

ਕਿਚਲੂ:-ਹੋਰ ਕਈ ਕਾਰਨ ਵੀ ਹੈਨ। ਜਦ ਤਕ ਇਸਤ੍ਰੀ ਮਰਦ ਦੀਆਂ ਜਿਸਮਾਨੀ, ਦਿਮਾਗੀ ਤੇ ਧਾਰਮਕ ਅਵਸਥਾਂ ਇਕੋ ਜਹੀਆਂ ਨਾ ਹੋਣ, ਤਾਂ ਸੁਖ ਨਹੀਂ।

ਬਲਵੰਤ -ਇਹ ਤੇ ਜ਼ਰੂਰੀ ਹੈ। ਅਰ ਤਦੇ ਤੇ ਵਿਆਹ ਝੱਟ ਪੱਟ ਨਹੀਂ ਕਰਨਾ ਚਾਹੀਦਾ। ਅੱਜ ਰਾਜ ਦੀ ਸੋਹਣੀ ਸੂਰਤ ਵੇਖੀ ਤੇ..............।

ਰਾਜ:---ਹੁਣ ਏਧਰ ਮੇਹਰ ਹੋਣ ਲੱਗੀਏ।

ਬਲਵੰਤ:-ਤਾਂ ਬੱਸ ਜੀ ਉਥੇ ਈ ਦੇ ਦਿਤਾ! ਜੇ ਸਕੁੰਤਲਾ ਦਾ ਚਮਕਦਾ ਫ਼ੈਸ਼ਨ ਡਿੱਠਾ, ਉਥੇ ਈ ਜਾ ਡਿੱਗੇ। ਜੇ ਮੇਰੇ ਵਿਚ ਕੁਝ ਬਾਹਰਲੇ ਗੁਣ ਡਿੱਠੇ (ਮੁਸਕ੍ਰਾਕੇ) ਤਾਂ ਹੁਣ ਉਥੇ ਟਿਪਸ ਲਾਣ ਲੱਗੇ।

ਸਿੰਘ:---ਕਿਚਲੂ ਜੀ, ਸੰਭਲੋ।

ਰਾਜ---ਵੀਰ ਜੀ, ਮੇਰੀ ਭੈਣ ਜੀ ਜੋ ਕਹਿੰਦੇ ਹੈਨ, ਸੱਚ ਹੈ।

ਕਿਚਲੂ:--ਹੈ ਤੇ ਠੀਕ। ਪਰ ਸਾਰੀਆਂ ਇਹ ਗੱਲਾਂ ਵੀ, ਜੀਕਨ ਫ਼ੈਸ਼ਨ ਰੰਗ ਬਦਲਦਾ ਹੈ, ਏਸੇ ਤਰ੍ਹਾਂ ਉਹ ਵੀ ਸਮੇਂ ਅਨੁਸਾਰ ਬਦਲਦੀਆਂ ਹੈਨ। ਅੱਜ ਕੱਲ ਵਲ ਵੇਖ, ਲੋਕਾਂ ਦੀ ਸੋਚ ਕਿਸ ਟੀਸੀ ਤੇ ਪੁੱਜੀ ਹੈ। ਪੁਰਾਤਨ ਧਰਮ ਤੇ ਹੁਣ ਕਿਸ ਦਾ ਜੀ ਟਿਕਦਾ ਹੈ? ਧਰਮ ਵਿਚ ਅਨੇਕਾਂ ਭੇਦ ਨੇਂ। ਹਰ ਮਨੁੱਖ ਦੀ ਆਤਮਾ ਵੱਖ। ਉਸਦੇ ਸ਼ਾਂਤ ਕਰਨ ਦਾ ਉਪਾ ਵੱਖ। ਇਸ ਕਰਕੇ, ਜਿਸ ਸਾਕ ਦਾ

ਸਬੰਧ ਨਿਰਾ ਧਰਮ ਤੇ ਹੈ, ਉਹ ਵੀ ਸਦਾ ਥਿਰ ਕਿਥੋਂ ? ਧਰਮ ਕੇਹੜਾ ? ਸਨਾਤਨੀ, ਆਰੀਆ, ਸਿਖੀ, ਜੈਨੀ ਕਿ ਬੋਧੀ ? ਫੇਰ ਏਨ੍ਹਾਂ ਵਿਚ ਅਨੇਕਾਂ ਫਿਰਕੇ ਤੇ ਭੇਦ।

ਬਲਵੰਤ:--ਜੀਕਨ ਰੱਬ ਇਕ, ਉਸੇ ਤਰ੍ਹਾਂ ਉਸ ਦਾ ਗਿਆਨ ਇਕ। ਧਰਮ ਤੋਂ ਮੇਰੀ ਮੁਰਾਦ ਵਖੋ ਵਖਰੇ ਇਸ਼ਟਾਂ ਦੀ ਨਹੀਂ। ਮੇਰਾ ਮਤਲਬ ਹੈ ਕਿ ਬਾਹਰਲੇ ਨਾਸ਼-ਮਾਨ ਰੂਪ, ਅਰ ਵਿਸ਼ੇ ਤੋਂ ਰੈਹਤ ਹੋ ਸਾਕ ਹੋਵੇ।

ਕਿਚਲੂ:-ਇਹ ਤੇ ਸੋਲਾਂ ਆਨੇ ਸੱਚ ਹੈ। ਹੁਣ ਤੇ ਸਾਨੂੰ ਨਾਂ ਨਿਰੇ ਪੱਛਮੀ ਤਰੀਕੇ ਈ ਫਬਦੇ ਨੇਂ, ਤੇ ਨਾਂ ਪੁਰਾਣੇ।

ਬਲਵੰਤ:-ਪਰ ਪੁਰਾਣੇ ਅਸੂਲ ਅਟੱਲ ਨੇਂ, ਹੋਰ ਰਸਮਾਂ ਰੀਤਾਂ ਬੇਸ਼ੱਕ ਬਦਲੋ।

ਰਾਜ:--ਭੈਣ ਜੀ, ਵੇਖੋ ਵੇਲਾ ਕੀ ਏ। ਹੁਣ ਇਨ੍ਹਾਂ ਨੂੰ ਕੀ ਸਮਝਾਣ ਲੱਗੇ ਓ।

ਬਲਵੰਤ:-ਮੈਂ ਪੰਡਤ ਜੀ ਕੋਲੋਂ ਮੁਆਫ਼ੀ ਮੰਗਦੀ ਹਾਂ। ਤੁਹਾਡੇ ਜਿਹੇ ਵਿਦਵਾਨਾਂ ਨੂੰ ਮੇਰੇ ਜਿਹੀ ਮੂਰਖ ਨੇ ਕੀ ਗਿਆਨ ਦੇਣਾ ਹੈ।

ਕਿਚਲੂ:-ਤੁਸਾਂ ਈ ਤੇ ਸਿੱਧੇ ਰਾਹ ਪਾਣਾ ਹੈ। ਆਪਣੇ ਮਨ ਦੇ ਅਸੂਲਾਂ ਨੂੰ ਵਰਤੋਂ ਵਿਚ ਲਿਆ ਜਗਤ ਨੂੰ ਵਿਖਾਣਾ ਹੈ ਕਿ ਪੂਰਬ ਤੇ ਪੱਛਮ ਆਪਸ ਵਿਚ ਮਿਲ ਕੇ ਕੀਕਨ ਘੀਉ-ਖਿਚੜੀ ਹੁੰਦੇ ਨੇਂ। ਤੇ ਕਿਪਲਿੰਗ ਨੂੰ ਝੁਠਾਣਾ ਹੈ।

ਰਾਜ:--ਗੱਲ ਤੇ ਠੀਕ ਏ। ਤੁਸੀਂ ਪੱਛਮੀ ਕਲਚਰ ਦੇ ਹਾਮੀ ਤੇ ਸਾਡੀ ਭੈਣ ਪੂਰਬੀ "ਕਲਚਰ" ਦੀ ਦੇਵੀ।

ਬਲਵੰਤ:-ਰਾਜ, ਤੂੰ ਵੀ ਹੁਣ ਬਦਲਾ ਕੱਢਣ ਲਗੀ ਏਂ।

ਸਿੰਘ:---ਚਲੋ ਚਲੀਏ।

ਬਲਵੰਤ:-ਪਰ ਹੁਣ ਵੀਰ ਜੀ ਤੁਸੀਂ ਆਪਣੇ ਮਨ ਦੀ ਸਲਾਹ ਆਤਮਾ ਨਾਲ ਕਰ ਲੋ। ਤੇ ਰਾਜ ਭੈਣ, ਤੂੰ ਵੀ, ਵੇਖਣਾ, ਬਾਹਰਲੀਆਂ ਗੱਲਾਂ ਤੇ ਨਾਂ ਤਿਲਕਣਾ।

ਸਿੰਘ:—ਵਾਹਿਗੁਰੂ ਨੂੰ ਹਾਜ਼ਰ ਜਾਣ ਕੇ ਮੈਂ ਤੇ ਪਰਪੱਕ ਹੋ ਚੁਕਾ

ਰਾਜ:----(ਅੱਖਾਂ ਨੀਵੀਆਂ ਪਾ ਬਲਵੰਤ ਨੂੰ) ਤੇ ਇਥੇ ਕੱਦ ਕੱਚ ਏ!

ਬਲਵੰਤ:-ਤੁਸਾਂ ਹੁਣ ਪਿਤਾ ਜੀ ਦੀ ਆਗਿਆ ਲੈ ਲੈਣੀ।

ਕਿਚਲੂ:--ਪਿਤਾ ਜੀ ਕਦੀ ਨਾਂਹ ਨਹੀਂ ਕਰਨਗੇ, ਮੇਰੀ ਵਲੋਂ ਦੋਹਾਂ ਨੂੰ ਵਧਾਈ।

ਬਲਵੰਤ:-ਮੈਂ ਆਪਣੇ ਵੀਰ ਤੇ ਭਰਜਾਈ ਤੋਂ ਘੋਲ ਘੱਤੀ। (ਰਾਜ ਨੂੰ ਜੱਫੀ ਪਾਂਦੀ ਏ)

ਕਿਚਲੂ:--ਆਉ ਬਲਵੰਤ ਜੀ, ਜੇ ਡਰ ਨਾਂ ਹੋਵੇ ਤਾਂ ਤੁਸੀਂ ਮੇਰੀ ਮੋਟਰ ਵਿਚ ਚਲੋ।

ਬਲਵੰਤ:-ਡਰ ਕਾਹਦਾ, ਸਗੋਂ ਚਾਹੀਏ ਈ ਇਹ। ਸਚੁ ਜਾਣੋ ਜਦ ਮੇਰੇ ਪਿਤਾ ਤੇ ਮਾਤਾ ਜੀ ਸੁਣਨਗੇ, ਬੜੇ ਖ਼ੁਸ਼ ਹੋਣਗੇ। ਉਹ ਹਮੇਸ਼ਾਂ ਰਾਜ ਨੂੰ ਸਲਾਂਹਦੇ ਸਨ।

ਕਿਚਲੂ:--ਠੀਕ ਏ, ਤੇ ਸਾਡੇ ਘਰ ਸਾਰੇ ਤੇਰਾ ਈ ਗਣ ਗਾਉਂਦੇ ਨੇਂ।

ਰਾਜ:-ਭੈਣ ਜੀ ਨਮਸਤੇ, ਨਾ ਜੀ ਸਤਿ ਸ੍ਰੀ ਅਕਾਲ।

(ਸਿੰਘ ਵੀ ਸਿਰ ਨਿਵਾਂਦਾ ਹੈ। ਦੋਵੇਂ ਅੱਗੇ ਟੁਰਦੇ ਨੇਂ, ਪਿੱਛੇ ਮੁੜ ਤੱਕਦੇ ਨੇਂ। ਪਿੱਛੇ ੨ ਕਿਚਲੂ ਤੇ ਬਲਵੰਤ ਹੌਲੀ ੨ ਟੁਰਦੇ ਹਨ।)

ਬਲਵੰਤ:--ਵੇਖੋ ਨਾ, ਗ੍ਰਹਿਸਤ ਦਾ ਸੁੱਚਾ ਮੂਲ-ਮੰਤ੍ਰ ਇਹ ਹੈ:-

ਧਨ ਪਿਰ ਇਹ ਨਾ ਆਖੀਅਨ ਬਹਿਨਿ ਇਕੱਠੇ ਹੋਇ।
ਏਕ ਜੋਤਿ ਦੋਇ ਮੂਰਤੀ ਧਨ ਪਿਰ ਕਹੀਐ ਸੋਇ॥

(ਟੁਰਦੇ ੨ ਉਹਲੇ ਹੋ ਜਾਂਦੇ ਨੇਂ।)

ਪਰਦਾ

ਅੰਤਮ ਬੇਨਤੀ !

ਇਸ ਨਾਟਕ ਵਿਚ ਪੱਛਮੀ ਤੇ ਪੂਰਬੀ ਕਲਚਰ ਦਾ ਟਾਕਰਾ ਹੈ। ਅਸਲ ਮਤਲਬ ਇਸ ਦੇ ਲਿਖਣ ਦਾ ਇਹ ਹੈ, ਕਿ ਪੱਛਮੀ ਫ਼ੈਸ਼ਨ ਦੀ ਰੋ ਨੂੰ, ਜਿਹੜੀ ਸਾਡੀ ਤਹਿਜ਼ੀਬ ਦੇ ਪੈਲੀ ਬੰਨੇਂ ਨੂੰ ਰੋੜ੍ਹੀ ਜਾਂਦੀ ਹੈ, ਰੋਕਿਆ ਜਾਏ। ਸਾਡਾ ਆਸ਼ਾ ਸਾਡੇ ਦੇਸ ਦੀਆਂ ਪੜ੍ਹੀਆਂ ਲਿਖੀਆਂ, ਆਜ਼ਾਦੀ ਦੀਆਂ ਚਾਹਵਾਨ ਇਸਤ੍ਰੀਆਂ ਤੇ ਨੌਜੁਆਨਾਂ ਦੇ ਦਿਲਾਂ ਦੀਆਂ ਉਭਰਦੀਆਂ ਉਮੰਗਾਂ ਤੇ ਮਨ ਤ੍ਰੰਗਾਂ ਨੂੰ ਰੋਕਣ ਦਾ ਨਹੀਂ। ਐਪਰ ਇਹ ਜ਼ਰੂਰ ਹੈ ਕਿ ਉਹ ਨਿਰੀਆਂ ਪਛਮੀ ਵਹਿਣਾਂ ਵਿਚ ਈ ਨਾ ਵਹਿ ਜਾਣ। ਉਨ੍ਹਾਂ ਦੀਆਂ ਮਨ-ਲਹਿਰਾਂ ਭਾਰਤ ਦੀ ਉਚੀ ਤੇ ਧਾਰਮਕ ਸਭਯਤਾ ਦੀਆਂ ਨਦੀਆਂ ਵਿਚ ਵਗਕੇ ਮੌਜਾਂ ਦਸਨ। ਸਾਦਗੀ, ਘਟ ਖਰਚ ਤੇ ਵਿਦਯਾ ਦੀ ਲੋੜ ਹੈ। ਜਿੰਨਾਂ ਅਸੀ ਸੰਗੁਚ ਨਾਲ ਵਰਤਾਂਗੇ, ਤੇ ਜੋ ਬਚੇ ਉਹ ਨੀਂਵੇਂ ਹੋਏ ਭਰਾਵਾਂ ਦੇ ਉੱਚਾ ਕਰਨ ਤੇ ਲਾਵਾਂਗੇ, ਉੱਨਾਂ ਈ ਅਸੀਂ ਭਾਰਤ ਮਾਤਾ ਦੀ ਸਚੀ ਸੇਵਾ ਕਰਾਂਗੇ।

ਨਾ ਕੋ ਬੈਰੀ ਨਾਹਿ ਬੇਗਾਨਾ, ਸਗਲ ਸੰਗ ਹਮਰੀ ਬਨਿ ਆਈ ॥

ਸਤਿ ਸ੍ਰੀ ਅਕਾਲ ॥

ਮੁਲਤਾਨ}

ਦਾਸ–ਕਰਤਾ